ਸਤੰਬਰ 2024

# ਗੁਰਮਤਿ ਵਿਰਸਾ

# GURMAT VIRSA गुरमति विरसा

Year-6, Issue-2, September 2024, Ludhiana gurmatvirsa@gmail.com Multilingual Price 25/-



# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਰਤਨਗੜ੍ਹ ਸਿੰਧੜਾ ਦੇ ਪਿੰਡ ਤੂਰਬਨਜਾਰਾ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਰਤਨਗੜ੍ਹ ਸਿੰਧੜਾ ਦੇ ਪਿੰਡ ਮੁਨਸ਼ੀਵਾਲਾ ਵਿਖੇ ਗੁਰਮਤਿ ਕਲਾਸ ਲਗਾਉਣ ਵਾਲੇ ਬੱਚੇ



ਕੇਂਦਰ ਖਨਾਲ ਖੁਰਦ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਬਾਣੀ ਕੀਰਤਨ ਦੀ ਕਲਾਸ



ਕੇਂਦਰ ਖਨਾਲ ਖੁਰਦ ਵਿਖੇ ਲੱਗ ਮਾਤਾਵਾਂ ਦੀ ਗੁਰਮਤਿ ਕਲਾਸ।



ਕੇਂਦਰ ਗੁੱਜਰਵਾਲ ਦੇ ਜੀ.ਐਚ.ਜੀ.ਸੀ. ਸਕੂਲ ਅਹਿਮਦਗੜ੍ਹ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਗੁੱਜਰਵਾਲ ਦੇ ਸਰਕਾਰੀ ਸੀ.ਸਕੈ. ਸਕੂਲ ਕਿਲਾ ਰਾਇਪੁਰ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ





ਕੇਂਦਰ ਚੁਪਕੀਤੀ ਦੇ ਪਿੰਡ ਘੋਲੀਆਂ ਵਿਖੇ ਗੁਰਮਤਿ ਸਮਾਗਮ ਕਰਵਾਏ ਗਏ ਉਪਰੰਤ ਬੱਚਿਆਂ ਨੂੰ ਇਨਾਮਾਂ ਨਾਲ ਸਨਮਾਨਤ ਕੀਤਾ ਗਿਆ

# ਗੁਰਮਤਿ ਵਿਰਸਾ

ਸਤੰਬਰ 2024 (ਮਾਸਿਕ ਮੈਗਜ਼ੀਨ)

**ਮੁੱਖ ਸੰਪਾਦਕ** : ਰਾਣਾ ਇੰਦਰਜੀਤ ਸਿੰਘ
**ਸੰਪਾਦਕ** : ਪ੍ਰਿੰ. ਗੁਰਬਚਨ ਸਿੰਘ ਪੰਨਵਾਂ
**ਸੰਪਾਦਕ** : ਕੈਪਟਨ ਅਵਤਾਰ ਸਿੰਘ ਪਰਿੰਗੜੀ
**ਪ੍ਰਬੰਧਕ**: ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
**ਪ੍ਰਕਾਸ਼ਕ**: ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
**ਫੋਨ:** 98146-35655, 99155-29725, 79733-70542
**Email:** gurmatvirsa@gmail.com
**Website:** www.gurmatgian.org

**ਸੰਪਾਦਕੀ ਬੋਰਡ**: ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
**ਕਾਨੂੰਨੀ ਸਲਾਹਕਾਰ**: ਐਡਵੋਕੇਟ ਜਸਪਾਲ ਸਿੰਘ ਚੁੱਘ

## ਭਾਦੋਂ-ਅੱਸੂ ਮਹੀਨੇ ਦੇ ਖਾਸ ਦਿਹਾੜੇ

- ਪਹਿਲਾ ਪ੍ਰਕਾਸ਼ ਪੁਰਬ ਗੁਰੂ ਗ੍ਰੰਥ ਸਾਹਿਬ : 17 ਭਾਦੋਂ (1 ਸਤੰਬਰ)
- ਗੁਰਗੱਦੀ ਪਾਤਸ਼ਾਹੀ ਚੌਥੀ : 02 ਅੱਸੂ (16 ਸਤੰਬਰ)
- ਜੋਤੀ ਜੋਤਿ ਪਾਤਸ਼ਾਹੀ ਤੀਜੀ : 02 ਅੱਸੂ (16 ਸਤੰਬਰ)
- ਗੁਰਗੱਦੀ ਪਾਤਸ਼ਾਹੀ ਪੰਜਵੀਂ : 02 ਅੱਸੂ (16 ਸਤੰਬਰ)
- ਜੋਤੀ ਜੋਤਿ ਪਾਤਸ਼ਾਹੀ ਚੌਥੀ : 02 ਅੱਸੂ (16 ਸਤੰਬਰ)
- ਗੁਰਗੱਦੀ ਪਾਤਸ਼ਾਹੀ ਦੂਜੀ : 04 ਅੱਸੂ (18 ਸਤੰਬਰ)
- ਜੋਤੀ ਜੋਤਿ ਪਾਤਸ਼ਾਹੀ ਪਹਿਲੀ : 08 ਅੱਸੂ (22 ਸਤੰਬਰ)

Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.
**Editor- Gurbachan Singh Panwa ***
Responsible for collection of all Printed matter as per PRB Act
**Registration Number of the Newspaper**
**PUNMUL/2019/78309**

## ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਸਿੱਖੀ ਲਹਿਰ
4. ਐਜੂ-ਏਡ ਵਿੰਗ
5. ਗੁਰਮਤਿ ਐਲੀਮੈਂਟਰੀ ਕੋਰਸ
6. ਗੁਰਮਤਿ ਟ੍ਰੇਨਿੰਗ ਕੈਂਪ
7. ਗੁਰਮਤਿ ਗਿਆਨ ਲਾਇਬ੍ਰੇਰੀ
8. ਹੋਮਿਓਪੈਥੀ ਡਿਸਪੈਂਸਰੀ
9. ਹਫਤਾਵਾਰੀ ਸਮਾਗਮ
10. ਫਰੀ ਮੈਡੀਕਲ ਚੈੱਕਅੱਪ
11. ਗੁਰਮਤਿ ਵਿਰਸਾ ਮੈਗਜ਼ੀਨ
12. ਗੁਰਮਤਿ ਲਿਟਰੇਚਰ ਹਾਊਸ
13. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?


| | |
|---|---|
| ਸੰਪਾਦਕੀ | 4 |
| ਸਵਾਲ ਜਵਾਬ | 8 |
| ਸ਼ਬਦ ਵਿਚਾਰ | 9 |
| ਵਿਸ਼ਵ ਦਾ ਨਿਰਾਲਾ ਗ੍ਰੰਥ- ਗੁਰੂ ਗ੍ਰੰਥ ਸਾਹਿਬ ਜੀ | 11 |
| ਭਾਈ ਹੰਦਾਲ ਜੀ | 12 |
| ....ਰਾਮਦਾਸੁ ਸਤਿਗੁਰੂ ਕਹਾਵੈ | 13 |
| ਸਮਾਜ ਵਿਗਿਆਨੀ ਬਾਬਾ ਨਾਨਕ | 15 |
| ਸਿੱਖਾਂ ਵਿਚ ਚੌਪਹਿਰੇ ਦੇ ਨਾਂ 'ਤੇ ਫੈਲਾਇਆ ਜਾ ਰਿਹਾ ਅੰਧ... | 17 |
| ਮੈਨੂੰ ਮਾਣ ਹੈ ਕਿ ਮੈਂ ਸਿੱਖ ਹਾਂ | 18 |
| ਹਥਿਆਰ ਕੋਈ ਖਿਡੌਣਾ ਨਹੀਂ ਹਨ | 19 |
| ਪੰਜਾਬ ਦੀ ਧਰਤੀ ਹੇਠਲੇ ਪਾਣੀ ਦੀ ਤਬਾਹੀ ਲਈ ਕੌਣ ਜ਼ਿੰਮੇਵਾਰ | 20 |
| ਨੰਨੇ ਵਾਰਸ | 22 |
| ਸਾਡਾ ਇਤਿਹਾਸ ਨੰ. 1 | 24 |
| ਕਿਤੇ ਇਹ ਨਾ ਹੋਵੇ ਕਿ ਅਸੀਂ ਨੈੱਟ ਵਰਤਦੇ ਰਹੀਏ ਨੈੱਟ ਸਾਨੂੰ.. | 26 |
| ਸੀਨੀਅਰ ਵਿਦਿਆਰਥੀਆਂ ਦੇ ਮਾਪਿਆਂ ਦੀ ਮਿਲਣੀ | 28 |
| ਕਾਵਿ ਕਿਆਰੀ | 29 |
| ਹੁਜਰੇ ਸ਼ਾਹ ਮਕੀਮ ਦੇ.... | 30 |
| ਚੱਜ ਆਚਾਰ | 31 |
| Israel-Palestine Conflict | 34 |
| International Women Equality Day | 35 |
| चौधरी भाई लंगाह जी – गुरू-घर के समर्पित सिख | 36 |
| ਸਿਹਤ ਸੰਭਾਲ | 38 |
| ਸਾਡੀ ਖੇਤੀ | 39 |
| ਗੁਰਮਤਿ ਸੰਜੋਗ | 40 |
| ਜੁਲਾਈ ਮਹੀਨੇ ਦੀਆਂ ਸਰਗਰਮੀਆਂ | 41 |





## ਜ਼ਰੂਰੀ ਸੂਚਨਾਵਾਂ

- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

ਸੰਪਾਦਕੀ

# ਸਿੱਖੀ ਦੇ ਵਿਹੜੇ ਵਿਚ ਨਿੱਤ ਨਵੇਂ ਕਰਮਕਾਂਡ



ਬਾਣੀ ਦੀ ਰਚਨਾ ਇਸ ਲਈ ਕੀਤੀ ਗਈ ਸੀ ਕਿ ਅਸੀ ਪਖੰਡ ਛੱਡੀਏ ਪਰ ਓਸੀ ਪਖੰਡ ਤਾਂ ਕੀ ਛੱਡਣੇ ਸੀ, ਉਲਟਾ ਪਖੰਡ ਕਰਨ ਲਈ ਬਾਣੀ ਦੀ ਵਰਤੋਂ ਸ਼ੁਰੂ ਕਰ ਦਿੱਤੀ ਹੈ। ਗਿਆਨ ਹੀਣ ਸ਼ਰਧਾ ਤੇ ਸ਼ਰਧਾਹੀਣ ਗਿਆਨ ਦੋਵੇਂ ਹੀ ਮਨੁੱਖ ਨੂੰ ਜ਼ਿੰਦਗੀ ਦੀ ਲੀਹ ਤੋਂ ਲਾਹੁੰਦੇ ਹਨ। ਗੁਰਬਾਣੀ ਵਾਕ ਹੈ—

**ਗਿਆਨ ਹੀਣੰ ਅਗਿਆਨ ਪੂਜਾ ॥**
**ਅੰਧ ਵਰਤਾਵਾ ਭਾਉ ਦੂਜਾ ॥** (1412)

ਗੁਰਬਾਣੀ ਨੂੰ ਸਮਝਣ ਲਈ ਅੱਖਰ ਗਿਆਨ, ਸ਼ਬਦ ਗਿਆਨ ਤੇ ਫਿਰ ਵਾਕ ਬਣਤਰ ਦੀ ਸੋਝੀ ਹੋਣੀ ਚਾਹੀਦੀ ਹੈ। ਸ਼ਬਦ ਅਰਥ, ਤੁਕ ਅਰਥ, ਸਮੁੱਚੇ ਸ਼ਬਦ ਦੇ ਅਰਥ, ਰਹਾਉ ਦੀ ਤੁਕ ਦਾ ਫਲਸਫਾ ਤੇ ਫਿਰ ਭਾਵ ਅਰਥਾਂ ਨੂੰ ਸਮਝਿਆ ਜਾਏਗਾ। ਗੁਰਬਾਣੀ ਦੇ ਭਾਵ ਅਰਥ ਹੀ ਜ਼ਿੰਦਗੀ ਵਿਚ ਲਾਗੂ ਹੁੰਦੇ ਹਨ। ਗੁਰਬਾਣੀ ਫਲਸਫੇ ਦੀ ਵਿਧੀ ਵਿਧਾਨ ਨੂੰ ਕੋਈ ਸਮਝਣ ਲਈ ਤਿਆਰ ਨਹੀਂ ਹੈ। ਡੇਰੇਦਾਰਾਂ ਦੀ ਮਰਯਾਦਾ ਵੱਖਰੀ ਹੈ ਕਿਉਂਕਿ ਉਹ ਗੁਰਬਾਣੀ ਦੇ ਅੱਖਰੀਂ ਅਰਥਾਂ 'ਤੇ ਬਿਰਤਾਂਤ ਸਿਰਜਦੇ ਹਨ। ਹਰ ਡੇਰਾ ਕੋਈ ਨਾ ਕੋਈ ਨਵੀਂ ਘੜੁੱਤ ਛੱਡ ਕੇ ਉਸ ਨੂੰ ਪੁਰਾਤਨਤਾ ਦਾ ਨਾਂ ਦੇਂਦਾ ਹੈ। ਹੋਰ ਵੀਹ ਸਾਲਾਂ ਤਕ ਚੌਪਹਿਰਿਆਂ ਦੀ ਪੁਰਾਤਨ ਮਰਯਾਦਾ ਅਮਰ ਵੇਲ ਦਾ ਰੂਪ ਧਾਰ ਚੁੱਕੀ ਹੋਵੇਗੀ। ਇਨ੍ਹਾਂ ਚੌਪਹਿਰਿਆਂ ਦਾ ਨਵਾਂ ਇਤਿਹਾਸ ਸਿਰਜਿਆ ਜਾਏਗਾ। ਚੌਪਹਿਰਿਆਂ ਸਬੰਧੀ ਵੰਨ ਸੁਵੰਨੀਆਂ ਪੁਸਤਕਾਂ ਹੋਂਦ ਵਿਚ ਆ ਜਾਣਗੀਆਂ। ਜਿਹੜਾ ਇਨ੍ਹਾਂ ਦੇ ਪਾਖੰਡ ਵਿਰੁੱਧ ਬੋਲੇਗਾ ਉਹ ਪੰਥ ਦੋਖੀ, ਸਰਕਾਰੀ ਬੰਦਾ ਤੇ ਆਰ. ਐਸ. ਐਸ. ਦਾ ਏਜੰਟ ਗਰਦਾਨਿਆ ਜਾਏਗਾ।




ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725


ਬਹੁਮੁੱਲੇ ਇਤਿਹਾਸਕ ਲੇਖ ਸੰਪਾਦਕ ਸ੍ਰ ਕਰਮ ਸਿੰਘ ਦੀ ਪੁਸਤਕ ਦੇ ਪੰਨਾ ਨੰਬਰ 74 ਤੇ ਸ੍ਰੀ ਮਾਨ ਤੇਜਾ ਸਿੰਘ ਐਮ. ਏ. ਬਨਾਉਟੀ ਇਤਿਹਾਸ ਦੇ ਸਿਰਲੇਖ ਹੇਠ ਲਿਖਦੇ ਹਨ, ਕਿ "ਸਿੱਖਾਂ ਵਿਚ ਵੀ ਗੁਰਦੁਆਰਿਆਂ ਦੀ ਮਾਨਤਾ ਵਧਾਉਣ ਲਈ ਕਈਆਂ ਨੇ ਕਈ ਸਾਖੀਆਂ ਜਾਂ ਇਤਿਹਾਸਕ ਯਾਦਗਾਰਾਂ ਬਣਾ ਲਈਆਂ ਹਨ। ਜਿਨ੍ਹਾਂ ਲੋਕਾਂ ਨੂੰ ਗੁਰੂ ਨਾਨਕ ਸਾਹਿਬ ਦੇ ਜਨਮ ਦੀ ਤਰੀਕ ਦਾ ਪਤਾ ਨਹੀਂ ਉਹ ਦਸਦੇ ਫਿਰਦੇ ਹਨ ਕਿ ਇਹ ਟਾਂਗੂ ਸਾਹਿਬ ਹੈ, ਇਥੋਂ ਗੁਰੂ ਸਾਹਿਬ ਰੁੱਖ ਉੱਤੇ ਬੈਠੇ ਆਪਣੀਆਂ ਮਹੀਆਂ ਗਾਈਆਂ ਦੀ ਰਖਵਾਲੀ ਕਰਦੇ ਸਨ। ਇਹ ਪੱਟੀ ਸਾਹਿਬ ਹੈ, ਇੱਥੇ ਗੁਰੂ ਸਾਹਿਬ ਨੇ ਪਾਂਧੇ ਪਾਸ ਪੱਟੀ ਲਿਖੀ ਸੀ। ਇਸੇ ਤਰ੍ਹਾਂ ਬੀਬੀ ਨਾਨਕੀ ਜੀ ਦੇ ਹੱਥਾਂ ਦਾ ਕੱਢਿਆ ਹੋਇਆ ਰੁਮਾਲ ਭੀ ਦਿਖਾਇਆ ਜਾਂਦਾ ਹੈ। ਹੁਣੇ ਹੀ ਨਨਕਾਣਾ ਸਾਹਿਬ ਵਿਚ ਰਾਏ ਬੁਲਾਰ ਦੀ ਕਬਰ ਦਾ ਢਕਵੰਜ ਖੜਾ ਕੀਤਾ ਜਾ ਰਿਹਾ ਹੈ। ਜੋ ਯਾਤਰੀ ਜਾਂਦਾ ਹੈ, ਕਹਿੰਦਾ ਹੈ, ਕਿ ਮੈਂ ਰਾਏ ਬੁਲਾਰ ਦੀ ਕਬਰ ਵੀ ਵੇਖ ਆਇਆ ਹਾਂ। ਹਾਲਾਂ ਕਿ ਇਸ ਗੱਲ ਲਈ ਪੁਰਾਣੇ ਥੇਹ ਉੱਤੇ ਕੋਈ ਨਿਸ਼ਾਨੀ ਜਾਂ ਕੋਈ ਸਬੂਤ ਨਹੀਂ, ਇਕ ਦੋ ਸਾਲ ਵਿਚ ਇਹ ਗੱਲ ਪੱਕੀ ਹੋ ਜਾਏਗੀ ਕਿ ਅਸਲ ਇਤਿਹਾਸ ਹੈ"।

ਸਿੱਖੀ ਦੇ ਵੇਹੜੇ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਧਾਰਾ ਨੂੰ ਨਾ ਸਮਝਣ ਕਰਕੇ ਕਈ ਪ੍ਰਕਾਰ ਦੇ ਵਹਿਮ ਭਰਮ ਜਾਂ ਕਰਮ-ਕਾਂਡ ਫੈਲਾਏ ਜਾ ਰਹੇ ਹਨ। ਗੁਰਬਾਣੀ ਦਾ ਸੰਕਲਪ **'ਸਚਿਆਰ ਮਨੁੱਖ'** ਬਣਨ ਦਾ ਸੀ ਜਿਹੜਾ **"ਸਿਖੀ ਸਿਖਿਆ ਗੁਰ ਵੀਚਾਰਿ"** ਦੇ ਨਾਲ ਪ੍ਰਗਟ ਹੁੰਦਾ ਹੈ। ਬਹੁਤਾਤ ਵਿਚ ਡੇਰੇ ਗੁਰਬਾਣੀ ਸੰਕਲਪ ਨੂੰ ਭੁੱਲ ਕੇ ਕਰਮ ਕਾਂਡਾਂ ਤੇ ਧਾਰਮਿਕ ਪਾਖੰਡਾਂ ਵਿਚ ਗਵਾਚ ਗਏ ਹਨ—ਜੇਹਾ ਕਿ ਗੁਰਬਾਣੀ ਵਾਕ ਹੈ—

**ਹਿਰਦੈ ਸਚੁ ਏਹ ਕਰਣੀ ਸਾਰੁ ॥**
**ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥** (1343)

ਗੁਰਬਾਣੀ ਦਾ ਤੱਤ ਗਿਆਨ ਹੈ ਕਿ ਅਕਲ, ਗਿਆਨ ਆਤਮਿਕ ਸੂਝ ਨਾਲ ਹੀ ਸਾਨੂੰ ਜ਼ਿੰਦਗੀ ਵਿਚ ਵਿਚਰਨਾ ਚਾਹੀਦਾ ਹੈ।

**ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥**
**ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥**
**ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ ॥** (1245)

ਅਸਲ ਅਕਲ ਇਹ ਹੈ ਕਿ ਪ੍ਰਭੂ ਦੇ ਭੇਦਾਂ ਨੂੰ ਸਮਝ ਕੇ ਅਕਲ ਨਾਲ ਜ਼ਿੰਦਗੀ ਨੂੰ ਜਿਉਣ ਦਾ ਯਤਨ ਕੀਤਾ ਜਾਏ। ਉਹ ਕਾਹਦੀ ਅਕਲ ਹੈ ਜਿਹੜੀ ਧਾਗੇ ਤਵੀਤ, ਕਰਮ ਕਾਂਡ ਤੇ ਪਾਖੰਡਾਂ ਵਿਚ ਹੀ ਗਵਾਚ ਜਾਏ।

ਗੁਰੂ ਅਮਰਦਾਸ ਜੀ ਦਾ ਵਾਕ ਹੈ ਕਿ ਬਾਹਰੋਂ ਧਰਮ ਦੇ ਨਾਂ 'ਤੇ ਪਾਖੰਡ ਕਰ ਰਿਹਾ ਏਂ ਪਰ ਆਪਣੇ ਅੰਦਰ ਕਪਟ ਲੁਕਾ ਕਿ ਰੱਖਿਆ ਹੋਇਆ ਹੈ।

**ਬਾਹਰਿ ਪਾਖੰਡ ਸਭ ਕਰਮ ਕਰਹਿ ਮਨਿ ਹਿਰਦੈ ਕਪਟੁ ਕਮਾਇ ॥**
**ਖੇਤਿ ਸਰੀਰਿ ਜੋ ਬੀਜੀਐ ਸੋ ਅੰਤਿ ਖਲੋਆ ਆਇ॥** (1418)

ਸਿੱਖੀ ਦੇ ਵਿਹੜੇ ਵਿਚ ਵੇਖਾ ਵੇਖਾ ਗੁਰਬਾਣੀ ਦੇ ਅਧਾਰਤ ਹੀ ਨਵੇਂ ਨਵੇਂ ਅਜੇਹੇ ਕਰਮ ਧਰਮ ਸ਼ੁਰੂ ਹੋਏ ਹਨ ਜਿਨਾਂ ਦਾ ਗੁਰਮਤਿ ਨਾਲ ਕੋਈ ਵੀ ਵਾਹ ਵਾਸਤਾ ਨਹੀਂ ਹੈ। ਸਿੱਖੀ ਦੇ ਵਿਹੜੇ ਵਿਚ ਕਰਮ-ਕਾਂਡਾਂ ਦੀ ਲਿਸਟ ਬਹੁਤ ਲੰਮੀ ਹੈ ਪਰ ਸੰਖੇਪ ਵਿਚ ਕੁਝ ਕੁ ਕਰਮ ਕਾਂਡਾ ਦਾ ਜ਼ਿਕਰ ਕੀਤਾ ਜਾ ਰਿਹਾ ਹੈ। ਦੇਖਣ ਨੂੰ ਇੰਝ ਮਹਿਸੂਸ ਹੁੰਦਾ ਹੈ ਕਿ ਸ਼ਾਇਦ ਇਹ ਗੁਰਬਾਣੀ ਪੜ੍ਹ ਰਿਹਾ ਹੈ ਪਰ ਗੁਰਬਾਣੀ ਰਾਂਹੀਂ ਹੀ ਧਰਮ ਦੇ ਨਾਂ 'ਤੇ ਕਰਮ-ਕਾਂਡ ਕਰ ਰਿਹਾ ਹੈ।

**ਦੁੱਖ ਭੰਜਨੀ ਦੇ ਗੁਟਕੇ**

ਗੁਰਬਾਣੀ ਵਿਚੋਂ ਕੁਝ ਉਹ ਚੋਣਵੇਂ ਸ਼ਬਦ ਲਏ ਗਏ ਹਨ ਜਿੰਨ੍ਹਾਂ ਵਿਚ ਤਾਤੀ ਵਾਉ, ਦੁਖ ਭੰਜਨ, ਰੋਗ, ਤਾਪ ਨਵਾਂ ਨਰੋਆ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਇਨ੍ਹਾਂ ਸ਼ਬਦਾਂ ਦੇ ਸੰਗ੍ਰਹਿ ਦਾ ਨਾਂ ਰੱਖ ਦਿੱਤਾ ਦੁੱਖ ਭੰਜਨ ਸਾਹਿਬ। ਹਰੇਕ ਸ਼ਬਦ ਨੂੰ ਪੜ੍ਹਨ ਦੀ ਵਿਧੀ ਦੱਸੀ ਗਈ ਹੈ ਕਿ ਕਿਸ ਸ਼ਬਦ ਦਾ ਪਾਠ ਕਿਸ ਵਿਧੀ ਨਾਲ ਕਰਨਾ ਹੈ। ਜਨ ਸਧਾਰਨ ਸੰਗਤ ਇਸ ਭੁਲੇਖੇ ਵਿਚ ਫਸ ਗਈ ਕਿ ਸ਼ਾਇਦ ਸ਼ਬਦਾਂ ਨੂੰ ਬਾਰ ਬਾਰ ਵਿਧੀ ਨਾਲ ਪੜ੍ਹਿਆਂ ਸਾਡਾ ਰੋਗ ਦੂਰ ਹੋ ਜਾਏਗਾ। ਗੁਰਬਾਣੀ ਦੇ ਮਹੱਤਵ ਨੂੰ ਸਮਝਣ ਦੀ ਥਾਂ 'ਤੇ ਗੁਰਬਾਣੀ ਦਾ ਹੀ ਓਟ ਆਸਰਾ ਲੈ ਕੇ ਵੱਡਾ ਪਾਖੰਡ ਖੜਾ ਕਰ ਦਿੱਤਾ ਗਿਆ ਹੈ। ਹੁਣ ਜੇ ਕੋਈ ਸਮਝਾਉਣ ਦਾ ਯਤਨ ਕਰੇਗਾ ਤਾਂ ਅੱਗੋਂ ਜੁਆਬ ਆਏਗਾ ਤੁਸੀਂ ਬਾਣੀ ਪੜ੍ਹਨ ਤੋਂ ਰੋਕਦੇ ਹੋ? ਕੀ ਬਾਣੀ ਪੜ੍ਹਨੀ ਮਾੜੀ ਗੱਲ ਹੈ? ਧਾਰਮਿਕ ਕਰਮ-ਕਾਂਡਾ ਨੂੰ ਗੁਰਬਾਣੀ ਦਲੀਲਾਂ ਨਾਲ ਸਹੀ ਸਾਬਤ ਕਰਨ ਦਾ ਯਤਨ ਕਰਦੇ ਹਨ। ਕੀ ਗੁਰਬਾਣੀ ਦੇ ਇਸ ਵਾਕ ਨੂੰ ਵਿਚਾਰਨ ਦਾ ਉਪਰਾਲਾ ਕਰਾਂਗੇ?

**ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥**
**ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ**
**ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥** (669)

**ਸਰਬ ਰੋਗ ਕਾ ਅਉਖਦੁ ਨਾਮੁ**

"ਸਰਬ ਰੋਗ ਕਾ ਅਉਖਦੁ ਨਾਮੁ" ਦਾ ਭਰਮ ਵੀ ਏਸੇ ਵਿਚੋਂ ਪੈਦਾ ਹੋਇਆ ਹੈ। ਅਗਲਿਆਂ ਨੇ ਇਸ ਨਾਂ 'ਤੇ ਵੱਡੀ ਸਾਰੀ ਸੰਸਥਾ ਵੀ ਬਣਾ ਲਈ ਪਰ ਆਪਣਾ ਇਲਾਜ ਕਰਾਉਣ ਲਈ ਡਾਕਟਰਾਂ ਦੀ ਸਲਾਹ ਲੈਂਦੇ ਹਨ ਤੇ ਕਈ ਅਮਰੀਕਾ ਵਰਗੇ ਮੁਲਕਾਂ ਵਿਚ ਆਪਣਾ ਇਲਾਜ ਕਰਾ ਰਹੇ ਹਨ। ਗੁਰਬਾਣੀ ਤਾਂ ਮਨ ਦੇ ਰੋਗ ਦੂਰ ਕਰਦੀ ਹੈ ਪਰ ਇਹ ਲੋਕ ਸ਼ਬਦਾਂ ਦਾ ਰਟਨ ਕਰਕੇ ਸਰੀਰਕ ਰੋਗ ਦੂਰ ਕਰਨ ਦਾ ਦਾਅਵਾ ਕਰਦੇ ਹਨ। ਇਨ੍ਹਾਂ ਨੂੰ ਕੌਣ ਸਮਝਾਵੇ ਕਿ ਸਰੀਰਕ

ਰੋਗਾਂ ਲਈ ਗੁਰੂ ਅਮਰਦਾਸ ਜੀ ਨੇ ਵੈਦ ਰੱਖੇ ਸਨ ਜਦ ਕਿ ਗੁਰੂ ਅਰਜਨ ਪਾਤਸ਼ਾਹ ਜੀ ਨੇ ਕੋਹੜੀ ਘਰ ਬਣਾਇਆ ਤੇ ਗੁਰੂ ਹਰਿ ਰਾਇ ਸਾਹਿਬ ਜੀ ਦੇਸੀ ਦਵਾਈਆਂ ਦਾ ਵੱਡ-ਅਕਾਰੀ ਦਵਾਖਾਨਾ ਬਣਵਾਇਆ। ਏਸੇ ਦਵਾਖ਼ਾਨੇ ਤੋਂ ਹੀ ਦਾਰਾ ਸ਼ਿਕੋਹ ਲਈ ਦਵਾਈ ਗਈ ਸੀ।

**ਸੰਕਟ ਮੋਚਨ**

ਇਹ ਠੀਕ ਹੈ ਕਿ ਸਮਾਜ ਵਿਚ ਰਹਿੰਦਿਆਂ ਕਈ ਪ੍ਰਕਾਰ ਦੀਆਂ ਪਰੇਸ਼ਾਨੀਆਂ ਆਉਂਦੀਆਂ ਹਨ ਪਰ ਅਸੀਂ ਉਨ੍ਹਾਂ ਪਰੇਸ਼ਾਨੀਆਂ ਦੇ ਹੱਲ ਲੱਭਣ ਦੀ ਥਾਂ 'ਤੇ ਕੋਈ ਸੌਖਾ ਰਾਹ ਚੁਣਦੇ ਹਾਂ। ਇਸ ਸੌਖੇ ਰਾਹ ਵਿਚ ਬ੍ਰਾਹਮਣੀ ਤਰਜ਼ 'ਤੇ ਗੁਰਬਾਣੀ ਸ਼ਬਦਾਂ ਨੂੰ ਮੰਤ੍ਰਾਂ ਵਾਂਗ ਤੋਤਾ ਰਟਨ ਕਰਨ ਦਾ ਰੁਝਾਨ ਪੈਦਾ ਹੋ ਗਿਆ। ਸ਼ਰਾਰਤੀ ਦਿਮਾਗ ਨੇ ਗੁਰਬਾਣੀ ਵਿਚਾਰ ਕੇ ਸਮੱਸਿਆਂਵਾਂ ਦਾ ਹੱਲ ਲੱਭਣ ਦੀ ਥਾਂ 'ਤੇ ਕੁਝ ਸ਼ਬਦਾਂ ਦਾ ਜਾਪ ਕਰਨ ਦੀ ਵਿਧੀ ਨੂੰ ਜਨਮ ਦਿੱਤਾ। ਸੰਕਟ ਮੋਚਨ ਵਾਲੀ ਪੋਥੀ ਵਿਚ ਧੰਨ ਦੌਲਤ ਦੀ ਪ੍ਰਾਪਤੀ, ਮੁਕਦਮੇ ਦੀ ਜਿੱਤ, ਪੁੱਤਰ ਦੀ ਲਾਲਸਾ, ਵਰ-ਕੰਨਿਆਂ ਦਾ ਸੰਯੋਗ, ਨੌਕਰੀ ਦੀ ਪ੍ਰਾਪਤੀ, ਮਨ ਦੀ ਇੱਛਾ ਜਾਂ ਕਈ ਹੋਰ ਸਮੱਸਿਆਵਾਂ ਦੇ ਹੱਲ ਲਈ ਵਿਧੀ ਪੂਰਵਕ ਗਿਣਤੀ ਦੇ ਪਾਠ ਕਰਨ ਦੀਆਂ ਮਨਘੜ੍ਹਤ ਬੇ-ਫ਼ਜੂਲ ਯੁਗਤੀਆਂ ਦੱਸੀਆਂ ਗਈਆਂ ਹਨ। ਗੁਰਬਾਣੀ ਅਜਿਹੇ ਵਿਧੀ ਪੂਰਵਕ ਪਾਖੰਡਾਂ ਨੂੰ ਰੱਦ ਕਰਦੀ ਹੈ--

**ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ ॥ (474)**

ਅਤੇ

**ਮੰਨੇ ਨਾਉ ਸੋਈ ਜਿਣਿ ਜਾਇ ॥**

**ਅਉਰੀ ਕਰਮ ਨ ਲੇਖੈ ਲਾਇ ॥ (954)**

ਮੰਨ ਲਓ ਜੇ ਦੱਸੀ ਵਿਧੀ ਅਨੁਸਾਰ ਜੇ ਬੰਦੇ ਦਾ ਮੁਕਦਮਾ ਨਾ ਜਿੱਤਿਆ ਗਿਆ ਤਾਂ ਫਿਰ ਗੁਰਬਾਣੀ ਸ਼ਬਦ ਦੀ ਕੀ ਮਹਾਨਤਾ ਰਹੇਗੀ?

**ਚੌਪਹਿਰਾ**

ਵਰਤਮਾਨ ਸਮੇਂ ਵਿਚ ਸਭ ਤੋਂ ਵੱਧ ਤੇਜ਼ੀ ਨਾਲ ਚੋਪਹਿਰਾ ਪ੍ਰਫੁੱਲਤ ਹੋਇਆ ਹੈ। ਦਿਨ ਦੇ ਚੌਥੇ ਭਾਗ ਨੂੰ ਚੁਪਹਿਰਾ ਕਿਹਾ ਜਾਂਦਾ ਹੈ। ਹੁਣ ਚੋਪਹਿਰੇ ਤੋਂ **ਚੋਪਹਿਰਾ ਸਾਹਿਬ** ਬਣ ਗਿਆ ਹੈ। **'ਸਾਹਿਬ'** ਸ਼ਬਦ ਪਹਿਲਾਂ ਪਹਿਲ ਕੇਵਲ ਗੁਰੂ ਨਾਂਵਾਂ ਨਾਲ ਹੀ ਲਗਾਇਆ ਜਾਂਦਾ ਸੀ ਫਿਰ ਗੁਰੂ ਸਾਹਿਬ ਨਾਲ ਸਬੰਧਿਤ ਅਸਥਾਨਾਂ ਨਾਲ ਲਾਇਆ ਜਾਣ ਲਗ ਪਿਆ। ਹੁਣ ਹਰੇਕ ਵਸਤੂ ਜਾਂ ਗੁਰਮਤਿ ਸਿਧਾਂਤੋਂ ਥਿੜਕੇ ਸਾਧੜਿਆਂ ਦੇ ਨਾਂਵਾਂ ਅਤੇ ਉਨ੍ਹਾਂ ਨਾਲ ਸਬੰਧਿਤ ਥਾਂਵਾਂ ਨਾਲ ਵੀ ਸਾਹਿਬ ਸ਼ਬਦ ਲਗਣਾ ਸ਼ੁਰੂ ਹੋ ਗਿਆ ਹੈ। ਹਨੇਰ ਸਾਂਈਂ ਦਾ ਇਕ ਹੋਰ ਉਖੜੇ ਤੇ ਸਿੱਖ ਸਿਧਾਂਤੋਂ ਥਿੜਕੇ ਡੇਰੇ ਵਲੋਂ ਦਿਨ ਦੇ ਚੌਥੇ ਪਹਿਰ ਨੂੰ **ਚੋਪਹਿਰਾ ਸਾਹਿਬ** ਸ਼ਬਦ ਨਾਲ ਪ੍ਰਚੱਲਤ ਕਰ ਦਿੱਤਾ ਹੈ।

ਸਿੱਖੀ ਨੂੰ ਹਿੰਦੂਤਵ ਵਿਚ ਰੰਗਣ ਲਈ ਕਈ ਤਰ੍ਹਾਂ ਦੇ ਪ੍ਰਯੋਗ ਕੀਤੇ ਜਾ ਰਹੇ ਹਨ ਉਨ੍ਹਾਂ ਵਿਚੋਂ ਬਹੁਤੇ ਡੇਰੇ ਭਗਵੇ ਵਿਚ ਰੰਗੇ ਜਾ ਚੁੱਕੇ ਹਨ। ਨਵੀਆਂ ਨਵੀਆਂ ਸੰਪ੍ਰਦਾਵਾਂ ਰਾਹੀਂ ਗੁਰਬਾਣੀ ਦਾ ਓਟ ਆਸਰਾ ਲੈ ਕੇ ਗੁਰਬਾਣੀ ਰਾਹੀਂ ਹੀ ਗੁਰਬਾਣੀ ਸਿਧਾਂਤ ਨਾਲੋਂ ਤੋੜਿਆ ਜਾ ਰਿਹਾ ਹੈ।

ਅੰਮ੍ਰਿਤਸਰ ਵਿਖੇ ਇਕ ਡੇਰੇ ਵਲੋਂ ਬਾਬਾ ਦੀਪ ਸਿੰਘ ਜੀ ਦੀ ਮਹਾਨ ਸ਼ਹਾਦਤ ਦੇ ਮਹੱਤਵ ਨੂੰ ਸਮਝਣ ਸਮਝਾਉਣ ਦੀ ਥਾਂ 'ਤੇ ਉਨ੍ਹਾਂ ਦੇ ਨਾਂ 'ਤੇ ਕਰਮ-ਕਾਂਡ ਤੇ ਪਾਖੰਡ ਨੂੰ ਚੋਪਹਿਰਿਆਂ ਦੇ ਨਾਂ ਨਾਲ ਨਵਾਂ ਚੰਦ ਚਾੜ੍ਹਿਆ ਹੈ। ਦੁੱਖ ਇਸ ਗੱਲ ਦਾ ਹੈ ਕਿ ਸਿੱਖ ਸਿਧਾਂਤ 'ਤੇ ਪਹਿਰਾ ਦੇਣ ਲਈ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਭ ਕੁਝ ਨੱਕ ਹੇਠ ਤਥਾ ਪ੍ਰਬੰਧ ਹੇਠ ਹੋ ਰਿਹਾ ਹੈ। ਸਿੱਖ ਰਹਿਤ ਮਰਯਾਦਾ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਸਿੱਖ ਕੌਮ ਦੇ ਜੱਥੇਦਾਰ ਜਾਣਦੇ ਹੋਏ ਵੀ ਇਸ ਪਾਸੇ ਧਿਆਨ ਨਹੀਂ ਦੇ ਰਹੇ। ਸ਼੍ਰੋਮਣੀ ਕਮੇਟੀ ਨੂੰ ਧਿਆਨ ਦੇਣ ਦੀ ਵੀ ਕੀ ਲੋੜ ਹੈ ਗੋਲਕ ਭਰਨੀ ਚਾਹੀਦੀ ਹੈ ਸਿਧਾਂਤ ਪਏ ਢੱਠੇ ਖੂਹ ਵਿਚ। ਸੁਣਨ ਵਿਚ ਆਉਂਦਾ ਹੈ ਇਨ੍ਹਾਂ ਦੀ ਬੁਗਨੀ ਇਕ ਐਤਵਾਰ ਨੂੰ ਕਰੋੜ ਕਮਾ ਲੈਂਦੀ ਹੈ।

**ਇਸਤ੍ਰੀ ਪੁਰਖਾ ਦਾਮ ਹਿਤ ਭਾਵੇਂ ਆਇ ਕਿਥਾਊਂ ਜਾਈ॥**

**(ਭਾਈ ਗੁਰਦਾਸ ਜੀ ਵਾਰ-1, ਪਉੜੀ-30)**

ਜਦੋਂ ਚੋਪਹਿਰਿਆਂ ਦੀ ਕਾਢ ਵਾਲਿਆਂ ਨੇ ਚੁਪਹਿਰੇ ਦੀ ਜੋ ਰੂਪ ਰੇਖਾ ਤਿਆਰ ਕੀਤੀ ਹੈ ਉਹ ਪੜ੍ਹ ਕੇ ਕੀ ਕੋਈ ਕਹਿ ਸਕਦਾ ਹੈ ਕੀ ਇਹ ਗੁਰਮਤਿ ਹੈ?

ਚੋਪਹਿਰਿਆਂ ਦੇ ਵਿਸਥਾਰ ਨੂੰ ਸਮਝਣ ਲਈ 9/9/2023 ਨੂੰ ਜੱਗ ਬਾਣੀ ਵਿਚ ਛਪੀ ਲਿਖਤ ਨੂੰ ਸਮਝਣ ਦਾ ਯਤਨ ਕੀਤਾ ਜਾਏਗਾ।

**ਕੀ ਹੁੰਦਾ ਹੈ ਚੋਪਹਿਰਾ ਸਾਹਿਬ?**

**ਜਾਣੋ ਘਰ ਵਿੱਚ ਚੋਪਹਿਰਾ ਕੱਟਣ ਦੀ ਮਰਿਯਾਦਾ ਤੇ ਵਿਧੀ**

ਅੰਮ੍ਰਿਤਸਰ—ਗੁਰਦੁਆਰਾ ਸ਼ਹੀਦਾਂ ਸਾਹਿਬ ਬਾਬਾ ਦੀਪ ਸਿੰਘ ਜੀ ਅੰਮ੍ਰਿਤਸਰ ਵਿਖੇ ਹਰ ਐਤਵਾਰ ਨੂੰ ਚੋਪਹਿਰਾ ਸਾਹਿਬ ਕੱਟਿਆ ਜਾਂਦਾ ਹੈ। ਉਹ ਬਿਪਤਾ ਸਹੇੜਦੇ ਹੀ ਕਿਉਂ ਹਾਂ ਜਿਹੜੀ ਕੱਟਣੀ ਪੈਣੀ ਹੈ।

ਪਹਿਲੀ ਗੱਲ ਤਾਂ ਕੱਟਣਾ ਸ਼ਬਦ ਦਾ ਅਰਥ ਮਹਾਨ ਕੋਸ਼ ਵਿਚ ਲਿਖਿਆ ਹੈ—ਵਿਤਾਉਣਾ, ਗੁਜ਼ਾਰਨਾ--ਵੇਲਾ ਕੱਟਣਾ ਅਤੇ ਦਿਨ ਕੱਟਣਾ ਆਦਿ, ਉਂਞ ਸਾਡੀ ਬੋਲੀ ਵਿਚ ਕੈਦ ਜਾਂ ਜੇਲ੍ਹ ਕੱਟਣੀ ਆਮ ਪ੍ਰਚੱਲਤ ਸ਼ਬਦ ਹੈ। ਔਖਾ ਸਮਾਂ ਲੰਘ ਜਾਏ ਸਮਝਿਆ ਜਾਂਦਾ ਹੈ ਕਿ ਸਾਡਾ ਕਲੇਸ਼ ਕੱਟਿਆ ਗਿਆ। ਕਿਸੇ ਨੇ ਕੋਈ ਸਜਾ ਹੋਈ ਹੋਵੇ ਤਾਂ ਉਹ ਜੇਲ੍ਹ ਵਿਚ ਕੈਦ ਕੱਟਦਾ ਹੈ। ਇਸ ਦਾ ਅਰਥ ਹੈ ਕੋਈ ਗੁਰਬਾਣੀ ਪੜ੍ਹਨ ਸਮਝਣ ਜਾਂ ਵਿਚਾਰਨ ਲਈ ਨਹੀਂ ਜਾਂਦਾ ਸਗੋਂ ਸਮਾਂ ਕੱਟਣ ਨੂੰ ਚੋਪਹਿਰਾ ਕਿਹਾ ਜਾਂਦਾ ਹੈ। ਹਰ ਐਤਵਾਰ ਨੂੰ ਦੁਪਹਿਰ 12 ਵਜੇ ਤੋਂ ਲੈ ਕੇ ਸ਼ਾਮ ਚਾਰ ਵਜੇ ਤੱਕ ਚੋਪਹਿਰਾ ਸਾਹਿਬ ਜੀ ਦਾ ਪਾਠ ਹੁੰਦਾ ਹੈ। ਜੇ ਕੋਈ ਸੰਗਤ ਇਸ ਗੁਰਦੁਆਰਾ ਸਾਹਿਬ ਨਹੀਂ ਪਹੁੰਚ ਸਕਦੀ ਤਾਂ ਉਹ ਆਪਣੇ ਘਰ ਵਿਚ ਵੀ ਚੋਪਹਿਰਾ ਸਾਹਿਬ ਜੀ ਦਾ ਪਾਠ ਕਰ ਸਕਦਾ ਹੈ। ਚੌਪਹਿਰੇ ਤੋਂ ਭਾਵ ਚਾਰ ਘੰਟੇ ਜਦੋਂ ਸੰਗਤ ਅਕਾਲ ਪੁਰਖ ਦੀ ਉਸਤਤ ਕਰਦੀ ਹੈ। **ਸੰਗਤ ਦਾ ਵਿਸ਼ਵਾਸ ਹੈ ਕਿ ਚੋਪਹਿਰਾ ਸਾਹਿਬ ਵਿੱਚ ਸ਼ਹੀਦ ਬਾਬਾ ਦੀਪ ਸਿੰਘ ਜੀ ਆਪ ਹਾਜ਼ਰ ਹੁੰਦੇ ਹਨ।** ਇਨ੍ਹਾਂ ਨੂੰ ਪੁੱਛਣਾ ਬਣਦਾ ਹੈ ਕਿ ਫਿਰ ਦਸ ਗੁਰੂ ਸਾਹਿਬਾਨ ਦਾ ਕੀ ਮਹੱਤਵ ਹੋਇਆ? ਗੁਰੂ ਗ੍ਰੰਥ ਸਾਹਿਬ ਜੀ ਦਾ ਕੀ ਮਹੱਤਵ ਹੈ? ਕੀ ਬਾਕੀ ਸ਼ਹੀਦਾਂ ਦਾ ਰੁਤਬਾ ਛੋਟਾ ਹੈ? ਜਦ ਕਿ ਸ਼ਹੀਦ ਤਾਂ ਸਾਰੇ ਬਰਾਬਰ ਦਾ ਦਰਜਾ ਰੱਖਦੇ ਹਨ। ਅਰਦਾਸ ਵਿਚ ਸਾਰਿਆਂ ਸ਼ਹੀਦਾਂ ਨੂੰ ਯਾਦ ਕਰਕੇ ਕਿਹਾ ਜਾਂਦਾ ਹੈ ਜਿੰਨ੍ਹਾਂ ਸਿੰਘ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ।

ਚੋਪਹਿਰਾ ਸਾਹਿਬ ਕੱਟਣ ਵੇਲੇ ਘਰੋਂ ਕੇਸੀ ਇਸ਼ਨਾਨ ਕਰਕੇ ਸਾਫ਼ ਸੁਥਰੇ ਕੱਪੜੇ ਪਾ ਕੇ ਜਾਣਾ ਚਾਹੀਦਾ ਹੈ। ਜੇ ਕਰ ਸੰਗਤ ਨੇ ਬਾਬਾ ਦੀਪ ਸਿੰਘ ਜੀ ਦੇ ਗੁਰਦੁਆਰਾ ਵਿੱਚ ਚੋਪਹਿਰਾ ਕੱਟਣਾ ਹੈ ਤਾਂ ਦੋ ਘੰਟੇ ਪਹਿਲਾਂ ਪਹੁੰਚਣਾ ਚਾਹੀਦਾ ਹੈ ਤਾਂ ਕਿ ਅਸਾਨੀ ਨਾਲ ਬੈਠਣ ਦੀ ਜਗ੍ਹਾ ਮਿਲ ਸਕੇ। ਦੁਪਹਿਰ 12 ਵਜੇ ਤੋਂ ਲੈ ਕੇ 4 ਵਜੇ ਤਕ 5 ਪਾਠ ਜਪੁ ਜੀ ਸਾਹਿਬ ਜੀ ਦੇ 2 ਪਾਠ ਚੌਪਈ ਸਾਹਿਬ ਜੀ ਦੇ ਇਕ ਸੁਖਮਨੀ ਸਾਹਿਬ ਜੀ ਦਾ ਪਾਠ ਕਰਨਾ ਹੈ। **ਕੀ ਗੁਰਬਾਣੀ ਗਿਣਤੀ ਦੇ ਪਾਠਾਂ ਨੂੰ ਕੋਈ ਮਾਨਤਾ ਦਿੰਦੀ ਹੈ?** ਜੇਕਰ ਲੋੜ ਪਵੇ ਤਾਂ ਇਸ ਦੌਰਾਨ 15-20 ਮਿੰਟ ਅਰਾਮ ਵੀ ਕੀਤਾ ਜਾ ਸਕਦਾ ਹੈ। ਇਸ ਸਮੇਂ ਦੌਰਾਨ ਕੁਝ ਚਾਹ ਪਾਣੀ ਛਕਣਾ ਹੋਵੇ ਜਾਂ ਵਾਸ਼ਰੂਮ ਵਗੈਰਾ ਜਾਣ ਦੀ ਲੋੜ ਹੈ ਤਾਂ ਜਾਇਆ ਜਾ ਸਕਦਾ ਹੈ। ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਅਨੰਦ ਸਾਹਿਬ ਜੀ ਦੀਆਂ ਛੇ ਪਉੜੀਆਂ ਦਾ ਪਾਠ ਕਰਕੇ ਅਰਦਾਸ ਬੇਨਤੀ ਕਰਨੀ ਹੈ। ਕਈ ਵਾਰ ਸੰਗਤ ਚਾਰ ਘੰਟੇ ਤੋਂ ਪਹਿਲਾਂ ਵੀ ਪਾਠ ਕਰ ਲੈਂਦੀ ਹੈ। ਜੇ ਕਰ ਕਿਸੇ ਨੇ ਸਾਢੇ ਤਿੰਨ ਘੰਟਿਆਂ ਵਿੱਚ ਪਾਠ ਕਰ ਲਿਆ ਹੈ ਤਾਂ ਬਾਕੀ ਬਚੇ ਅੱਧੇ ਘੰਟੇ ਵਿੱਚ ਵਾਹਿਗੁਰੂ ਸਿਮਰਨ ਕੀਤਾ ਜਾ ਸਕਦਾ ਹੈ ਜਾਂ ਗੁਰਬਾਣੀ ਦੇ ਕਿਸੇ ਸ਼ਬਦ ਦਾ ਸਿਮਰਨ ਕਰਨਾ ਹੈ। ਭਾਵ ਕੇ 12 ਤੋਂ ਲੈ ਕੇ 4 ਵਜੇ ਤਕ ਬਾਣੀ ਪੜ੍ਹਨੀ ਹੈ। ਇਸ ਦਾ ਭਾਵ ਹੈ ਗੁਰਬਾਣੀ ਵਿਚਾਰਨ ਦੀ ਕੋਈ ਲੋੜ ਨਹੀਂ ਕੇਵਲ ਰਟਨ ਦੀ ਲੋੜ ਹੈ।

ਹੁਣ ਗੁਰਬਾਣੀ ਦੇ ਇਸ ਵਾਕ ਨੂੰ ਵੀ ਸਮਝ ਲੈਣਾ ਚਾਹੀਦਾ ਹੈ—

**ਪੜਿਐ ਨਾਹੀ ਭੇਦੁ ਬੁਝਿਐ ਪਾਵਣਾ ॥ (148)**

**ਦੂਸਰਾ ਘਰ ਵਿਚ ਚੋਪਹਿਰਾ ਸਾਹਿਬ ਕੱਟਣ ਦੀ ਮਰਿਯਾਦਾ ਤੇ ਵਿਧੀ-**

ਘਰ ਵਿਚ ਚੋਪਹਿਰਾ ਸਾਹਿਬ ਕੱਟਣ ਲਈ ਐਤਵਾਰ ਦੇ ਦਿਨ ਅੰਮ੍ਰਿਤ ਵੇਲੇ

ਉੱਠੇ। ਇਸ਼ਨਾਨ ਪਾਣੀ ਕਰਕੇ ਘਰ ਦੀ ਅਤੇ ਖ਼ਾਸ ਰਸੋਈ ਦੀ ਸਫ਼ਾਈ ਕਰੇ। ਫਿਰ ਇਸ਼ਨਾਨ ਕਰਕੇ ਸੁੱਚਮਤਾ ਦੇ ਨਾਲ ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਕਰਨੀ ਹੈ। ਜਿੱਥੇ ਚੌਪਹਿਰਾ ਸਾਹਿਬ ਕੱਟਣਾ ਹੋਵੇ ਸਾਫ ਵਸਤਰ ਵਿਛਾ ਕੇ ਬਾਬਾ ਦੀਪ ਸਿੰਘ ਜੀ ਦੀ ਫੋਟੋ ਉੱਚੇ ਥਾਂ ਰੱਖਣੀ ਹੈ ਤੇ ਫੋਟੋ ਅੱਗੇ ਜੋਤ ਜਗਾਉਣੀ ਹੈ। ਜੇ ਕਿਸੇ ਨੂੰ ਡਰ ਲੱਗਦਾ ਹੈ ਕਿ ਜੋਤ ਜਗਾਉਣ ਨਾਲ ਮਰਯਾਦਾ ਦਾ ਪਾਲਣ ਨਹੀਂ ਕਰ ਸਕਦੇ ਬੇਸ਼ੱਕ ਜੋਤ ਨਾ ਜਗਾਓ। ਜੋਤ ਜਗਾਉਣਾ ਜਾਂ ਨਾ ਜਗਾਉਣਾ ਵਿਅਕਤੀ ਤੇ ਨਿਰਭਰ ਕਰਦਾ ਹੈ। ਇਹ ਕੋਈ ਬੰਦਸ਼ ਨਹੀਂ ਹੈ। ਇਸ ਦਾ ਭਾਵ ਹੈ ਸਿੱਖ ਰਹਿਤ ਮਰਯਾਦਾ ਦੇ ਸਿਧਾਂਤ ਤੋਂ ਵੀ ਡਰਦੇ ਹਨ ਇਸ ਲਈ ਇਹ ਛੋਟ ਦੇ ਰਹੇ ਹਨ। ਜਦੋਂ ਵੀ ਸਮਾਂ ਮਿਲੇ ਜੋਤ ਦੇ ਨਾਂ ਦਾ ਘਿਓ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਅੰਮ੍ਰਿਤਸਰ ਵਿਖੇ ਭੇਟਾ ਕਰ ਸਕਦੇ ਹੋ। ਹੁਣ ਸਿੱਖ ਰਹਿਤ ਮਰਯਾਦਾ ਵਿਚ ਤਾਂ ਜੋਤ ਦਾ ਖੰਡਨ ਕੀਤਾ ਗਿਆ ਹੈ। ਕੀ ਗੁਰਬਾਣੀ ਜੋਤ ਦੀ ਗੱਲ ਨਹੀਂ ਕਰਨੀ ਚਾਹੀਦੀ?

ਦੇਗ ਬਣਾਉਣ ਤੇ ਜੋਤ ਜਗਾਉਣ ਤੋਂ ਬਾਅਦ ਦੁਪਹਿਰ ਦੇ ਬਾਰ੍ਹਾਂ ਵਜੇ ਬਾਬਾ ਦੀਪ ਸਿੰਘ ਜੀ ਦਾ ਨਾਂ ਲੈ ਕੇ ਗੁਰੂ ਸਾਹਿਬ ਅੱਗੇ ਅਰਦਾਸ ਕਰਨੀ ਹੈ। ਸਿੱਖ ਰਹਿਤ ਮਰਯਾਦਾ ਵਿਚ ਅਰਦਾਸ ਕੇਵਲ ਅਕਾਲ ਪੁਰਖ ਅੱਗੇ ਕਰਨ ਦੀ ਤਾਗ਼ੀਦ ਕੀਤੀ ਜਾਂਦੀ ਹੈ। ਅਰਦਾਸ ਕਿਸ ਕਾਰਜ ਲਈ, ਦੇਹ ਅਰੋਗਤਾ ਜਾਂ ਹੋਰ ਕਿਸੇ ਸੁੱਖ ਲਈ ਵੀ ਹੋ ਸਕਦੀ ਹੈ। ਇਸ ਤੋਂ ਬਾਅਦ 12 ਵਜੇ ਤੋਂ ਲੈ ਕੇ 4 ਵਜੇ ਤਕ 5 ਪਾਠ ਜਪੁ ਜੀ ਸਾਹਿਬ ਜੀ ਦੇ ਦੋ ਪਾਠ ਚੌਪਈ ਸਾਹਿਬ ਜੀ ਦੇ ਅਤੇ ਇਕ ਸੁਖਮਨੀ ਸਾਹਿਬ ਜੀ ਦਾ ਪਾਠ ਕਰਨਾ ਹੈ। ਗੁਰਦੁਆਰਾ ਸਾਹਿਬ ਵਾਂਗ ਏਥੇ ਵੀ 15-20 ਮਿੰਟ ਅਰਾਮ ਕਰ ਸਕਦੇ ਹੋ। ਇਸ ਸਮੇਂ ਦੌਰਾਨ ਕੁਝ ਚਾਹ ਪਾਣੀ ਛੱਕਣਾ ਹੋਵੇ ਜਾਂ ਵਾਸ਼ਰੂਮ ਵਗੈਰਾ ਜਾਣ ਦੀ ਲੋੜ ਹੈ ਤਾਂ ਜਾਇਆ ਜਾ ਸਕਦਾ ਹੈ। ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਅਨੰਦ ਸਾਹਿਬ ਜੀ ਦੀਆਂ ਦੀਆਂ ਛੇ ਪਉੜੀਆਂ ਦਾ ਪਾਠ ਕਰਕੇ ਅਰਦਾਸ ਬੇਨਤੀ ਕਰਨੀ ਹੈ। ਇਸ ਉਪਰੰਤ ਕੜਾਹ ਪ੍ਰਸ਼ਾਦ ਦੀ ਦੇਗ ਨੂੰ ਭੋਗ ਲਗਾਉਣਾ ਹੈ।

ਚੌਪਹਿਰੇ ਵਾਲ਼ਿਆਂ ਦੀ ਚਲਾਕ ਬਿਰਤੀ ਅਨੁਸਾਰ ਏਦਾਂ ਗੁਰਬਾਣੀ ਪੜ੍ਹਨ ਨਾਲ ਫਾਇਦਾ ਹੈ। ਸੰਗਤਾਂ ਦਾ ਵਿਸ਼ਵਾਸ ਹੈ ਕਿ ਬਾਬਾ ਦੀਪ ਸਿੰਘ ਜੀ ਦਾ ਨਾਮ ਲੈ ਕੇ ਜਦੋਂ ਮਨੁੱਖ ਸੱਚੇ ਦਿਲੋਂ ਚੌਪਹਿਰਾ ਕੱਟਦਾ ਹੈ ਤਾਂ ਉਸ ਦੀਆਂ ਸਾਰੀਆਂ ਅਰਦਾਸਾਂ ਪੂਰੀਆਂ ਹੋ ਜਾਂਦੀਆਂ ਹਨ। ਚੌਪਹਿਰੇ ਵਿਚ ਐਨੀ ਸ਼ਕਤੀ ਹੈ ਕਿ ਜੋ ਕਿਸਮਤ ਵਿਚ ਨਹੀਂ ਲਿਖਿਆ ਹੁੰਦਾ ਪਰਮਾਤਮਾ ਉਹ ਵੀ ਬਖਸ਼ ਦਿੰਦਾ ਹੈ। ਏਦ੍ਹਾਂ ਦੀਆਂ ਮਨ ਘੜਤ ਬੇ-ਥਵਾ ਗੱਲਾਂ ਸਬੰਧੀ ਗੁਰੂ ਨਾਨਕ ਸਾਹਿਬ ਜੀ ਪ੍ਰਤੱਖ ਫੁਰਮਾਣ ਹੈ—

**ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ॥**
**ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥**
**ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥ (418)**

ਜਿਹੜੇ ਪਾਖੰਡਾਂ ਦੀਆਂ ਗੁਰੂ ਸਾਹਿਬ ਜੀ ਨੇ ਧੁਕੀਆਂ ਉਡਾਈਆਂ ਸਨ ਉਹ ਪਾਖੰਡ ਇਨ੍ਹਾਂ ਨੇ ਬਹਾਦਰ ਕੌਮ ਦੇ ਗਲ਼ ਦਿਨ ਦੀਵੀਂ ਮੜ੍ਹ ਦਿੱਤੇ ਹਨ।

ਚੌਪਹਿਰੇ ਵਾਲੇ ਅੰਧ ਭਗਤਾਂ ਨੂੰ ਬੇਨਤੀ ਹੈ ਕਿ ਤੁਹਾਡੇ ਅਨੁਸਾਰ ਚੌਪਹਿਰਿਆਂ ਨਾਲ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ ਤਾਂ ਫਿਰ ਬੰਦੀ ਸਿੰਘਾਂ ਦੀ ਰਿਹਾਈ ਲਈ ਚੌਪਹਿਰੇ ਕੱਟ ਲਓ। ਘੱਟੋ ਘੱਟ ਪੰਥਕ ਕਾਰਜ ਤਾਂ ਹੋ ਜਾਏਗਾ। ਪੰਜਾਬ ਦਾ ਪਾਣੀ ਜ਼ਮੀਨ ਵਿਚੋਂ ਗਵਾਚ ਗਿਆ ਹੈ, ਉਸ ਨੂੰ ਲੱਭਣ ਲਈ ਦੋ ਚਾਰ ਚੌਪਹਿਰੇ ਕੱਟ ਲਓ। ਪੰਜਾਬ ਸਿਰ ਕਰਜ਼ੇ ਦਾ ਪੰਡ ਚੜ੍ਹੀ ਹੋਈ ਹੈ ਉਸ ਨੂੰ ਉਤਾਰਨ ਲਈ ਚੌਪਹਿਰ ਕੱਟ ਲਓ ਤਾਂ ਕਿ ਪੰਜਾਬ ਦੀ ਹੋਣੀ ਸਵਾਰੀ ਜਾ ਸਕੇ। ਗੁਰਬਾਣੀ ਦਾ ਫੁਰਮਾਣ ਤਾਂ ਸਾਨੂੰ ਰੱਬੀ ਹੁਕਮ ਵਿਚ ਚੱਲਣ ਦੀ ਤਾਗ਼ੀਦ ਕਰਦਾ ਹੈ—

**ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥**
**ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥ (3)**

ਅੰਧ ਭਗਤਾਂ ਦੇ ਖ਼ਿਆਲ ਅਨੁਸਾਰ ਚੌਪਹਿਰਿਆਂ ਨਾਲ ਜੋ ਮੰਗਾਂਗੇ ਉਹ ਮਿਲ ਜਾਏਗਾ। ਇਸ ਦਾ ਅਰਥ ਹੈ ਜਿਹੜਾ ਮੋਟਰ-ਗੱਡੀਆਂ ਦੇ ਚਿੱਬ ਕੱਢਦਾ ਹੈ ਉਹ ਇਸ ਲਈ ਚੌਪਹਿਰਾ ਕੱਟੇ ਕਿ ਵੱਧ ਤੋ ਵੱਧ ਐਕਸੀਡੈਂਟ ਹੋਣ ਤੇ ਸਾਡੇ ਕਾਰੋਬਾਰ ਵਿਚ ਵਾਧਾ ਹੋਵੇ। ਇਕ ਡਾਕਟਰ ਇਸ ਲਈ ਚੌਪਹਿਰਾ ਕੱਟੇ ਕਿ ਲੋਕ ਵੱਧ ਤੋਂ ਵੱਧ ਬਿਮਾਰ ਹੋਣ ਤਾਂ ਕਿ ਮੇਰਾ ਹਸਪਤਾਲ ਵੱਧ ਕਮਾਈ ਕਰ ਸਕੇ। ਰਾਜਨੀਤਿਕ ਪਾਰਟੀਆਂ ਇਸ ਲਈ ਚੌਪਹਿਰਾ ਕੱਟਣ ਕਿ ਸਾਡੀ ਹੀ ਜਿੱਤ ਹੋਵੇ। ਜਿਸ ਦਾ ਮੁਕਦਮਾ ਚੱਲ ਰਿਹਾ ਹੈ ਉਹ ਇਸ ਲਈ ਚੌਪਹਿਰਾ ਕੱਟੇ ਕਿ ਸਾਡਾ ਝੂਠਾ ਕੇਸ ਜਿੱਤਿਆ ਜਾਏ। ਨਿਆਣਿਆਂ ਨੂੰ ਹੁਣ ਪੜ੍ਹਨ ਦੀ ਲੋੜ ਨਹੀਂ ਕਿ ਚੌਪਹਿਰਾ ਕੱਟਣ ਨਾਲ ਹੀ ਪਾਸ ਹੋ ਜਾਣਗੇ। ਸੂਰਬੀਰਾਂ ਦੀ ਕੌਮ ਨੂੰ ਚਲੀਹੇ ਦੀ ਤਰਜ਼ ਤੇ ਚੌਪਹਿਰੇ ਕੱਟਣ ਵਲ ਤੋਰ ਦਿੱਤਾ। ਚੌਪਹਿਰਿਆਂ ਦੀ ਕਾਢ ਵਾਲੇ ਨੂੰ ਦਾਦ ਦੇਣੀ ਤਾਂ ਬਣਦੀ ਹੀ ਹੈ ਪਰ ਨਾਲ ਇੱਕੀ ਤੋਪਾਂ ਦੀ ਸਲਾਮੀ ਵੀ ਦੇਣੀ ਚਾਹੀਦੀ ਹੈ। ਆਹ ਗੁਰਬਾਣੀ ਵਿਚਾਰ ਤਾਂ ਇਨ੍ਹਾਂ ਦੇ ਉਤੋਂ ਦੀ ਲੰਘ ਜਾਣੇ ਨੇ।

**1 ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ ॥**
**ਨਾ ਤੂ ਆਵਹਿ ਵਸਿ ਬੇਦ ਪੜਾਵਣੇ ॥ (962)**
**2 ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥ (15)**
**3 ਨਾਨਕ ਵਿਣੁ ਨਾਵੈ ਕੋ ਥਿਰੁ ਨਹੀ ਪੜਿ ਪੜਿ ਹੋਇ ਖੁਆਰੁ ॥ (84)**
**4 ਪੜਿ ਪੜਿ ਪੰਡਿਤ ਮੋਨੀ ਥਕੇ ਚਉਥੇ ਪਦ ਕੀ ਸਾਰ ਨ ਪਾਵਣਿਆ॥ (117)**
**5 ਲੇਖਾ ਪੜਿ ਨ ਪਹੂਚੀਐ ਕਥਿ ਕਹਣੈ ਅੰਤੁ ਨ ਪਾਇ ॥ (427)**

ਹਾਂਗਕੌਂਗ ਦੇ ਸੰਸਾਰ ਪ੍ਰਸਿੱਧ ਗੁਰਦੁਆਰੇ ਵਿੱਚ ਇਕ ਬਾਬੇ ਨੇ ਸਟੇਜ ਤੋਂ ਕਿਹਾ ਕਿ ਇਕ ਦਿਨ ਵਿਚ 151 ਵਾਰ ਜਪੁ ਬਾਣੀ ਦਾ ਪਾਠ ਤੇ ਪੰਜ ਸੁਖਮਨੀ ਸਾਹਿਬ ਦੇ ਪਾਠ ਕੀਤੇ ਜਾਣ ਫਿਰ ਜੋ ਮੰਗੋਗੇ ਉਹ ਮਿਲ ਜਾਏਗਾ। ਬਾਬਾ ਜੀ ਨੂੰ ਸਿੱਧਾ ਜੇਹਾ ਸੁਆਲ ਕੀਤਾ ਕਿ ਬਾਬਾ ਜੀ ਜੇ ਜਪੁ ਬਾਣੀ ਦੇ ਇਕ ਪਾਠ ਨੂੰ ਦਸ ਮਿੰਟ ਵੀ ਲਗਦੇ ਹੋਣ ਤਾਂ 151 ਪਾਠ 1510 ਮਿੰਟ ਵਿਚ ਹੋਣਗੇ ਜਦ ਕਿ ਦਿਨ ਰਾਤ ਵਿਚ 1440 ਮਿੰਟ ਬਣਦੇ ਹਨ ਤੇ ਪੰਜ ਸੁਖਮਨੀ ਸਾਹਿਬ ਦੇ ਪਾਠ ਵੱਖਰੇ ਹਨ। ਕੁਲ ਮਿਲਾ ਕਿ ਇਹ 31-32 ਘੰਟੇ ਬਣਦੇ ਹਨ। ਹੁਣ ਦੱਸੋ ਕਿ ਇਸ ਤੋਂ ਵੱਧ ਗੱਪ ਕੀ ਹੋ ਸਕਦੀ ਹੈ?

ਗੁਰੂ ਅਰਜਨ ਪਾਤਸ਼ਾਹ ਜੀ ਦਾ ਪਿਆਰਾ ਵਾਕ ਹੈ—

**ਬਿਬੇਕ ਬੁਧਿ ਸਭ ਜਗ ਮਹਿ ਨਿਰਮਲ ਬਿਚਰਿ ਬਿਚਰਿ ਰਸੁ ਪੀਜੈ ॥**
**ਗੁਰ ਪਰਸਾਦਿ ਪਦਾਰਥੁ ਪਾਇਆ ਸਤਿਗੁਰ ਕਉ ਇਹੁ ਮਨੁ ਦੀਜੈ ॥ (1325)**

ਅਤੇ

**ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥**
**ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥**
**ਸੰਤਹੁ ਸਾਗਰੁ ਪਾਰਿ ਉਤਰੀਐ ॥**
**ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥ (747)**

ਬਾਬਾ ਦੀਪ ਸਿੰਘ ਸ਼ਹੀਦ ਮਿਸਲ ਦੇ ਮੁੱਖ ਜਥੇਦਾਰ ਰਹੇ ਹਨ। 1757 ਈ. ਨੂੰ ਜਦੋਂ ਤੈਮੂਰ ਸ਼ਾਹ ਤੇ ਨਾਦਰ ਸ਼ਾਹ ਨੇ ਦਰਬਾਰ ਸਾਹਿਬ ਨੂੰ ਪੂਰ ਦੇਣ ਵਾਲੀ ਘਟਨਾ ਦਾ ਪਤਾ ਲੱਗਿਆ ਤਾਂ ਬਾਬਾ ਦੀਪ ਸਿੰਘ ਨੇ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਅੰਮ੍ਰਿਤਸਰ ਵਲ ਨੂੰ ਚੱਲ ਪਏ। ਸਿੱਖ ਰਵਾਇਤਾਂ ਅਨੁਸਾਰ 5 ਤੋਂ 7 ਹਜ਼ਾਰ ਤਕ ਸਿੰਘਾਂ ਦੀ ਗਿਣਤੀ ਹੋ ਗਈ ਸੀ। ਡਾਕਟਰ ਦਿਲਗੀਰ ਜੀ ਸਿੱਖ ਤਵਰੀਖ ਭਾਗ ਦੂਜਾ ਦੇ ਪੰਨਾ 206 ਤੇ ਲਿਖਦੇ ਹਨ ਕਿ ਦਰਬਾਰ ਸਾਹਿਬ ਦੇ ਨੇੜੇ ਬਾਬਾ ਦੀਪ ਸਿੰਘ ਦੀ ਗਰਦਨ 'ਤੇ ਬਹੁਤ ਗਹਿਰਾ ਫੱਟ ਲੱਗਿਆ ਪਰ ਬਾਬਾ ਦੀਪ ਸਿੰਘ ਸਿੰਘ ਨੇ ਇਕ ਹੱਥ ਨਾਲ ਗਰਦਨ ਨੂੰ ਸਹਾਰਾ ਦੇ ਕੇ ਦੂਜੇ ਹੱਥ ਨਾਲ ਖੰਡਾ ਵਾਹੁੰਣਾ ਸ਼ੁਰੂ ਕੀਤਾ ਤਾਂ ਦੁਸ਼ਮਨ ਦੀ ਫੌਜ ਅਜੇਹੀ ਬਹਾਦਰੀ ਦੇਖ ਕੇ ਭੱਜ ਉੱਠੀ। ਬਾਬਾ ਦੀਪ ਸਿੰਘ ਜੀ ਨੇ ਦਰਬਾਰ ਸਾਹਿਬ ਦੀ ਅਜ਼ਾਦੀ ਲਈ ਆਪਣੀ ਸ਼ਹਾਦਤ ਦਿੱਤੀ। ਸਿੱਖ ਇਤਿਹਾਸ ਵਿਚ ਬਾਬਾ ਬੰਦਾ ਸਿੰਘ ਬਹਾਦਰ, ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ ਦੀ ਤਰ੍ਹਾਂ ਸ਼ਹੀਦਾਂ ਦੀ ਕਤਾਰ ਬਹੁਤ ਲੰਮੀ ਹੈ। ਅਸੀਂ ਹਰ ਰੋਜ਼ ਸਵੇਰੇ ਸ਼ਾਮ ਅਰਦਾਸ ਵਿਚ ਯਾਦ ਕਰਦੇ ਹਾਂ ਕਿ ਜਿੰਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ

'ਤੇ ਚੜੇ, ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਈ, ਤਿਨ੍ਹਾਂ ਦੀ ਕਮਾਈ ਨੂੰ ਯਾਦ ਕਰਦੇ ਹਾਂ। ਦੁਖ ਦੀ ਗੱਲ ਹੈ ਕਿ ਚੋਪਹਿਰਾ ਭਗਤਾਂ ਨੇ ਬਾਬਾ ਦੀਪ ਸਿੰਘ ਦੀ ਮਹਾਨ ਸ਼ਹੀਦੀ ਦੇ ਫਲਸਫੇ ਨੂੰ ਹਿੰਦੂ ਕਰਮ-ਕਾਂਡ ਵਿਚ ਬਦਲ ਦਿੱਤਾ ਹੈ। ਉਧਰ ਹਨੂਮਾਨ ਚਲੀਹਾ ਕੱਟਿਆ ਜਾਂਦਾ ਹੈ ਤੇ ਏਥੇ ਚੋਪਹਿਰਾ ਕੱਟਣਾ ਸ਼ੁਰੂ ਹੋ ਗਿਆ। ਗੁਰਬਾਣੀ ਦੇ ਅਗੰਮੀ ਸਿਧਾਂਤ ਨੂੰ ਜਾਣਦਿਆਂ ਬੁਝਦਿਆਂ ਸਿੱਖਾਂ ਨੂੰ ਵਿਚਾਰਵਾਨ ਬਣਾਉਣ ਦੀ ਥਾਂ 'ਤੇ ਭਰਮਾਂ ਵਹਿਮਾਂ ਵਿਚ ਪਾਇਆ ਜਾ ਰਿਹਾ ਹੈ।

**ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥ ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥ (594)**

ਜੋ ਕੁਝ ਚੌਪਹਿਰੇ ਦੇ ਨਾਂ 'ਤੇ ਕੀਤਾ ਜਾ ਰਿਹਾ ਹੈ ਇਹ ਨਾ ਤਾਂ ਗੁਰਬਾਣੀ ਸਿਧਾਂਤ ਤੇ ਨਾ ਹੀ ਰਹਿਤ ਮਰਯਾਦਾ ਅਨੁਸਾਰ ਹੈ। ਇਹ ਸਾਰਾ ਕੁਝ ਮੰਦਰਾਂ ਦੀ ਤਰਜ਼ 'ਤੇ ਹੋ ਰਿਹਾ ਹੈ।

ਦੇਸ-ਵਿਦੇਸ਼ ਵਿਚ ਬਾਬਾ ਦੀਪ ਸਿੰਘ ਜੀ ਨਾਂ 'ਤੇ ਗੁਰਦੁਆਰੇ ਖੋਲ੍ਹ ਕੇ ਪੂਰਾ ਮਨਮਤੀ ਪ੍ਰਚਾਰ ਕੀਤਾ ਜਾ ਰਿਹਾ ਹੈ। ਇਹ ਸਾਰਾ ਕੁਝ ਹਿੰਦੂਤਵੀ ਮੰਦਰਾਂ ਤੇ ਦੇਵੀ ਦੇਵਤਿਆਂ ਦੀ ਪੂਜਾ ਵਾਂਗ ਕੀਤਾ ਜਾ ਰਿਹਾ ਹੈ। ਇਹ ਵੀ ਮੰਨਣਾ ਪਏਗਾ ਇਨ੍ਹਾਂ ਲੋਕਾਂ ਨੇ ਬਾਬਾ ਦੀਪ ਸਿੰਘ ਦੀ ਸ਼ਹਾਦਤ ਨੂੰ ਸਮਝਣ ਦੀ ਥਾਂ 'ਤੇ ਕਰਮ-ਕਾਂਡ ਸ਼ੁਰੂ ਕਰ ਦਿੱਤਾ। ਕਾਸ਼ ਗੁਰਬਾਣੀ ਸਿਧਾਂਤ ਸਮਝਿਆ ਜਾਂਦਾ ਤਾਂ ਅਜੇਹੇ ਕਰਮ ਕਾਂਡ ਕਦੇ ਵੀ ਜਨਮ ਨਾ ਲੈਂਦੇ—

**ਸਤਿਗੁਰੁ ਜਿਨੀ ਨ ਸੇਵਿਓ**
**ਸਬਦਿ ਨ ਕੀਤੋ ਵੀਚਾਰੁ ॥**
**ਅੰਤਰਿ ਗਿਆਨੁ ਨ ਆਇਓ**
**ਮਿਰਤਕੁ ਹੈ ਸੰਸਾਰਿ ॥ (88)**

ਅਤੇ

**ਜਿਨਾ ਸਤਿਗੁਰੁ ਪੁਰਖੁ ਨ ਸੇਵਿਓ**
**ਸਬਦਿ ਨ ਕੀਤੋ ਵੀਚਾਰੁ ॥**
**ਓਇ ਮਾਣਸ ਜੂਨਿ ਨ ਆਖੀਅਨਿ**
**ਪਸੂ ਢੋਰ ਗਾਵਾਰ ॥ (1418)**

ਚੋਪਹਿਰਿਆਂ ਦੇ ਵਹਿਮ ਵਿਚ ਪੈਣ ਦੀ ਥਾਂ 'ਤੇ ਜੇ ਕੋਈ ਕਹੇ ਭਾਈ ਗੁਰਬਾਣੀ ਆਪ ਸੁਣ ਤੇ ਆਪ ਸਮਝੋ ਤੇ ਹੋਰਨਾਂ ਨੂੰ ਸਮਝਾਉਣ ਦਾ ਯਤਨ ਕਰੋ। ਅੰਧ ਭਗਤ ਕਹਿੰਦੇ ਹਨ ਕਿ ਜੀ ਇਹ ਗੁਰਬਾਣੀ ਪੜ੍ਹਨ ਤੋਂ ਰੋਕਦੇ ਹਨ। ਇਹ ਵੀ ਕਹਿੰਦੇ ਹਨ ਕਿ ਕੀ ਗੁਰਬਾਣੀ ਪੜ੍ਹਨੀ ਕੋਈ ਮਾੜੀ ਗੱਲ ਹੈ। ਨਹੀਂ ਜੀ ਕੋਈ ਮਾੜੀ ਗੱਲ ਨਹੀਂ ਹੈ, ਪਰ ਜਿਹੜਾ ਚੋਪਹਿਰਿਆ ਵਾਲਾ ਸਿਧਾਂਤ ਘੜਿਆ ਗਿਆ ਹੈ ਉਹ ਗੁਰਮਤਿ ਨਹੀਂ ਹੈ।

**ਪੜਿ ਥਕੇ ਸੰਤੋਖੁ ਨ ਆਇਓ ਅਨਦਿਨੁ ਜਲਤ ਵਿਹਾਇ ॥ ਕੂਕ ਪੂਕਾਰ ਨ ਚੁਕਈ ਨਾ ਸੰਸਾ ਵਿਚਹੁ ਜਾਇ ॥ ਨਾਨਕ ਨਾਮ ਵਿਹੂਣਿਆ ਮੁਹਿ ਕਾਲੈ ਉਠਿ ਜਾਇ॥ (647)**

-0-

# ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ

**-ਰੁਪਿੰਦਰ ਸਿੰਘ ਕਾਲਖ਼**

ਜਦੋਂ ਗੁਰੂ ਨਾਨਕ ਸਾਹਿਬ ਜੀ ਦੀ ਵਿਚਾਰ ਸਿਧਾਂ ਨਾਲ ਹੋਈ ਸੀ ਤਾਂ ਸਿਧਾਂ ਨੇ ਬਾਬੇ ਨੂੰ ਪ੍ਰਸ਼ਨ ਕੀਤਾ ਸੀ ਕਿ ਤੁਹਾਡਾ ਗੁਰੂ ਕੌਣ ਹੈ ਤੇ ਬਾਬੇ ਨੇ ਜਵਾਬ ਦਿੱਤਾ ਸੀ 'ਸ਼ਬਦ ਗੁਰੂ' । ਓਹੀ ਸ਼ਬਦ ਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਸਾਡੇ ਕੋਲ ਮੌਜੂਦ ਹੈ ।

ਗੁਰੂ ਗ੍ਰੰਥ ਸਾਹਿਬ ਸਿਖਾਂ ਲਈ ਕੇਵਲ ਇਕ ਧਰਮ ਗ੍ਰੰਥ ਹੀ ਨਹੀਂ, ਸਗੋਂ ਜ਼ਾਹਰਾ ਜ਼ਹੂਰ, ਦਸਾਂ ਪਾਤਸ਼ਾਹੀਆਂ ਦੀ ਜੋਤ। ਇਹ ਗ੍ਰੰਥ ਆਮ ਤੌਰ 'ਤੇ ਪੰਜਾਬੀਆਂ ਅਤੇ ਵਿਸ਼ੇਸ਼ ਤੌਰ ਤੇ ਸਾਰੀ ਦੁਨੀਆਂ ਵਿੱਚ ਵਸੇ ਸਿਖਾਂ ਦੇ ਮਨਾਂ ਉਪਰ ਰਾਜ ਕਰਦਾ ਆ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਗੁਰਬਾਣੀ ਪੜ੍ਹਨ, ਸੁਣਨ, ਗਾਉਣ, ਵਿਚਾਰਨ ਅਤੇ ਉਸ ਅਨੁਸਾਰ ਜੀਵਨ ਬਤੀਤ ਕਰਨ ਦੀ ਗੱਲ ਤਾਂ ਵਾਰ ਵਾਰ ਕੀਤੀ ਗਈ ਹੈ ਪਰ ਗੁਰਬਾਣੀ ਨੂੰ ਪੂਜਣ ਦਾ ਇਕ ਵੀ ਹਵਾਲਾ ਨਹੀਂ ਮਿਲਦਾ, ਇਸੇ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਅਸਲ ਸਤਿਕਾਰ ਗੁਰਬਾਣੀ ਮੁਤਾਬਿਕ ਜੀਵਨ ਜਿਉਣਾ ਹੈ। ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਸ ਗੁਰੂਆਂ ਦੀ ਜੋਤ ਕਹਿੰਦੇ ਹਾਂ ਤਾਂ ਇਸਦਾ ਕੇਵਲ ਇਹੀ ਭਾਵ ਹੁੰਦਾ ਹੈ ਕਿ ਇਸ ਮਹਾਨ ਗ੍ਰੰਥ ਵਿੱਚ ਦਸਾਂ ਗੁਰੂਆਂ ਦੀ ਸੇਧ ਅਤੇ ਵਿਚਾਰਧਾਰਾ ਦਰਜ ਹੈ। ਇਸ ਸੇਧ ਨੂੰ ਆਪਣਾ ਕੇ ਹੀ ਅਸੀਂ ਆਪਣਾ ਮਨੁੱਖਾ ਜੀਵਨ ਸੰਵਾਰ ਸਕਦੇ ਹਾਂ। ਸਿੱਖਾਂ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਸਭ ਤੋਂ ਸ੍ਰੇਸ਼ਟ ਫਰਜ ਮੰਨਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਆਕਾਰ ਭਾਵੇਂ ਕੁੱਝ ਵੀ ਹੋਵੇ ਉਸਦਾ ਸਤਿਕਾਰ ਇਕ ਹੀ ਮਰਿਯਾਦਾ ਨਾਲ ਕੀਤਾ ਜਾਂਦਾ ਹੈ, ਇਥੋਂ ਤੱਕ ਕੀ ਗੁਰਬਾਣੀ ਦੀਆਂ ਪੋਥੀਆਂ ਅਤੇ ਗੁਟਕੇ ਵੀ ਵਿਸ਼ੇਸ਼ ਮਰਿਯਾਦਾ ਨਾਲ ਸੰਭਾਲੇ ਜਾਂਦੇ ਹਨ।

ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸਿਰ ਢਕਿਆ ਜਾਂਦਾ ਹੈ।

ਗੁਰਬਾਣੀ ਪੜ੍ਹਨ ਸਮੇਂ ਇਸ਼ਨਾਨ ਕਰਨਾ ਜਾਂ ਹੱਥ ਮੂੰਹ ਸਾਫ਼ ਕਰਨਾ ਪਹਿਲਾ ਫ਼ਰਜ਼ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪੋਥੀਆਂ ਗੁਟਕਿਆਂ ਨੂੰ ਭੁੰਜੇ ਨਹੀਂ ਰੱਖਣਾ, ਹਮੇਸ਼ਾਂ ਕਿਸੇ ਉੱਚੀ ਅਤੇ ਸਾਫ਼ ਕਪੜੇ ਤੇ ਰੱਖ ਕੇ ਪੜ੍ਹਨਾ।

ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਅਸਥਾਨ ਤੇ ਚੰਦੋਆ ਤਾਣਿਆ ਜਾਂਦਾ ਹੈ।

ਜਦੋਂ ਸੰਗਤ ਹੋਵੇ ਓਦੋ ਚੌਰ ਝੁਲਾਇਆ ਜਾਂਦਾ ਹੈ।

ਗੁਟਕੇ ਪੋਥੀਆਂ ਨੂੰ ਵੀ ਰੁਮਾਲ ਵਿਚ ਸੰਭਾਲਿਆ ਜਾਂਦਾ ਹੈ।

ਸ਼ਾਮ ਵੇਲੇ ਨਿਤਨੇਮ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਸੁਖ ਆਸਨ ਕਰਕੇ ਪਲੰਘ ਤੇ ਨਿਵਾਜਿਆ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਨੂੰ ਇਕ ਥਾਂ ਤੋਂ ਦੂਜੀ ਥਾਂ ਲਿਜਾਣ ਸਮੇਂ ਘੱਟੋ ਘੱਟ ਪੰਜ ਸਿੱਖ ਨਾਲ ਹੋਣੇ ਲਾਜ਼ਮੀ ਹਨ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਨੰਗੇ ਪੈਰੀ ਜਾਣਾ ਚਾਹੀਦਾ ਹੈ।

ਇਤਿਹਾਸ ਦੀ ਇਕ ਘਟਨਾ ਹੈ ਕਿ ਜਦੋਂ ਔਰੰਗਜੇਬ ਨੂੰ ਵਿਰੋਧੀਆਂ ਨੇ ਸਿੱਖ ਧਰਮ ਬਾਰੇ ਕੁਬੋਲ ਬੋਲ ਬੋਲੇ ਤੇ ਇਸਲਾਮ ਲਈ ਖਤਰਾ ਦੱਸਿਆ ਤਾਂ ਉਸਨੇ ਗੁਰੂ ਹਰਿ ਰਾਇ ਸਾਹਿਬ ਜੀ ਨੂੰ ਦਿੱਲੀ ਸੱਦਾ ਭੇਜਿਆ। ਸਤਿਗੁਰੂ ਜੀ ਨੇ ਆਪਣੀ ਥਾਂ ਆਪਣੇ ਵੱਡੇ ਸਪੁੱਤਰ ਬਾਬਾ ਰਾਮ ਰਾਇ ਜੀ ਨੂੰ ਭੇਜਿਆ, ਭਾਵੇਂ ਰਾਮ ਰਾਇ ਛੋਟੀ ਉਮਰ ਦੇ ਹੀ ਸਨ ਪਰ ਉਹਨਾਂ ਨੇ ਆਪਣੇ ਮਿੱਠੇ ਸੁਭਾਅ ਨਾਲ, ਆਪਣੀ ਸੁੰਦਰ ਅਕਲ ਨਾਲ ਔਰੰਗਜੇਬ ਨੂੰ ਬਹੁਤ ਪ੍ਰਭਾਵਿਤ ਕਰ ਲਿਆ। ਬਾਬਾ ਰਾਮ ਰਾਇ ਦੇ ਨਾਂ ਦਾ ਏਨਾਂ ਆਦਰ ਸਤਿਕਾਰ ਮੁਸਲਮਾਨ ਦਰਬਾਰੀਆਂ ਨੂੰ ਤੇ ਵੱਡੇ ਕਾਜ਼ੀਆਂ ਨੂੰ ਪਸੰਦ ਨਹੀਂ ਸੀ। ਆਖਰ ਉਨਾਂ ਨੇ ਔਰੰਗਜੇਬ ਪਾਸੋਂ ਬਾਬਾ ਜੀ ਉਤੇ ਇਹ ਸਵਾਲ ਕਰਾ ਦਿੱਤਾ ਕਿ ਗੁਰੂ ਨਾਨਕ ਸਾਹਿਬ ਨੇ ਆਸਾ ਦੀ ਵਾਰ ਦੇ ਇਕ ਸਲੋਕ ਵਿਚ **ਮਿੱਟੀ ਮੁਸਲਮਾਨ ਕੀ** ਦਾ ਜ਼ਿਕਰ ਕੀਤਾ ਹੈ। ਤਾਂ ਬਾਬਾ ਰਾਮ ਰਾਇ ਨੇ ਬਣੇ ਸ਼ਾਹੀ ਅਸਰ ਰਸੂਖ਼ ਆਦਰ ਸਤਿਕਾਰ ਨੂੰ ਕਾਇਮ ਰੱਖਣ ਲਈ ਓਥੇ ਇਹ ਉਤਰ ਦੇ ਦਿੱਤਾ ਕਿ ਅਸਲ ਤੁਕ ਸੀ **ਮਿੱਟੀ ਬੇਈਮਾਨ ਕੀ**। ਇਸ ਤਰਾਂ ਇਕ ਤਾਂ ਗੁਰਬਾਣੀ ਦੀ ਨਰਾਦਰੀ ਕਰ ਦਿੱਤੀ, ਦੂਜਾ ਸਾਰੇ ਸਲੋਕ ਦੇ ਭਾਵ ਨੂੰ ਹੀ ਬਦਲ ਦਿੱਤਾ।

ਇਸ ਕੀਤੀ ਗਲਤੀ ਦੇ ਕਾਰਨ ਗੁਰੂ ਹਰਿ ਰਾਇ ਸਾਹਿਬ ਜੀ ਨੇ ਉਹਨਾਂ ਦੀ ਸਦਾ ਲਈ ਦੂਰੀ ਬਣ ਗਈ। ਬਾਣੀ ਦੀ ਨਿਰਾਦਰੀ ਗੁਰੂ ਦੀ ਨਿਰਾਦਰੀ ਹੈ, ਬਾਣੀ ਵੱਲੋਂ ਮੂੰਹ ਫੇਰਨਾ ਗੁਰੂ ਵੱਲੋਂ ਮੂੰਹ ਫੇਰਨਾ ਹੈ।

ਇਕ ਹੁੰਦਾ ਗੁਰੂ ਗ੍ਰੰਥ ਸਾਹਿਬ ਜੀ ਬਾਹਰੀ ਸਤਿਕਾਰ ਜੋ ਆਪਾਂ ਉਪਰ ਗੱਲ ਕਰ ਆਏ ਹਾਂ ਦੂਸਰਾ ਇਹ ਕਿ

**ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥ (669)**

ਭਾਵ ਉਨਾਂ ਦਾ ਗਾਇਆ ਤੇ ਸੁਣਿਆ ਥਾਏਂ ਪੈਂਦਾ ਹੈ ਜਿੰਨਾ ਨੇ ਸਤਿਗੁਰੂ ਜੀ ਦੀ ਆਗਿਆ ਨੂੰ ਸੱਚ ਕਰਕੇ ਮੰਨਿਆ ਹੈ, ਜਿਨ੍ਹਾਂ ਨੇ ਗੁਰੂ ਦੇ ਹੁਕਮ ਨੂੰ ਜੀਵਨ ਵਿੱਚ ਵਸਾ ਲਿਆ ਹੈ।

ਆਓ ਆਪਾਂ ਸਾਰੇ ਗੁਰਬਾਣੀ ਪੜ੍ਹ ਸਮਝ ਵਿਚਾਰ ਕੇ ਦਿਲ ਵਿੱਚ ਵਸਾਈਏ ਅਤੇ ਸਤਿਗੁਰੂ ਦੇ ਸੱਚੇ ਸਿੱਖ ਬਣੀਏ। -0-

# ਪਾਠਕਾਂ ਦੇ ਸਵਾਲਾਂ ਦੇ ਜਵਾਬ

-ਗੁਰਮਤਿ ਵਿਰਸਾ ਬਿਊਰੋ

**1. ਸਵਾਲ: ਦਰਬਾਰ ਸਾਹਿਬ, ਅੰਮ੍ਰਿਤਸਰ ਦੁਖ ਭੰਜਨੀ ਬੇਰੀ ਤੇ ਬਾਬੇ ਦੀ ਬੇਰ ਕੋਲ ਸੰਗਮਰਮਰ ਦੀਆਂ ਸੰਦੂਕੜੀਆਂ ਲੱਗੀਆਂ ਹੋਈਆਂ ਹਨ। ਕੀ ਇਨ੍ਹਾਂ ਸੰਦੂਕੜੀਆਂ ਦਾ ਇਹ ਮਨੋਰਥ ਨਹੀਂ ਕਿ ਬੇਰੀਆਂ ਨੂੰ ਮੱਥਾ ਟੇਕਣ ਲਈ ਪੈਸੇ ਸੰਦੂਕੜੀ ਵਿੱਚ ਪਾਏ ਜਾਣ?**

**ਜਵਾਬ:** ਸਿੱਖਾਂ ਨੂੰ ਕੇਵਲ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣ ਦਾ ਹੁਕਮ ਹੈ। ਬੇਰੀਆਂ ਤਾਂ ਮਹਾਨ ਸਖ਼ਸ਼ੀਅਤਾਂ ਦੀਆਂ ਯਾਦਾਂ ਨਾਲ ਜੁੜੀਆਂ ਹੋਈਆਂ ਹਨ। ਇਨ੍ਹਾਂ ਨੂੰ ਮੱਥਾ ਟੇਕਣਾ ਗੁਰਮਤਿ ਦੇ ਵਿਰੁੱਧ ਹੈ। ਲੋਕ ਮੱਥਾ ਟੇਕਣ ਤੋਂ ਨਹੀਂ ਹਟਦੇ ਤੇ ਉੱਥੇ ਪੈਸੇ ਰੱਖ ਜਾਂਦੇ ਹਨ। ਹੋ ਸਕਦੈ ਸੰਦੂਕੜੀਆਂ ਇਸ ਕਰਕੇ ਰੱਖੀਆਂ ਹੋਣ ਕਿ ਉਨ੍ਹਾਂ ਪੈਸਿਆਂ ਨੂੰ ਸੁਰੱਖਿਅਤ ਸੰਭਾਲਿਆ ਜਾ ਸਕੇ। ਇਨ੍ਹਾਂ ਦੇ ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਵੀ ਕੀਤਾ ਗਿਆ ਹੈ। ਇਤਿਹਾਸਕ ਮਹਾਨਤਾ ਨੂੰ ਧਿਆਨ ਵਿੱਚ ਰੱਖਦਿਆਂ ਹੀ ਲੋਕ ਬੇਰੀਆਂ ਨੂੰ ਨਮਸਕਾਰ ਕਰਦੇ ਹਨ। ਪ੍ਰੇਰਨਾ ਅਤੇ ਪ੍ਰਚਾਰ ਨਾਲ ਲੋਕਾਂ ਨੂੰ ਸਹੀ ਸਿਧਾਂਤ ਸਮਝਾਇਆ ਜਾਣਾ ਚਾਹੀਦਾ ਹੈ। ਕੇਵਲ ਨਿੰਦਾ ਕਰਨ ਨਾਲ ਲੋਕਾਂ ਨੂੰ ਸਿਧਾਂਤ ਨਹੀਂ ਪਤਾ ਲੱਗ ਸਕਦਾ।

**2. ਸਵਾਲ: ਸੁਖਆਸਨ ਅਸਥਾਨ ਵਖਰਾ ਹੋਣਾ ਚਾਹੀਦਾ ਹੈ? ਕੀ ਨਿਵੇਕਲੀ ਜਗ੍ਹਾਂ ਹੋਣੀ ਚਾਹੀਦੀ ਹੈ। ਘਰਾਂ ਵਿੱਚ ਜੇ ਵੱਖਰੀ ਜਗ੍ਹਾਂ ਨਾ ਹੋਵੇ ਤਾਂ ਪੀੜ੍ਹੇ ਉਪਰ ਹੀ ਸੁਖਆਸਨ ਕੀਤਾ ਜਾ ਸਕਦਾ ਹੈ?**

**ਉੱਤਰ:** ਗੁਰਦੁਆਰਾ ਸਾਹਿਬ ਵਿੱਚ ਸੁਖਆਸਨ ਅਸਥਾਨ ਲਈ ਵੱਖਰੀ ਨਿਵੇਕਲੀ ਜਗ੍ਹਾ ਹੋਣੀ ਚਾਹੀਦੀ ਹੈ। ਘਰਾਂ ਵਿੱਚ ਜੇ ਵੱਖਰੀ ਜਗ੍ਹਾਂ ਨਾ ਹੋਵੇ ਤਾਂ ਪੀੜ੍ਹੇ ਉੱਪਰ ਹੀ ਸੁਖਆਸਨ ਕੀਤਾ ਜਾ ਸਕਦਾ ਹੈ।

**3. ਸਵਾਲ: ਗੁਰੂ ਮਹਾਰਾਜ ਜੀ ਦੀ ਹਜ਼ੂਰੀ ਵਿੱਚ ਕੜਾਹ ਪ੍ਰਸ਼ਾਦਿ ਦੀ ਪ੍ਰਵਾਨਗੀ ਲਈ ਕ੍ਰਿਪਾਨ ਭੇਟ ਕਰਨ ਦੀ ਰੀਤ ਕਦੋਂ ਅਤੇ ਕਿਉਂ ਚਲੀ? ਅਤੇ ਕ੍ਰਿਪਾਲ ਭੇਟ ਕਦੋਂ ਕਰਨੀ ਚਾਹੀਦੀ ਹੈ?**

**ਉੱਤਰ:** ਕੜਾਹ ਪ੍ਰਸ਼ਾਦਿ ਜੋ ਸਿੱਖ ਰਹਿਤ ਮਰਿਯਾਦਾ ਵਿੱਚ ਦਿੱਤੀ ਗਈ ਮਰਿਯਾਦਾ ਅਨੁਸਾਰ ਤਿਆਰ ਕੀਤਾ ਗਿਆ ਹੋਵੇ, ਪ੍ਰਵਾਨਗੀ ਲਈ ਕ੍ਰਿਪਾਨ ਭੇਟ ਕੀਤਾ ਜਾਣਾ ਜਰੂਰੀ ਹੈ। ਅਰਦਾਸ ਪਿਛੋਂ ਕੜਾਹ ਪ੍ਰਸ਼ਾਦਿ ਕ੍ਰਿਪਾਨ ਭੇਟ ਕਰਨਾ ਸ੍ਰੀ ਦਸ਼ਮੇਸ਼ ਜੀ ਦਾ ਅਨੁਕਰਣ ਹੈ। ਦੀਵਾਨ ਵਿੱਚ ਜਦ ਪ੍ਰਸ਼ਾਦਿ ਸਤਿਗੁਰਾਂ ਦੇ ਪੇਸ਼ ਹੁੰਦਾ ਤਾਂ ਸਤਿਗੁਰੂ ਕ੍ਰਿਪਾਨ ਅਥਵਾ ਤੀਰ ਨਾਲ (ਜੋ ਵੀ ਉਸ ਵੇਲੇ ਹੱਥ ਵਿੱਚ ਹੁੰਦਾ) ਥੋੜ੍ਹਾ ਪ੍ਰਸ਼ਾਦਿ ਥਾਲ ਵਿਚੋਂ ਅੰਗੀਕਾਰ ਕਰਕੇ ਸੰਗਤ ਵਿੱਚ ਵਰਤਾਉਣ ਦੀ ਆਗਿਆ ਦਿੰਦੇ ਸਨ। ਏਸੇ ਰਸਮ ਦੀ ਨਕਲ ਕਰਦਿਆਂ ਹੁਣ ਪ੍ਰਸ਼ਾਦਿ ਕ੍ਰਿਪਾਨ ਭੇਟ ਕਰਕੇ ਪਹਿਲਾਂ ਪੰਜ-ਸਿੰਘਾਂ ਨੂੰ ਦਿੱਤਾ ਜਾਂਦਾ ਹੈ। ਸਿੱਖ ਪੰਥ ਵਿੱਚ ਕੇਵਲ ਕੜਾਹ ਪ੍ਰਸ਼ਾਦਿ ਨੂੰ ਹੀ ਪ੍ਰਸ਼ਾਦਿ ਮੰਨਿਆ ਗਿਆ ਹੈ, ਬਾਕੀ ਪ੍ਰਸ਼ਾਦਿ ਸਾਡੀ ਆਪਣੀ ਸ਼ਰਧਾ ਤੇ ਮਨਾਂ ਦੀ ਕਾਢ ਹਨ। ਹੁਕਮਨਾਮਾ ਲੈਣ ਤੋਂ ਬਾਅਦ ਕ੍ਰਿਪਾਨ ਭੇਟ ਕਰਨੀ ਚਾਹੀਦੀ ਹੈ।

**4. ਸਵਾਲ: ਕੀ ਕ੍ਰਿਪਾਨ ਕਪੜਿਆਂ ਦੇ ਉਪਰੋਂ ਪਾਉਣੀ ਚਾਹੀਦੀ ਹੈ ਜਾਂ ਥਲਿਉਂ ਦੀ। ਜੇ ਉੱਪਰ ਦੀ ਪਾਉਣੀ ਚਾਹੀਦੀ ਹੈ ਤਾਂ ਕਿਉਂ?**

**ਉੱਤਰ:** ਰਹਿਤਨਾਮਿਆਂ ਵਿੱਚ ਕ੍ਰਿਪਾਨ ਦੇ ਕਮੀਜ਼ ਉਤੋਂ ਜਾਂ ਹੇਠ ਪਾਣ ਬਾਰੇ ਕੋਈ ਹਦਾਇਤ ਨਹੀਂ ਹੈ, ਕੇਵਲ ਕ੍ਰਿਪਾਨ ਧਾਰਨ ਕਰਨ ਦੀ ਹਿਦਾਇਤ ਹੈ। ਕ੍ਰਿਪਾਨ ਧਾਰਨ ਕਰਨ ਦਾ ਭਾਵ ਕਿ ਸਿੱਖ ਅੰਦਰ ਬੀਰਤਾ ਹੋਵੇ, ਉਹ ਜ਼ੁਲਮ ਅਤੇ ਅਤਿਆਚਾਰ ਦਾ ਵਿਰੋਧ ਕਰੇ ਅਤੇ ਮਜ਼ਲੂਮਾਂ ਦੀ ਰਖਿਆ ਕਰੇ।

**5. ਸਵਾਲ: ਜੇ ਕੋਈ ਸਿੱਖ ਗੁਰਦੁਆਰੇ ਨਿਤਨੇਮ ਕਰ ਰਿਹਾ ਹੋਵੇ, ਉਥੇ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੇ ਭੋਗ ਸਮੇਂ ਗ੍ਰੰਥੀ ਸਿੰਘ ਅਰਦਾਸ ਕਰੇ ਤਾਂ ਨਿਤਨੇਮ ਕਰ ਰਹੇ ਸਿੱਖ ਨੂੰ ਅਰਦਾਸ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ ਜਾਂ ਨਹੀਂ?**

**ਉੱਤਰ:** ਗੁਰਦੁਆਰੇ ਵਿੱਚ ਜਦੋਂ ਕਥਾ, ਕੀਰਤਨ, ਪਾਠ ਆਦਿ ਹੋ ਰਿਹਾ ਹੋਵੇ ਤਾਂ ਸਾਨੂੰ ਉਥੇ ਨਿਤਨੇਮ ਜਾਂ ਹੋਰ ਕੋਈ ਪਾਠ ਨਹੀਂ ਕਰਨਾ ਚਾਹੀਦਾ। ਪਾਠ (ਨਿਤਨੇਮ) ਵਖਰੇ ਕਮਰੇ ਵਿੱਚ ਕਰਨਾ ਚਾਹੀਦਾ ਹੈ। ਗੁਰਦੁਆਰੇ ਸੰਗਤ ਵਿੱਚ ਨਿੱਜੀ ਪਾਠ (ਨਿਤਨੇਮ) ਨਹੀਂ ਕਰਨਾ ਚਾਹੀਦਾ।

**6. ਸਵਾਲ: ਕਿਸੇ ਸਿੱਖ ਨੂੰ ਸਟੇਜ ਤੇ ਭਾਸ਼ਣ ਦੇਣ ਸਮੇਂ ਪਹਿਲੋਂ ਤੇ ਅਖੀਰ ਵਿੱਚ ਕੇਵਲ ਫਤਹਿ ਬੁਲਾਉਣੀ ਹੀ ਜ਼ਰੂਰੀ ਹੈ। ਕੀ ਉਹ ਹੋਰ ਕੁਝ ਨਹੀਂ ਬੁਲਾਇਆ ਜਾ ਸਕਦਾ?**

**ਉੱਤਰ:** ਸਿੱਖ ਪੰਥ ਵਲੋਂ ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥ ਬੁਲਾਉਣ ਦਾ ਵਿਧਾਨ ਹੀ ਨੀਯਤ ਕੀਤਾ ਗਿਆ ਹੈ। ਇਸ ਤੋਂ ਬਿਨਾਂ ਹੋਰ ਕੁਝ ਨਹੀਂ ਬੁਲਾਇਆ ਜਾ ਸਕਦਾ।

**7. ਸਵਾਲ: ਸ਼ਬਦ ਨੂੰ ਗੁਰੂ ਕਿਹਾ ਜਾਂਦਾ ਹੈ, ਕਿਹੜਾ ਸ਼ਬਦ ਗੁਰੂ ਹੈ?**

**ਉੱਤਰ:-** ਜਿਸ ਸ਼ਬਦ ਨਾਲ ਪ੍ਰਮਾਤਮਾ ਦੀ ਸਿਫ਼ਤ ਹੁੰਦੀ ਹੈ, ਉਹ ਸ਼ਬਦ ਗੁਰੂ ਹੈ। ਗੁਰਬਾਣੀ ਸਾਡਾ ਗੁਰੂ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਲਿਖੇ ਸ਼ਬਦ (ਬਾਣੀ) ਹੀ ਸਾਡਾ ਗੁਰੂ ਹੈ। ਗੁਰੂ ਨਾਨਕ ਸਾਹਿਬ ਜੀ ਨੇ ਸੰਸਾਰ ਵਿੱਚ ਆ ਕੇ ਸ਼ਬਦ ਗੁਰੂ ਦੀ ਰੀਤ ਚਲਾਈ। ਹਰ ਸੰਸਾਰਕ ਸ਼ਬਦ, ਰੂਹਾਨੀ ਗੁਰੂ ਨਹੀਂ ਹੁੰਦਾ। ਗੁਰਬਾਣੀ ਦੀ ਬਖ਼ਸ਼ਿਸ਼ ਪਰਮਾਤਮਾ ਪਾਸੋਂ ਹੋਈ ਹੈ। ਗੁਰੂ ਅਰਜਨ ਸਾਹਿਬ ਜੀ ਨੇ ਸ਼ਬਦ ਗੁਰੂ ਦਾ ਖ਼ਜ਼ਾਨਾ, ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਸਾਨੂੰ ਬਖ਼ਸ਼ਿਸ਼ ਕਰ ਦਿੱਤਾ ਹੈ, ਜੋ ਜੁਗੋ ਜੁਗ ਅਟੱਲ ਅਤੇ ਅਖੁੱਟ ਹੈ।

**8. ਸਵਾਲ:- ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਦੀ ਦੇਹ ਮੰਨਦੇ ਹਾਂ, ਪਰ ਗੁਰੂ ਦਾ ਮੁੱਖ, ਗੁਰੂ ਦੇ ਪੈਰ, ਅੱਖਾਂ, ਕੰਨ ਕਿਸ ਤਰਫ ਮੰਨਣੇ ਚਾਹੀਦੇ ਹਨ?**

**ਉੱਤਰ:** ਗੁਰੂ ਗ੍ਰੰਥ ਸਾਹਿਬ ਸਰੀਰ ਜਾਂ ਦੇਹ ਨਹੀਂ ਹੈ। ਇਹ ਆਤਮਕ ਸਰੂਪ ਤੇ ਗਿਆਨ ਸਰੂਪ ਗੁਰੂ ਹੈ। ਇਹ ਮੁੱਖ, ਕੰਨ, ਨੱਕ, ਪੈਰ, ਰੂਪ, ਗੰਧ, ਰਸ, ਸਪਰਸ਼, ਸਰਵਣ, ਇੰਦਰੀਆਂ ਤੋਂ ਰਹਿਤ ਹੈ। ਗਿਆਨ ਪ੍ਰਾਪਤ ਕਰਨ ਲਈ ਅੰਤਰਮੁਖੀ ਹੋਣ ਦੀ ਲੋੜ ਹੈ-ਭੈ ਕੇ ਚਰਣ ਕਰ ਭਾਵ ਕੇ ਲੋਇਣ ਸੁਰਤਿ ਕਰੇਇ ॥

ਨਾਨਕੁ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ ॥ (ਪੰਨਾ-139)

ਪ੍ਰਗਟ ਗੁਰਾਂ ਕੀ ਦੇਹ ਤੋਂ ਭਾਵ ਜਦ ਗੁਰੂ ਗ੍ਰੰਥ ਸਾਹਿਬ ਕੋਲ ਜਾਣਾ ਹੈ ਤਾਂ ਉਸੇ ਤਰ੍ਹਾਂ ਜਾਣਾ ਹੈ, ਜਿਵੇਂ ਕਿਸੇ ਦੇਹ (ਮਨੁੱਖ) ਕੋਲ ਜਾ ਕੇ ਉਸ ਨਾਲ ਗੱਲਾਂ ਕਰਦੇ ਹਾਂ। ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਬਾਣੀ ਪੜ੍ਹਣੀ ਗੁਰੂ ਨਾਲ ਗੱਲਾਂ ਕਰਨੀਆਂ ਹੀ ਹਨ। ਪਰ ਸਿੱਖ ਸਿਧਾਂਤ ਯਾਦ ਰੱਖੋ- ਆਤਮਾ ਗੁਰੂ ਗ੍ਰੰਥ ਵਿੱਚ ਤੇ ਦੇਹ ਪੰਥ ਵਿੱਚ।

-0-

## ਲੇਖਕਾਂ ਨੂੰ ਬੇਨਤੀ

**ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।**

**ਰਚਨਾਵਾਂ ਭੇਜਣ ਲਈ ਪਤਾ:**
ਗੁਰਮਤਿ ਵਿਰਸਾ,
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ
**M: 79733-70045**
**Email:** gurmatvirsa@gmail.com



# ਸ਼ਬਦ ਵਿਚਾਰ

## ਹਮ ਭੁਲਾਨੇ ਨਾਹਿ




ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725


ਜਿਹੜੇ ਧਾਰਮਿਕ ਗ੍ਰੰਥ ਵਿਗਿਆਨ ਦੀ ਕਸਵੱਟੀ ਤੇ ਪੂਰੇ ਨਹੀਂ ਉਤਰੇ, ਉਹਨਾਂ ਦੇ ਆਗੂਆਂ ਨੇ ਨਵੇਂ ਸਿਰੇ ਤੋਂ ਧਾਰਮਿਕ ਗ੍ਰੰਥਾਂ ਨੂੰ ਲਿਖਉਣ ਵਿਚ ਹੀ ਭਲਾ ਸਮਝਿਆਂ ਤਾਂ ਕਿ ਅਉਣ ਵਾਲੀ ਪੀੜ੍ਹੀ ਦੇ ਸਾਹਮਣੇ ਸਾਨੂੰ ਸ਼ਰਮਸਾਰ ਨਾ ਹੋਣਾ ਪਏ। ਧਰਤੀ ਚੱਪਟੀ ਆਖਣ ਵਾਲਿਆਂ ਵੀ ਪੁਰਾਣੇ ਬਿਆਨ ਨੂੰ ਬਦਲਦਿਆਂ ਸਾਰਿਆਂ ਦੇ ਸਾਹਮਣੇ ਹੀ ਇਹ ਆਖਣ ਤੇ ਮਜ਼ਬੂਰ ਹੋ ਗਏ ਹਨ, ਜੋ ਸਾਡੇ ਬਜ਼ੁਰਗ ਆਖਦੇ ਸਨ ਉਹ ਸਰਾਸਰ ਗਲਤ ਸੀ। ਜੋ ਸਾਡੇ ਧਾਰਮਿਕ ਗ੍ਰੰਥ ਵਿਚ ਲਿਖਿਆ ਹੈ ਉਸ ਤੇ ਸਾਨੂੰ ਦੁਬਾਰਾ ਗੌਰ ਕਰਨ ਦੀ ਲੋੜ ਹੈ। ਸਮੇਂ ਦੀ ਲੋੜ ਨੂੰ ਮੁੱਖ ਰੱਖਦਿਆਂ ਅਤਿ ਅਧੁਨਿਕ ਤੌਰ ਤਰੀਕਿਆਂ ਨਾਲ ਗ੍ਰੰਥਾਂ ਨੂੰ ਸਵਾਰਨ ਦੇ ਯਤਨਾ ਵਿਚ ਰੁੱਝ ਗਏ। ਕਈਆਂ ਗ੍ਰੰਥਾਂ ਵਿਚ ਰਲ਼ੇ ਵੀ ਪੈ ਗਏ ਹਨ। ਤੇਜ-ਤਰਾਰ ਦਿਮਾਗਾਂ ਨੇ ਵਿਗਿਆਨਕ ਤਬਦੀਲੀਆਂ ਕਰ ਲਈਆਂ ਹਨ। ਗ੍ਰੰਥਾਂ ਨੂੰ ਸਮੇਂ ਦਾ ਹਾਣੀ ਬਣਉਣ ਦੀਆਂ ਹਰ ਵੇਲੇ ਤਰਕੀਬਾਂ ਸੋਚਦੇ ਰਹਿੰਦੇ ਹਨ।

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸਰਬ ਦੇਸ਼ੀ, ਸਰਬ ਕਾਲੀ, ਸਰਬ ਸਾਂਝੀ ਹੈ। ਇਹ ਉਹ ਮਹਾਨ ਪਵਿੱਤਰ ਗ੍ਰੰਥ ਹੈ ਜਿਸ ਨੂੰ ਗੁਰੂ ਸਾਹਿਬ ਜੀ ਨੇ ਆਪ ਲਿਖਵਾਇਆ ਹੈ। ਇਸ ਗ੍ਰੰਥ ਵਿਚ ਕੋਈ ਵਾਧ ਘਾਟ ਨਹੀਂ ਹੋ ਸਕਦੀ। ਸਮੁੱਚੀ ਦੁਨੀਆਂ ਲਈ ਜੀਵਨ ਜਾਚ ਦਾ ਅਮੁੱਕ ਖਜ਼ਾਨਾ ਹੈ। ਸੰਸਾਰ ਵਿਚ ਰਹਿੰਦਿਆਂ ਨਿੰਰਕਾਰੀ ਬਣਨ ਦਾ ਹੋਕਾ ਦੇਂਦਾ ਹੈ। ਦੁਨੀਆਂ ਅਗਾਂਹ ਨੂੰ ਜਾਣ ਦੇ ਯਤਨ ਵਿਚ ਹੈ, ਪਰ ਇਕੋ ਸਿੱਖ ਕੌਮ ਹੀ ਹੈ ਜੋ ਗੁਰੂ ਦੇ ਬਚਨਾ ਨੂੰ ਨਾ ਸਮਝਦਿਆਂ ਮੱਧ ਯੁੱਗ ਦੀਆਂ ਗੱਲਾਂ ਕਰ ਰਹੀ ਹੈ। ਵੱਖ ਵੱਖ ਥਾਂਵਾਂ ਤੇ ਧਰਮ ਦੀ ਦੁਨੀਆਂ ਵਿਚ ਆਈ ਗਿਰਾਵਟ ਨੂੰ ਦੇਖ ਕੇ ਕਈ ਵਾਰੀ ਮਨ ਵਿਚ ਇਹ ਸੋਚ ਮਲ਼ਮਦੀ ਰਹਿੰਦੀ ਏ ਵਾਕਿਆ ਹੀ ਚੰਦ ਟਕਿਆਂ ਦੀ ਖਾਤਰ ਅਸੀਂ ਧਰਮ ਵੀ ਸੇਲ ਤੇ ਲਾ ਦੇਂਦੇ ਹਾਂ। ਸਿੱਖੀ ਦੇ ਸੁਨਿਹਰੀ ਅਸੂਲਾਂ ਦੀ ਸ਼ਰੇਆਮ ਖਿਲੀ ਉਡਾ ਰਹੇ ਹੁੰਦੇ ਹਾਂ। ਕੈਲੇਫੋਰਨੀਆ ਵਿਚ ਗਿਆਨੀ ਅੰਮ੍ਰਿਤਪਾਲ ਸਿੰਘ ਰਹਿੰਦੇ ਹਨ, ਜੋ ਗੁਰਬਾਣੀ ਦੇ ਖੋਜੀ ਅਤੇ ਰਸੀਏ ਹਨ, ਉਹਨਾਂ ਨਾਲ ਇਕ ਘਰ ਵਿਚ ਜਾਣ ਦਾ ਮੌਕਾ ਮਿਲਿਆ। ਉੱਥੇ ਕੁਝ ਹੋਰ ਵੀਰ ਵੀ ਆਏ ਹੋਏ ਸਨ। ਚੰਗਾ ਭਲਾ ਪਰਸ਼ਾਦਾ ਛੱਕਣ ਲੱਗੇ ਅਚਾਨਕ ਆਏ ਹੋਏ ਵੀਰਾਂ ਵਿਚੋਂ ਇਕ ਭਾਈ ਸਾਹਿਬ ਜੀ ਕਹਿਣ ਲੱਗੇ ਲੰਗਰ ਨੂੰ ਭੋਗ ਲਗਾਇਆ ਹੈ ਕਿ ਨਹੀਂ? ਘਰ ਵਾਲਿਆਂ ਨੇ ਕਿਹਾ ਜੀ ਸਾਨੂੰ ਤੇ ਪਤਾ ਨਹੀਂ ਤੁਸੀਂ ਦੱਸੋ ਅਸੀਂ ਉਸੇ ਤਰ੍ਹਾਂ ਹੀ ਕਰ ਲੈਂਦੇ ਹਾਂ। ਆਏ ਹੋਏ ਸੱਜਣਾਂ ਵਿਚੋਂ ਇਕ ਗੁਰਮੁਖ ਪਿਆਰੇ ਕਹਿਣ ਲੱਗੇ ਸਾਰੇ ਲੰਗਰ ਵਿਚੋਂ ਥੋੜਾਂ 2 ਪਰਸਾਦ ਇਕ ਥਾਲੀ ਵਿਚ ਪਾ ਕੇ ਲਿਆਉ ਤੇ ਇਕ ਗਿਲਾਸ ਵਿਚ ਪਾਣੀ ਵੱਖਰਾ ਲਿਆਉ ਤਾਂ ਕੇ ਗੁਰੂ ਜੀ ਨੂੰ ਭੋਗ ਲਗਾਇਆ ਜਾ ਸਕੇ। ਸਾਰੇ ਪਰਵਾਰ ਨੂੰ ਬੁਲਾ ਕੇ ਅਰਦਾਸ ਕੀਤੀ ਤੇ ਕਿਰਪਾਨ ਭੇਟ ਕੀਤੀ। ਇਸ ਉਪਰੰਤ ਉਸ ਲੰਗਰ ਨੂੰ ਸਾਰੇ ਲੰਗਰ ਵਿਚ ਰਲਾਇਆ ਗਿਆ ਤਾਂ ਜਾ ਕੇ ਕਿਤੇ ਪਰਸ਼ਾਦਾ ਛੱਕਣ ਨੂੰ ਮਿਲਿਆ। ਉਸ ਭਾਈ ਸਾਹਿਬ ਜੀ ਨਾਲ ਵਿਚਾਰ ਕੀਤੀ ਉਹਨਾਂ ਪਾਸ ਸਿਵਾਏ ਹਾਸੇ ਦੇ ਕੋਈ ਉਤਰ ਨਹੀਂ ਸੀ।

ਇਹ ਇਕ ਨਵਾਂ ਕਲਚਰ ਚੱਲਿਆ, ਥਾਲੀ ਵਿਚ ਥੋੜਾ 2 ਪਰਸ਼ਾਦਾ ਪਾ ਕੇ ਓਤਨੇ ਹੀ ਚਿਮਚੇ ਰੱਖੇ ਜਾਂਦੇ ਹਨ, ਫਿਰ ਭੋਗ ਲਗਾਇਆ ਜਾਂਦਾ ਹੈ। ਕਈ ਵਾਰੀ ਤੇ ਥਾਲ ਚੁੱਕਣ ਦਾ ਚੇਤਾ ਹੀ ਭੁੱਲ ਜਾਂਦਾ ਏ, ਤੇ ਉਹ ਲੰਗਰ ਵਾਲਾ ਥਾਲ ਉੱਥੇ ਹੀ ਪਿਆ ਰਹਿੰਦਾ ਹੈ। ਅਗਿਆਨ ਪੂਜਾ ਤਾਂ ਅਮਰ ਵੇਲ ਵਾਂਗੂੰ ਵੱਧਦੀ ਜਾਂਦੀ ਹੈ। ਗੁਰੂ ਸਾਡਾ ਸ਼ਬਦ ਹੈ ਤੇ ਪਰਮਾਤਮਾ ਸਰਬ ਵਿਆਪਕ ਹੈ। ਫਿਰ ਭੋਗ ਕਿਸ ਨੂੰ ਲਗਾਉਣ ਦਾ ਯਤਨ ਕਰ ਰਹੇ ਹਾਂ? ਕਿਸੇ ਪਾਸ ਕੋਈ ਉੱਤਰ ਨਹੀਂ ਹੈ। ਅਸੀਂ ਗਿਆਨ ਹੀਣ ਹੋ ਕੇ ਅਗਿਆਨਤਾ ਵੱਸ ਪੱਥਰ ਯੁੱਗ ਵਿਚ ਵਿਚਰਨ ਦੇ ਯਤਨਾਂ ਵਿਚ ਲੱਗੇ ਹੋਏ ਹਾਂ। ਗੁਰਬਾਣੀ ਸਾਨੂੰ ਕੀ ਉਪਦੇਸ਼ ਦੇਂਦੀ ਹੈ- ਕਬੀਰ ਸਾਹਿਬ ਜੀ ਦੇ ਰਾਗ ਆਸਾ ਅੰਦਰ ਉਚਾਰਣ ਕੀਤੇ ਸ਼ਬਦ ਰਾਂਹੀਂ ਸਮਝਣ ਦਾ ਯਤਨ ਕਰਾਂਗੇ।

**ਪਾਤੀ ਤੋਰੈ ਮਾਲਿਨੀ, ਪਾਤੀ ਪਾਤੀ ਜੀਉ॥ ਜਿਸ ਪਾਹਨ ਕਉ ਪਾਤੀ ਤੋਰੈ, ਸੋ ਪਾਹਨੁ ਨਿਰਜੀਉ॥1॥ ਭੂਲੀ ਮਾਲਨੀ ਹੈ ਏਉ॥ ਸਤਿਗੁਰੁ ਜਾਗਤਾ ਹੈ ਦੇਉ॥ਰਹਾਉ॥1॥ ਬ੍ਰਹਮੁ ਪਾਤੀ, ਬਿਸਨੁ ਡਾਰੀ, ਫੂਲ ਸੰਕਰਦੇਉ॥ਤੀਨਿ ਦੇਵ ਪ੍ਰਤਖਿ ਤੋਰਹਿ, ਕਰਹਿ ਕਿਸ ਕੀ ਸੇਉ॥2॥ ਪਾਖਾਨ ਗਢਿ ਕੈ ਮੂਰਤਿ ਕੀਨ੍ਹੀ, ਦੇ ਕੈ ਛਾਤੀ ਪਾਉ॥ ਜੇ ਇਹ ਮੂਰਤਿ ਸਾਚੀ ਹੈ ਤਉ ਗੜ੍ਹਣਹਾਰੇ ਖਾਉ॥3॥ਭਾਤੁ ਪੀਹਤਿ ਅਰੁ ਲਾਪਸੀ, ਕਰਕਰਾ ਕਾਸਾਰੁ॥ ਭੋਗਨਹਾਰੇ ਭੋਗਿਆ, ਇਸ ਮੂਰਤਿ ਕੇ ਮੁਖਿ ਛਾਰੁ॥4॥ ਮਾਲਿਨਿ ਭੂਲੀ ਜਗੁ ਭੁਲਾਨਾ, ਹਮ ਭੁਲਾਨੇ ਨਾਹਿ॥ ਕਹੁ ਕਬੀਰ ਹਮ ਰਾਮ ਰਾਖੇ, ਕ੍ਰਿਪਾ ਕਰਿ ਹਰਿ ਰਾਇ॥5॥**

ਆਸਾ ਸ੍ਰੀ ਕਬੀਰ ਜੀਉ ਕੇ ਪੰਚਪਦੇ 9 (ਪੰਨਾ-479)

ਸਾਡੇ ਮੁਲਕ ਦਾ ਇਹ ਸਭਿਆਚਾਰ ਹੀ ਬਣ ਗਿਆ ਹੈ ਕਿ ਜਿਉਂਦਿਆਂ ਦੀ ਪੁੱਛ ਪ੍ਰਤੀਤ ਘੱਟ ਕਰਨੀ ਤੇ ਮਰ ਗਿਆਂ ਦੀ ਪੂਜਾ ਦੇ ਅਡੰਬਰ ਰਚਣੇ। ਅਜੇਹੀਆਂ ਹੀ ਬੇਲੋੜੀਆਂ ਰਸਮਾਂ ਵਿਚੋਂ ਪੱਥਰ ਪੂਜਾ ਨੇ ਜਨਮ ਲਿਆ ਲੱਗਦਾ ਹੈ। ਨਿਦਾਨ ਮਾਲਣ ਵਿਚਾਰੀ ਸੁੰਦਰ ਫੁੱਲਾਂ ਨੂੰ ਤੋੜ ਕੇ ਬੇਜਾਨ ਪੱਥਰਾਂ ਅੱਗੇ ਭੇਟ ਕਰ ਹਰੀ ਹੈ। ਇੰਜ ਸਮਝ ਰਹੀ ਹੈ ਕਿ ਮੈਂ ਭਗਵਾਨ ਦੀ ਪੂਜਾ ਕਰ ਰਹੀ ਹਾਂ। ਪਰਮਾਤਮਾ ਜ਼ਰੇ ਜ਼ਰੇ ਵਿਚ ਵਿਆਪਕ ਹੈ, ਫੁੱਲਾਂ ਦੀ ਖੂਬਸੂਰਤੀ ਜਿਉਂਦੇ ਭਗਵਾਨ ਦਾ ਪ੍ਰਤੱਖ ਸਬੂਤ ਹੈ, ਪੱਥਰ ਬੇਜਾਨ ਹੈ। ਹੇ ਮਾਲਣ ਤੂੰ ਬਹੁਤ ਭੁੱਲ ਕਰ ਰਹੀ ਏਂ। ਕੁਦਰਤੀ ਖ਼ੂਬਸੂਰਤ ਫੁੱਲ ਜੋ ਜਿਉਂਦਾ ਜਾਗਦਾ ਦੇਵਤਾ {ਅਸਲੀ ਇਸ਼ਟ} ਹੈ, ਉਸ ਨੂੰ ਤੋੜ ਕੇ ਮਸਲ ਰਹੀਂ ਏਂ, ਪਰ ਬੇਜਾਨ ਪੱਥਰਾਂ ਦੀ ਪੂਜਾ ਕਰ ਰਹੀ ਏਂ। ਰਹਾਉ ਦੀਆਂ ਤੁਕਾਂ ਵਿਚ ਉਪਦੇਸ਼ ਕੀ ਹੈ? ਜ਼ਰਾ ਵਿਚਾਰ ਕਰ ਲਈਏ:

**ਭੂਲੀ ਮਾਲਿਨਿ ਹੈ ਏਉ॥ ਸਤਿਗੁਰੁ ਜਾਗਤਾ ਹੈ ਦੇਉ॥**

ਮਾਲਣ ਦੀ ਇਹ ਬਹੁਤ ਵੱਡੀ ਭੁੱਲ ਹੈ ਕਿ ਪੱਥਰ ਦੀ ਪੂਜਾ ਕੀਤਿਆਂ ਸ਼ਾਇਦ ਭਗਵਾਨ ਮੇਰੇ ਮਨ ਦੀਆਂ ਮੁਰਾਦਾਂ ਪੂਰੀਆਂ ਕਰ ਦਏਗਾ। ਸਤਿਗੁਰ ਜਾਗਦਾ ਹੈ ਭਾਵ ਫੁੱਲਾਂ ਦੀ ਸੁਹੱਪਣਤਾ ਵਿਚੋਂ ਸਹਿਜੇ ਹੀ ਦੇਖਿਆ ਜਾ ਸਕਦਾ ਹੈ। ਪਰਮਾਤਮਾ ਤਾਂ ਹਰ ਥਾਂ ਤੇ ਵਿਆਪਕ ਹੈ। ਕੇਵਲ

ਪੱਥਰ ਨੂੰ ਰੱਬ ਸਮਝ ਲੈਣਾ ਵੱਡੀ ਭੁੱਲ ਹੈ। ਇਕੱਲੀ ਮਾਲਣ ਨਹੀਂ ਅਸੀਂ ਸਾਰੇ ਹੀ ਭੁੱਲੇ ਫਿਰਦੇ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ ਲੈਣ ਦੀ ਥਾਂ ਤੇ ਪੂਜਾ ਤੇ ਅਟਕ ਗਏ ਹਾਂ। ਏੱਥੇ ਹੀ ਬੱਸ ਨਹੀਂ ਕਾਗਜ਼ਾਂ ਦੀਆਂ ਬਣਾਈਆਂ ਹੋਈਆਂ ਮੂਰਤਾਂ ਦੀ ਵੀ ਧੂਫਾਂ ਧੁਖਾਅ ਕੇ ਆਰਤੀ ਉਤਾਰਨ ਵਿਚ ਰੁੱਝ ਗਏ ਹਾਂ। ਸਤਿਗੁਰ ਜਾਗਦਾ-ਪਰਮਾਤਮਾ ਦੀ ਹੋਂਦ, ਸ਼ਕਤੀ, ਜੋਤ ਹਰ ਥਾਂ ਤੇ ਮੌਜੂਦ ਹੈ। ਪਹਿਲੇ ਬੰਦ ਵਿਚ ਹੋਰ ਵਿਸਥਾਰ ਆਇਆ ਹੈ-----

**ਪਾਤੀ ਤੋਰੈ ਮਾਲਿਨੀ, ਪਾਤੀ ਪਾਤੀ ਜੀਉ॥ ਜਿਸੁ ਪਾਹਨ ਕਉ ਪਾਤੀ ਤੋਰੈ, ਸੋ ਪਾਹਨੁ ਨਿਰਜੀਉ॥**

ਮੂਰਤੀ ਅੱਗੇ ਭੇਟ ਧਰਨ ਲਈ ਮਾਲਣ ਪੱਤਰ ਤੋੜਦੀ ਹੈ, ਪਰ ਇਹ ਨਹੀਂ ਜਾਣਦੀ ਕਿ ਹਰੇਕ ਪੱਤਰ ਵਿਚ ਜਿੰਦ ਹੈ। ਜਿਸ ਪੱਥਰ ਦੀ ਮੂਰਤੀ ਦੀ ਖਾਤਰ ਮਾਲਣ ਪੱਤਰ ਤੋੜਦੀ ਹੈ, ਉਹ ਪੱਥਰ ਦੀ ਮੂਰਤ ਨਿਰਜਿੰਦ ਹੈ। ਹੇ ਮਾਲਣ ਪਰਮਾਤਮਾ ਦੀ ਸੁੰਦਰਤਾ ਨੂੰ ਪੱਥਰਾਂ ਦੀ ਖਾਤਰ ਕਿਉਂ ਮਧੋਲ ਰਹੀਂ ਏਂ। ਬ੍ਰਾਹਮਣ ਦੇਵਤਾ ਜੀ ਨੇ ਆਮ ਦੁਨੀਆਂ ਨੂੰ ਬਹੁਤ ਭਰਮ ਭੁਲੇਖੇ ਵਿਚ ਪਾਇਆ ਹੋਇਆ ਹੈ ਕਿ ਰੱਬ ਜੀ ਤਿੰਨ ਹਨ। ਬ੍ਰਹਮਾ ਜਨਮ ਦੇਣ ਵਾਲਾ, ਵਿਸ਼ਨੂੰ ਰੁਜ਼ਗਾਰ ਦੇਣ ਵਾਲਾ ਤੇ ਸ਼ਿਵ ਦੇਵਤਾ ਮੌਤ ਦੇਣ ਵਾਲਾ ਰੱਬ ਮੰਨਿਆ ਗਿਆ ਹੈ। ਵੱਖੋ ਵੱਖਰੇ ਰੱਬ ਮੰਨੇ ਤੇ ਉਹਨਾਂ ਦੀ ਪੂਜਾ ਕਰਾਈ ਗਈ। ਬਹੁਤਾ ਫਰਕ ਨਹੀਂ ਲੱਗਦਾ ਅਸੀਂ ਕਲਾਕਾਰਾਂ ਦੁਆਰਾ ਬਣਾਈਆਂ ਹੋਈਆਂ ਗੁਰੂਆਂ ਦੀਆਂ ਮੂਰਤੀਆਂ ਦੀ ਪੂਜਾ ਕਰ ਰਹੇ ਹਾਂ। ਕਹਾਣੀ ਉੱਥੇ ਹੀ ਖੜੀ ਹੈ।

ਕਬੀਰ ਸਾਹਿਬ ਜੀ ਨੇ ਖਿਆਲ ਬਹੁਤ ਕੀਮਤੀ ਦਿੱਤਾ ਹੈ ਕਿ ਹੇ ਮਾਲਣ ਤੂੰ ਆਪ ਹੀ ਫੈਸਲਾ ਕਰ, ਜਿਹੜਿਆਂ ਸੁੰਦਰ ਫੁਲਾਂ ਨੂੰ ਤੂੰ ਹੱਥੀਂ ਪਾਣੀ ਗੋਡੀ ਦੇ ਕੇ ਤਿਆਰ ਕੀਤਾ ਹੈ, ਉਹਨਾਂ ਨੂੰ ਹੀ ਤੋੜ ਕੇ ਪੱਥਰਾਂ ਤੇ ਰੱਖ ਕੇ ਇਹ ਕਹਿਣ ਦਾ ਯਤਨ ਕਰ ਰਹੀਂ ਮੈਂ ਭਗਵਾਨ ਦੀ ਪੂਜਾ ਕਰ ਰਹੀ ਹਾਂ। ਕੀ ਤੇਰੀ ਇਹ ਅਗਿਆਨਤਾ ਨਹੀਂ ਹੈ? ਮੇਰੇ ਵਾਸਤੇ ਤਾਂ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਕੋਈ ਵੱਖਰੀਆਂ ਹੱਸਤੀਆਂ ਨਹੀਂ ਹਨ। ਪਰ ਤੂੰ ਤਿੰਨ ਵੱਖੋ ਵੱਖਰੇ ਪੱਥਰ ਰੱਖ ਕੇ ਤਿੰਨ ਭਗਵਾਨ ਮੰਨੀ ਬੈਠੀ ਏਂ। ਤੂੰ ਇਹ ਆਖਦੀ ਏਂ ਕੇ ਬ੍ਰਹਮਾ ਅੱਗੇ ਪੱਤੇ, ਵਿਸ਼ਨੂੰ ਨੂੰ ਡਾਲੀਆਂ ਤੇ ਸ਼ਿਵ ਮਹਾਰਾਜ ਜੀ ਨੂੰ ਫੁੱਲ ਭੇਟ ਕਰ ਰਹੀਂ ਹਾਂ। ਤੇਰੀ ਬਹੁਤ ਵੱਡੀ ਭੁੱਲ ਹੈ, ਬੂਟਾ ਤਾਂ ਇਕੋ ਹੀ ਹੈ, ਉਸ ਦੇ ਵੱਖ 2 ਰੂਪ ਕਿਵੇਂ ਹੋ ਗਏ। ਫੁੱਲ, ਪੱਤੀਆਂ ਤੇ ਡਾਲੀਆਂ ਬੂਟੇ ਦਾ ਹੀ ਹਿੱਸਾ ਹੈ। ਪਰ ਤੂੰ ਰੱਬ ਜੀ ਨੂੰ ਹੀ ਤਿੰਨਾ ਹਿੱਸਿਆਂ ਵਿਚ ਵੰਡ ਦਿੱਤਾ ਹੈ।

**ਬ੍ਰਹਮੁ ਪਾਤੀ, ਬਿਸਨੁ ਡਾਰੀ, ਫੂਲ ਸੰਕਰਾ ਦੇਉ॥ ਤੀਨਿ ਦੇਵ ਪ੍ਰਤਖਿ ਤੋਰਹਿ, ਕਰਹਿ ਕਿਸ ਕੀ ਸੇਉ॥**

ਪੌਦਿਆਂ ਵਿਚ ਵੀ ਹਰਕਤ ਹੈ-ਜੋ ਤੀਨ ਦੇਵ ਪ੍ਰਤੱਖ ਰੂਪ ਵਿਚ ਦਿਸਦੇ ਹਨ। ਲੋਕ ਚਾਬੀ ਨਾਲ ਤਾਲਾ ਖੋਹਲਦੇ ਹਨ, ਤੂੰ ਤਾਲੇ ਨਾਲ ਚਾਬੀ ਖੋਹਲਣ ਦੇ ਯਤਨ ਵਿਚ ਲੱਗੀ ਹੋਈ ਏਂ। ਲੁਕਾਈ ਫੂਲਾਂ, ਬੂਟਿਆਂ ਦੀ ਸੇਵਾ ਕਰਦੀ ਹੈ, ਪਰ ਤੂੰ ਪੱਥਰਾਂ ਦੀ ਸੇਵਾ ਦੇ ਆਹਰ ਵਿਚ ਲੱਗੀ ਹੋਈ ਏਂ। ਹੇ ਮਾਲਣ! ਇਕ ਗੱਲ ਮੈਨੂੰ ਜ਼ਰਾ ਕੁ ਸਮਝਾਅ ਦੇ, ਕਿਸੇ ਕਾਰੀਗਰ ਨੇ ਹਥੌੜੇ ਛੈਣੀ ਨਾਲ ਪੱਥਰ ਨੂੰ ਤਰਾਸ਼ਿਆ, ਛਿਲਿਆਂ ਹੈ, ਪਰ ਪੱਥਰ ਅੱਗੋਂ ਸਾਊ ਪੁੱਤ ਵਾਂਗ ਨਿੱਸਲ ਹੋਇਆ ਪਿਆ ਰਿਹਾ ਹੈ। ਜੇ ਇਹ ਵਾਕਿਆ ਹੀ ਤੇਰੇ ਜਿਉਂਦੇ ਜਾਗਦੇ ਭਗਵਾਨ ਦੀ ਮੂਰਤ ਸੀ ਤਾਂ ਪੱਥਰ ਘੜਣ ਵਾਲੇ ਨੂੰ ਕਿਉਂ ਨਹੀਂ ਖਾ ਗਈ, ਜਿਸ ਨੇ ਇਸ ਦੀ ਛਾਤੀ ਤੇ ਪੈਰ ਰੱਖ ਕੇ ਇਸ ਨੂੰ ਘੜਿਆ ਹੈ। ਜਦੋਂ ਤਰਾਸ਼ੇ ਨਹੀਂ ਸੀ ਤਦ ਪੱਥਰ ਸੀ, ਤਰਾਸ਼ਿਆਂ ਭਗਵਾਨ ਬਣ ਗਏ, ਵਾਹ ਕੈਸੀ ਕਮਾਲ ਦੀ ਪੂਜਾ ਹੈ।

**ਪਾਖਾਨ ਗਢਿ ਕੈ ਮੂਰਤਿ ਕੀਨ੍ਹੀ, ਦੇ ਕੈ ਛਾਤੀ ਪਾਉ॥ ਜੇ ਇਹ ਮੂਰਤਿ ਸਾਚੀ ਹੈ,ਤਉ ਗੜ੍ਹਣਹਾਰੇ ਖਾਉ॥**

ਨਿਰ੍ਹੇ ਫੁੱਲ ਹੀ ਭੇਟ ਨਹੀਂ ਕੀਤੇ ਜਾ ਰਹੇ ਤੂੰ ਤੇ ਸਗੋਂ ਇਸਦੇ ਮੂੰਹ ਵਿਚ ਪਰਸਾਦ ਵੀ ਪਾ ਰਹੀਂ ਏਂ। ਮਾਲਣ ਦਾ ਪ੍ਰਤੀਕ-ਇਕ ਉਹ ਪੁਜਾਰੀ ਹੈ ਜੋ ਲੋਕਾਂ ਨੂੰ ਅਗਿਆਨਤਾ ਦੇ ਅੰਧੇਰੇ ਖੂਹ ਵਿਚ ਧੱਕ ਰਿਹਾ ਹੈ। ਅਗਿਆਨਤਾ ਦੀ ਦਲਦਲ ਵਿਚ ਖੁਭ੍ਹੇ ਲੋਕ ਸਿਰ ਸੁੱਟ ਕੇ ਪਿੱਛੇ 2 ਤੁਰੇ ਜਾ ਰਹੇ ਹਨ। ਪੱਥਰ ਦੀ ਮੂਰਤ ਨੂੰ ਭਗਵਾਨ ਦਾ ਦਰਜਾ ਦੇ ਕੇ ਉਸ ਨੂੰ ਭੋਗ ਲਗਾਉਣ ਦੀ ਡਰਾਮੇਬਾਜ਼ੀ ਦਾ ਪਰਦਾ ਇਹਨਾਂ ਤੁਕਾਂ ਵਿਚ ਖੋਹਲਿਆ ਗਿਆ ਹੈ।

**ਭਾਤੁ ਪਹਿਤਿ ਅਰੁ ਲਾਪਸੀ, ਕਰਕਰਾ ਕਾਸਾਰੁ॥ ਭੋਗਨਹਾਰੇ ਭੋਗਿਆ ਇਸ ਮੂਰਤਿ ਕੇ ਮੁਖਿ ਛਾਰੁ॥**

ਭੋਲੇ ਲੋਕ ਆਪਣੀ ਕਿਰਤ ਕਮਾਈ ਵਿਚੋਂ ਚੌਲ, ਦਾਲ ਕੜਾਹ ਤੇ ਵਧੀਆ ਦੇਸੀ ਘਿਉ ਦੀ ਖਸਤਾ ਪੰਜੀਰੀ ਪੱਥਰ ਦੇ ਬਣੇ ਹੋਏ ਭਗਵਾਨ ਅੱਗੇ ਲਿਆ ਕੇ ਰੱਖਦੇ ਹਨ। ਧਰਮ ਦਾ ਪੂਜਾਰੀ ਇਸ ਮੂਰਤ ਅੱਗੇ ਆਈਆਂ ਕੀਮਤੀ ਵਸਤੂਆਂ ਵਿਚੋਂ ਆਪਣੇ ਹੱਥ ਦੇ ਪੋਟੇ ਨਾਲ ਪੱਥਰ ਦੇ ਭਗਵਾਨ ਨਾਲ ਘਸਾ ਕੇ ਦੁਹਾਈ ਦੇਂਦਾ ਹੈ ਭਗਵਾਨ ਜੀ ਨੂੰ ਭੋਗ ਲਗਾ ਦਿੱਤਾ ਗਿਆ ਹੈ। ਬਾਕੀ ਦਾ ਸਾਰਾ ਮਾਲ ਆਪ ਛੱਕ ਜਾਂਦਾ ਹੈ। ਤੇਰੇ ਪਾਸੋਂ ਹੀ ਮੈਂ ਪੁੱਛਦਾ ਹਾਂ ਕੀ ਉਸ ਪੱਥਰ ਨੇ ਵਾਕਿਆ ਹੀ ਛੱਕਿਆ ਹੈ? ਨਿਰ ਜਿੰਦ ਕਿਵੇਂ ਕੋਈ ਵਸਤੂ ਖਾ ਸਕਦੀ ਹੈ? ਇਹ ਤਾਂ ਪੁਜਾਰੀ ਨੇ ਲੋਕਾਂ ਨੂੰ ਲੁੱਟਣ ਦਾ ਢੰਗ ਬਣਾਇਆ ਹੋਇਆ ਏ। ਇਸ ਮੂਰਤਿ ਕੇ ਮੁਖਿ ਛਾਰੁ-ਪੱਥਰ ਦੀ ਮੂਰਤੀ ਦੇ ਮੂੰਹ ਵਿਚ ਸੁਆਹ ਪਈ ਭਾਵ ਉਸ ਨੂੰ ਕੁਝ ਵੀ ਨਹੀਂ ਮਿਲਿਆ ਇਹ ਤੇ ਸਾਰਾ ਕੁਝ ਪੁਜਾਰੀ ਹੀ ਹਜ਼ਮ ਕਰ ਗਿਆ। ਐ ਮਾਲਣ ਤੂੰ ਇਕ ਬਹੁਤ ਵੱਡਾ ਭੁਲੇਖਾ ਆਪਣੇ ਮੰਨ ਅੰਦਰ ਪਾਲਿਆ ਹੋਇਆ ਏ, ਤੇ ਜਗਤ ਵੀ ਟਪਲਾ ਖਾ ਰਿਹਾ ਹੈ। ਪਰਮਾਤਮਾ ਨੇ ਆਪਣੀ ਮਿਹਰ ਕਰਕੇ ਮੈਨੂੰ ਇਸ ਭੁਲੇਖੇ ਵਿਚੋਂ ਕੱਢ ਦਿੱਤਾ ਹੈ। ਆਖਰੀ ਬੰਦ ਅੰਦਰ ਕੈਸਾ ਮਿੱਠਾ ਉਪਦੇਸ਼ ਹੈ-

**ਮਾਲਿਨਿ ਭੂਲੀ ਜਗੁ ਭੁਲਾਨਾ, ਹਮ ਭੁਲਾਨੇ ਨਾਹਿ॥ ਕਹੁ ਕਬੀਰ ਹਮ ਰਾਮ ਰਾਖੇ, ਕ੍ਰਿਪਾ ਕਰਿ ਹਰਿ ਰਾਇ॥**

ਪੱਥਰ ਦੀਆਂ ਬਣੀਆਂ ਹੋਈਆਂ ਮੂਰਤੀਆਂ ਨੂੰ ਭਗਵਾਨ ਸਮਝ ਕੇ ਇਹਨਾਂ ਦੀ ਨਿਰਧਾਰਤ ਤੌਰ ਤਰੀਕਿਆਂ ਨਾਲ ਪੂਜਾ ਕਰਨੀ ਤੇ ਫਿਰ ਇਹਨਾਂ ਨੂੰ ਭੋਗ ਲਗਾਉਣਾ ਬੇ ਸਮਝੀ ਅਤੇ ਅਗਿਆਨਤਾ ਹੈ। ਕਬੀਰ ਸਾਹਿਬ ਜੀ ਨੇ ਸਾਰੇ ਹੀ ਸੰਸਾਰ ਨੂੰ ਇਸ ਭੁਲੇਖੇ ਵਿਚੋਂ ਕੱਢਿਆ ਹੀ ਨਹੀਂ ਸਗੋਂ ਨਵੇਂ ਯੁਗ ਦੀ ਨਵੀਂ ਉਸਾਰੀ ਕੀਤੀ ਹੈ। ਹੁਣ ਆਪਾਂ ਆਪਣੇ ਹੀ ਧਰਮ ਵਲ ਜ਼ਰਾ ਕੁ ਝਾਤ ਮਾਰ ਲਈਏ ਮੂਰਤੀ ਪੂਜਾ ਤੇ ਭੋਗ ਲਗਾਉਣ ਦੀ ਪ੍ਰਕਿਰਿਆ ਤੋਂ ਨਹੀਂ ਬਚ ਸਕੇ। ਬ੍ਰਾਹਮਣ ਪੱਥਰ ਨਾਲ ਅਜੇਹਾ ਕਰ ਰਿਹਾ ਏ ਤੇ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਨਾਲ ਅਜੇਹਾ ਹੀ ਕਰ ਰਹੇ ਹਾਂ। ਇਸ ਸ਼ਬਦ ਦੀ ਵਿਚਾਰ ਕਰਦਿਆ ਪ੍ਰੋ. ਸਾਹਿਬ ਸਿੰਘ ਜੀ ਨੇ ਫੁਟ ਨੋਟ ਵਿਚ ਉਚੇਚੇ ਤੌਰ ਤੇ ਲਿਖਿਆ ਹੈ ਕਿ-ਕੁਝ ਸੱਜਣ ਅਜ-ਕਲ੍ਹ ਇਹ ਨਵੀਂ ਰੀਤ ਚਲਾ ਰਹੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਰੋਟੀ ਦਾ ਥਾਲ ਲਿਆ ਕੇ ਰੱਖਦੇ ਹਨ, ਤੇ ਭੋਗ ਲਵਾਉਂਦੇ ਹਨ। ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੂਰਤੀ ਦਾ ਦਰਜਾ ਦੇ ਕੇ ਨਿਰਾਦਰੀ ਤਾਂ ਨਹੀਂ ਕੀਤੀ ਜਾ ਰਹੀ? ਪੰਥ ਨੂੰ ਸੁਚੇਤ ਰਹਿਣ ਦੀ ਲੋੜ ਹੈ। ਇੰਜ ਲੱਗਦਾ ਏ ਜਿਵੇਂ ਨਿਆਰੇ ਪੰਥ ਨੂੰ ਬ੍ਰਾਹਮਣ ਦਾ ਪਿੱਛਲੱਗ ਬਣਾਇਆ ਜਾ ਰਿਹਾ ਏ। ਗੁਰਬਾਣੀ ਦੇ ਸ਼ਬਦ ਕੁਝ ਹੋਰ ਉਪਦੇਸ਼ ਦੇ ਰਹੇ ਹਨ ਪਰ ਸਾਡੀ ਰੋਜ਼ ਮਰਾ ਦੀ ਜ਼ਿੰਦਗੀ ਵਿਚ ਕੁਝ ਹੋਰ ਵਾਪਰ ਰਿਹਾ ਹੈ। ਸ਼ਬਦ ਵਿਚਾਰ ਦੀ ਘਾਟ ਮਹਿਸੂਸ ਹੋ ਰਹੀ ਹੈ।

**ਐਸਾ ਕਰਹੁ ਬੀਚਾਰੁ ਗਿਆਨੀ॥ ਜਾ ਤੇ ਪਾਈਐ ਪਦੁ ਨਿਰਬਾਨੀ॥ ਆਸਿ ਪਾਸਿ ਬਿਖੂਆ ਕੇ ਕੁੰਟਾ ਬੀਚਿ ਅੰਮ੍ਰਿਤ ਹੈ ਭਾਈ ਰੇ॥**

(385)

# ਵਿਸ਼ਵ ਦਾ ਨਿਰਾਲਾ ਗ੍ਰੰਥ- ਗੁਰੂ ਗ੍ਰੰਥ ਸਾਹਿਬ ਜੀ

**-ਜਸਵਿੰਦਰ ਸਿੰਘ ਰੁਪਾਲ # 98147-15796**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਨੁੱਖਤਾ ਦਾ ਚਾਨਣ ਮੁਨਾਰਾ ਅਤੇ ਸਰਬ ਸਾਂਝਾ ਗ੍ਰੰਥ ਵਜੋਂ ਜਾਣਿਆ ਜਾਂਦਾ ਹੈ ਅਤੇ ਖਾਲਸਾ ਪੰਥ ਨਿਆਰਾ ਪੰਥ ਵਜੋਂ ਪ੍ਰਸਿੱਧ ਹੈ। ਪਰ ਸਾਡਾ ਵਿਚਾਰ ਹੈ ਕਿ ਗੁਰੂ ਗ੍ਰੰਥ ਸਾਹਿਬ ਇੱਕ ਨਿਆਰਾ ਗ੍ਰੰਥ ਵੀ ਹੈ ਅਤੇ ਖਾਲਸਾ ਪੰਥ ਸਰਬ ਸਾਂਝਾ ਪੰਥ ਵੀ ਹੈ। ਅਸੀਂ ਆਪਣੇ ਇਸ ਦੇ ਪਹਿਲੇ ਭਾਗ ਤੇ ਵਿਚਾਰ ਕਰਦੇ ਹੋਏ ਗੁਰੂ ਗ੍ਰੰਥ ਸਾਹਿਬ ਜੀ ਦੇ ਨਿਰਾਲੇਪਣ ਬਾਰੇ ਗੱਲ ਕਰਾਂਗੇ। (ਸਰਬ ਸਾਂਝਾ ਖਾਲਸਾ ਪੰਥ ਬਾਰੇ ਵਿਚਾਰ ਇੱਕ ਵੱਖਰੇ ਲੇਖ ਵਿਚ ਕਰਾਂਗੇ)।

ਕਿਸੇ ਵੀ ਵਸਤੂ ਵਿਅਕਤੀ ਜਾਂ ਵਰਤਾਰੇ ਨੂੰ ਨਿਰਾਲਾ ਕਦੋਂ ਕਿਹਾ ਜਾਂਦਾ ਹੈ? ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨਾਭਾ, ਮਹਾਨ ਕੋਸ਼ ਵਿੱਚ ਨਿਰਾਲਾ ਸ਼ਬਦ ਦੇ ਅਰਥ ਇਉਂ ਕਰਦੇ ਹਨ--

ਭਿੰਨ ਪ੍ਰਕਾਰ ਦਾ ਜੁਦਾ, ਜੁਦੀ, "ਭਗਤਾ ਕੀ ਚਾਲ ਨਿਰਾਲੀ"(ਅਨੰਦ) ੨ ਏਕਾਂਤ ੩ ਵਿਲੱਖਣ ਅਜੀਬ ੪ ਜਿਸ ਦੇ ਮੁਕਾਬਲੇ ਦੂਸਰਾ ਨਹੀਂ ਅਦ੍ਵਿਤਯ (ਅਦੁੱਤੀ)

ਸੋ ਨਿਰਾਲਾ ਦਾ ਭਾਵ ਹੈ, ਦੂਜੇ ਉਸ ਵਰਗਿਆਂ ਨਾਲੋਂ ਭਿੰਨ। ਅਸੀਂ ਗ੍ਰੰਥ ਦੀ ਗੱਲ ਕਰ ਰਹੇ ਹਾਂ। ਸਾਰੇ ਧਰਮਾਂ ਦੇ ਸਾਰੇ ਗ੍ਰੰਥ ਸਤਿਕਾਰਯੋਗ ਹਨ, ਪਵਿੱਤਰ ਹਨ ਅਤੇ ਪੂਜਣਯੋਗ ਹਨ। ਅਸੀਂ ਦੇਖਾਂਗੇ ਕਿ ਗੁਰੂ ਗ੍ਰੰਥ ਸਾਹਿਬ ਜੀ ਕਿਵੇਂ ਦੂਸਰੇ ਗ੍ਰੰਥਾਂ ਨਾਲੋਂ ਭਿੰਨ ਹਨ। ਕੀ ਅਸੀਂ ਇਹ ਕਹਿ ਸਕਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਦੇ ਮੁਕਾਬਲੇ ਕੋਈ ਦੂਸਰਾ ਗ੍ਰੰਥ ਨਹੀਂ ?? ਆਓ ਵਿਚਾਰ ਕਰੀਏ ....

1. ਗ੍ਰੰਥ ਦਾ ਕਰਤਾ ਅਤੇ ਲਿਖਣ ਕਾਲ :- ਸਭ ਤੋਂ ਪਹਿਲਾਂ ਮਹੱਤਵਪੂਰਨ ਹੈ ਕਿ ਉਸ ਗ੍ਰੰਥ ਨੂੰ ਕਿਸ ਨੇ ਲਿਖਿਆ ਹੈ ਅਤੇ ਕਦੋਂ। ਵੱਖ ਵੱਖ ਮੁੱਖ ਪ੍ਰਚੱਲਿਤ ਧਰਮਾਂ ਦੇ ਗ੍ਰੰਥ ਅਤੇ ਉਹਨਾਂ ਦੇ ਲੇਖਕ ਇੰਝ ਹਨ--

**ਹਿੰਦੂ ਧਰਮ :-** ਹਿੰਦੂ ਧਰਮ ਦੇ ਗ੍ਰੰਥ ਕਾਫੀ ਜ਼ਿਆਦਾ ਹਨ ਜਿਵੇਂ ਵੇਦ, ਪੁਰਾਣ, ਸਿਮਰਤੀਆਂ ਆਦਿ।

ਵੇਦ ਚਾਰ ਹਨ ਜੋ ਰਿਗ ਵੇਦ, ਯਜੁਰ ਵੇਦ, ਅਥਰਵ ਵੇਦ ਅਤੇ ਸਾਮ ਵੇਦ ਹਨ। ਇਹਨਾਂ ਦਾ ਕਰਤਾ ਵਿਆਸ ਰਿਸ਼ੀ ਨੂੰ ਮੰਨਿਆ ਗਿਆ ਹੈ, ਪਰ ਇਸ ਗੱਲ ਦੇ ਭਰੋਸੇਯੋਗ ਪ੍ਰਮਾਣ ਨਹੀਂ ਹਨ। ਬਹੁਤ ਜਿਆਦਾ ਪੁਰਾਤਨ ਹੋਣ ਕਾਰਨ ਕੋਈ ਵੀ ਗੱਲ ਲਿਖਤੀ ਸਬੂਤਾਂ ਦੇ ਅਧਾਰ ਤੇ ਨਹੀਂ ਕਹਿ ਸਕਦੇ। ਸਤਿਯੁਗ ਦੁਆਪਰ ਤ੍ਰੇਤਾ ਯੁੱਗਾਂ ਤੋਂ ਹੁਣ ਤੱਕ ਕਿਸੇ ਵੀ ਵਸਤੂ ਦਾ ਹੂਬਹੂ ਪ੍ਰਾਪਤ ਹੋਣ ਦੀ ਕੋਈ ਗੁੰਜਾਇਸ਼ ਨਹੀਂ ਹੈ। ਰਿਸ਼ੀਆਂ ਮੁਨੀਆਂ ਦਾ ਬਹੁਤਾ ਗਿਆਨ ਮੌਖਿਕ ਹੁੰਦਾ ਸੀ ਲਿਖਤੀ ਨਹੀਂ। ਦੂਸਰੀ ਗੱਲ ਕਿ ਜਦੋਂ ਉਹ ਨਾਇਕ ਵਿਚਰੇ ਜਿਵੇਂ ਰਾਮ ਚੰਦਰ ਜੀ, ਕ੍ਰਿਸ਼ਨ ਜੀ ਆਦਿ, ਨਾ ਤਾਂ ਇਹ ਗ੍ਰੰਥ ਉਹਨਾਂ ਨੇ ਆਪ ਲਿਖੇ ਹਨ ਅਤੇ ਨਾ ਹੀ ਇਹ ਗ੍ਰੰਥ ਉਹਨਾਂ ਦੇ ਆਪਣੇ ਸਮੇਂ ਵਿਚ ਲਿਖੇ ਗਏ। ਜਾਂ ਤਾਂ ਜਿਵੇਂ ਬਾਲਮੀਕੀ ਰਾਮਾਇਣ ਨੂੰ ਵਾਪਰਨ ਤੋਂ ਬਹੁਤ ਸਮਾਂ ਪਹਿਲਾਂ ਲਿਖਿਆ ਮੰਨਿਆ ਜਾਂਦਾ ਹੈ ਅਤੇ ਜਾਂ ਉਹ ਘਟਨਾ ਬੀਤ ਜਾਣ ਤੇ ਸ਼ਰਧਾਲੂਆਂ ਦੁਆਰਾ ਬਾਅਦ ਵਿੱਚ ਲਿਖੇ ਗਏ। ਦੋਹਾਂ ਹੀ ਹਾਲਤਾਂ ਵਿਚ ਸਚਾਈ ਦੀ ਭਰੋਸੇਯੋਗਤਾ ਤੇ ਪ੍ਰਸ਼ਨ ਚਿੰਨ੍ਹ ਲੱਗ ਜਾਂਦਾ ਹੈ।

**ਇਸਲਾਮ ਧਰਮ :-** ਇਸਲਾਮ ਧਰਮ ਦੇ ਮੁਖੀ ਹਜ਼ਰਤ ਮੁਹੰਮਦ ਸਾਹਿਬ ਸਨ। ਉਹ ਕੁਰਾਨ ਸ਼ਰੀਫ ਉਨ੍ਹਾਂ ਦਾ ਮੁੱਖ ਗ੍ਰੰਥ ਹੈ। ਇਸ ਬਾਰੇ ਇਹ ਪ੍ਰਚੱਲਿਤ ਹੈ ਕਿ ਅੱਲਾਹ ਨੇ ਜਿਬਰਾਈਲ ਫਰਿਸ਼ਤੇ ਦੁਆਰਾ ਇਸ ਦਾ ਇਲਹਾਮ ਹਜ਼ਰਤ ਮੁਹੰਮਦ ਨੂੰ ਸੁਣਾਇਆ ਸੀ। ਇਹ ਇਲਹਾਮ 610 ਈਸਵੀ ਪੂਰਵ ਤੋਂ 623 ਈਸਵੀ ਪੂਰਵ ਤੱਕ ਹੋਇਆ ਪਰ ਇਹ ਗ੍ਰੰਥ ਹਜ਼ਰਤ ਮੁਹੰਮਦ ਸਾਹਿਬ ਦੇ ਜਿਉਂਦੇ ਹੋਏ ਪੁਸਤਕ ਰੂਪ ਵਿਚ ਨਹੀਂ ਆਇਆ ਸੀ। ਉਨ੍ਹਾਂ ਦੀ ਮੌਤ ਤੋਂ ਬਾਅਦ 633 ਈਸਵੀ ਪੂਰਵ ਵਿਚ ਪੁਸਤਕ ਰੂਪ ਵਿਚ ਹੋਇਆ।

**ਬੁੱਧ ਧਰਮ :-** ਬੁੱਧ ਧਰਮ ਦੇ ਗ੍ਰੰਥ ਸੁਤ ਪਿਟਕ, ਵਿਨੈ ਪਿਟਕ ਅਤੇ ਅਭਿਧਮ ਪਿਟਕ ਹਨ। ਇਨ੍ਹਾਂ ਗ੍ਰੰਥਾਂ ਵਿਚ ਬੁੱਧ ਦੇ ਜੀਵਨ ਅਤੇ ਸਿੱਖਿਆਵਾਂ ਦਾ ਵਰਨਣ ਹੈ ਪਰ ਇਹ ਗ੍ਰੰਥ ਬੁੱਧ ਦੇ ਸ਼ਾਗਿਰਦਾਂ ਦੁਆਰਾ ਉਨ੍ਹਾਂ ਦੀ ਮੌਤ ਤੋਂ ਬਾਅਦ ਹੀ ਲਿਖਿਆ ਹੈ।

**ਗੁਰੂ ਗ੍ਰੰਥ ਸਾਹਿਬ :-** ਗੁਰੂ ਨਾਨਕ ਜੀ ਆਪਣੀਆਂ ਉਦਾਸੀਆਂ ਸਮੇਂ ਆਪਣੇ ਨਾਲ ਇਕ ਪੋਥੀ ਰੱਖਦੇ ਸਨ ਜਿਸ ਵਿਚ ਉਹ ਆਪ ਆਪਣੀ ਲਿਖੀ ਹੋਈ ਬਾਣੀ ਅਤੇ ਭਗਤਾਂ ਦੀ ਬਾਣੀ ਜੋ ਉਹ ਵੱਖ ਵੱਖ ਥਾਵਾਂ ਤੋਂ ਇੱਕਤਰ ਕਰ ਰਹੇ ਸਨ, ਉਹ ਉਤਾਰ ਰਹੇ ਸਨ। ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਆਪਣੀ ਵਾਰ ਵਿਚ ਇਸ ਗੱਲ ਦੀ ਪ੍ਰੋੜ੍ਹਤਾ ਕੀਤੀ ਹੈ--

**ਬਾਬਾ ਫਿਰ ਮੱਕੇ ਗਯਾ ਨੀਲ ਬਸਤ੍ਰ ਧਾਰੇ ਬਨਵਾਰੀ॥**
**ਆਸਾ ਹੱਥ ਕਿਤਾਬ ਕੱਛ ਕੂਜਾ ਬਾਂਗ ਮੁਸੱਲਾ ਧਾਰੀ॥**

**(ਭਾਈ ਗੁਰਦਾਸ ਜੀ, ਵਾਰ-1, ਪਉੜੀ-32)**

ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਜੀ ਨੇ ਬਾਣੀ ਨੂੰ ਆਪ ਲਿਖਿਆ ਅਤੇ ਗੱਦੀ ਦੇਣ ਸਮੇਂ ਇਹ ਪੋਥੀ ਗੁਰੂ ਅੰਗਦ ਸਾਹਿਬ ਜੀ ਨੂੰ ਦਿੱਤੀ ਸੀ। ਗੁਰੂ ਅੰਗਦ ਸਾਹਿਬ ਜੀ ਨੇ ਆਪਣੀ ਲਿਖੀ ਬਾਣੀ ਇਸ ਵਿਚ ਸ਼ਾਮਲ ਕਰਕੇ ਅੱਗੋਂ ਇਹ ਪੋਥੀ ਤੀਸਰੇ ਗੁਰੂ ਅਮਰਦਾਸ ਜੀ ਨੂੰ ਦਿੱਤੀ। ਇਸ ਤਰਾਂ ਹੀ ਚੱਲਦਾ ਗਿਆ ਅਤੇ ਗੁਰੂ ਅਰਜਨ ਸਾਹਿਬ ਜੀ ਨੇ ਇਸ ਸਾਰੀ ਬਾਣੀ ਨੂੰ ਤਰਤੀਬ ਦੇ ਕੇ ਆਦਿ ਗ੍ਰੰਥ ਦੇ ਰੂਪ ਵਿਚ ਸੰਕਲਿਤ ਕੀਤਾ ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਜੀਂ ਦੀ ਬਾਣੀ ਸ਼ਾਮਲ ਕੀਤੀ ਅਤੇ ਇਸਨੂੰ ਗੁਰੂ ਗ੍ਰੰਥ ਸਾਹਿਬ ਆਖਿਆ ਜਾਣ ਲੱਗਿਆ। ਇਸ ਤਰਾਂ ਗੁਰੂ ਸਾਹਿਬਾਨ ਨੇ ਸਾਰੀ ਬਾਣੀ ਆਪਣੇ ਹੱਥੀਂ ਆਪਣੇ ਜੀਵਨ ਕਾਲ ਦੌਰਾਨ ਹੀ ਲਿਖੀ। ਭਗਤਾਂ ਦੀ ਇੱਕਠੀ ਕੀਤੀ ਗਈ ਬਾਣੀ ਵੀ ਕਿਉਂਕਿ ਉਹਨਾਂ ਦੀ ਗੱਦੀ ਤੇ ਜੋ ਵੀ ਉਸ ਸਮੇ ਬੈਠਾ ਸੀ, ਉਸ ਤੋਂ ਪ੍ਰਾਪਤ ਕੀਤੀ ਹੋਣ ਕਾਰਨ ਭਰੋਸੇਯੋਗ ਮੰਨੀ ਜਾ ਸਕਦੀ ਹੈ।

2. **ਗ੍ਰੰਥਾਂ ਦੀ ਭਾਸ਼ਾ :-** ਹਿੰਦੂਆਂ ਦੇ ਸਾਰੇ ਦੇ ਸਾਰੇ ਗ੍ਰੰਥ ਸੰਸਕ੍ਰਿਤ ਭਾਸ਼ਾ ਵਿਚ ਹਨ। ਜੋ ਕਿ ਆਮ ਲੋਕਾਂ ਨੂੰ ਨਹੀਂ ਆਉਂਦੀ। ਇਸ ਲਈ ਜਣ੍ਹ ਸਧਾਰਨ ਸੰਸਕ੍ਰਿਤ ਦੇ ਵਿਦਵਾਨ ਪੰਡਿਤਾਂ ਅਤੇ ਪੁਜਾਰੀਆਂ ਦੇ ਮੁਹਤਾਜ ਹੋ ਜਾਂਦੇ ਰਹੇ। ਪੰਡਿਤਾਂ ਵਲੋਂ ਜਨ ਸਾਧਾਰਨ ਦੀ ਕੀਤੀ ਜਾਂਦੀ ਲੁੱਟ ਦਾ ਇੱਕ ਕਾਰਨ ਇਹ ਵੀ ਬਣਿਆ ਹੋਇਆ ਹੋਏਗਾ।

ਇਸਲਾਮਿਕ ਗ੍ਰੰਥਾਂ ਦੀ ਮੁਖ ਭਾਸ਼ਾ ਅਰਬੀ ਹੈ। ਇਸ ਲਈ ਹਰ ਮੁਸਲਮਾਨ ਨੂੰ ਅਰਬੀ ਸਿੱਖਣੀ ਹੀ ਪੈਂਦੀ ਹੈ, ਜੇ ਉਨ੍ਹਾਂ ਨੇ ਕੁਰਾਨ ਪੜ੍ਹਨੀ ਹੈ ਤਾਂ। ਸਿੱਖ ਧਰਮ ਦੇ ਗ੍ਰੰਥ ਗੁਰੂ ਸਾਹਿਬਾਨ ਨੇ ਪੂਰੇ ਦੇ ਪੂਰੇ ਲੋਕ ਬੋਲੀ ਵਿਚ ਲਿਖੇ/ਲਿਖਵਾਏ। ਗੁਰੂ ਗ੍ਰੰਥ ਸਾਹਿਬ ਜੀ ਦੀ ਲਿਪੀ ਭਾਵੇ ਗੁਰਮੁਖੀ ਹੈ, ਜੋ ਪੰਜਾਬ ਦੀ ਲੋਕ ਬੋਲੀ ਪੰਜਾਬੀ ਦੀ ਲਿਪੀ ਹੈ। ਪਰ ਉਂਝ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੱਖ ਵੱਖ ਭਾਸ਼ਾਵਾਂ ਦਾ ਇੱਕ ਵਧੀਆ ਗੁਲਦਸਤਾ ਵੀ ਕਿਹਾ ਜਾ ਸਕਦਾ ਹੈ, ਕਿਉਂਕਿ ਗੁਰੂ ਸਾਹਿਬ ਜਿੱਥੇ ਵੀ ਗਏ,ਉੱਥੇ ਦੀ ਬੋਲੀ ਦੇ ਸ਼ਬਦ ਉਨ੍ਹਾਂ ਦੀ ਬਾਣੀ ਵਿਚ ਆਉਂਦੇ ਗਏ।

ਇਸ ਤਰਾਂ ਇਹ ਗ੍ਰੰਥ ਲੋਕ-ਮਨ ਦੇ ਜ਼ਿਆਦਾ ਨੇੜੇ ਹੈ।

**3. ਨਿਆਰਾ ਦਰਸ਼ਨ :-**

1. ਲੋਕਾਂ ਦੀ ਆਪਣੀ ਭਾਸ਼ਾ ਵਿਚ ਵੱਖ ਵੱਖ ਭਾਸ਼ਾਵਾਂ ਦੇ ਸ਼ਬਦ

ਕੁਰਾਨ-ਅਰਬੀ, ਵੇਦ ਅਤੇ ਪੁਰਾਣ-ਸੰਸਕ੍ਰਿਤ

2. ਵੱਖ ਵੱਖ ਧਰਮਾਂ, ਜਾਤਾਂ ਅਤੇ ਇਲਾਕਿਆਂ ਦੇ ਲੇਖਕ ਸ਼ਾਮਲ ਹਿੰਦੂ, ਮੁਸਲਮਾਨ, ਜੱਟ, ਰਵਿਦਾਸ, ਛੀਂਬਾ, ਚਮਾਰ, ਕਸਾਈ

3 ਗੁਰੂ ਸਾਹਿਬਾਨ ਨੇ ਆਪਣੇ ਹੱਥੀਂ ਲਿਖਿਆ

ਭਗਤਾਂ ਅਤੇ ਭੱਟਾਂ ਦੀ ਬਾਣੀ ਆਪ ਇੱਕਤਰ ਕੀਤੀ

4. ਮਨੁੱਖਤਾ ਦਾ ਗ੍ਰੰਥ -- ਵਿਸ਼ਵ ਦੀਆਂ ਕਦਰਾਂ ਕੀਮਤਾਂ

5. ਵਿਗਿਆਨਕ ਸੋਚ - ਤਰਕਸ਼ੀਲਤਾ ਨਾਲ ਗੱਲ ਕਰਨ ਵਾਲਾ,ਫਿਲਾਸਫੀ,ਮਨੋਵਿਗਿਆਨ, ਸਮਾਜ ਵਿਗਿਆਨ

6. ਕਵਿਤਾ ਦਾ ਉਚਤਮ ਨਮੂਨਾ--ਕਵਿਤਾ ਦੇ ਸਾਰੇ ਗੁਣ। ਸੰਗੀਤ ਵਿਚ ਰੱਤਿਆ।

7. ਕਮਾਲ ਦੀ ਸੰਪਾਦਕੀ-- ਤਰਤੀਬ ,ਰਾਗ ਬੱਧ, ਵਿਸ਼ਾ

8. ਸਿਰਫ ਗੁਰਮਤਿ ਸਿਧਾਂਤ , ਜੀਵਨ ਜਾਚ ।ਕੋਈ ਇਤਿਹਾਸਕ ਤੱਥ ਨਹੀਂ

9. ਇੱਕੋ ਇੱਕ ਗ੍ਰੰਥ ਜੋ ਗੁਰੂ ਦਾ ਦਰਜਾ ਰੱਖਦਾ ਹੈ ਜਿਸ ਦੇ ਨਾਮ ਤੇ ਜਾਇਦਾਦ ਰਜਿਸਟਰ ਹੈ ਅਤੇ ਕਰਵਾਈ ਜਾ ਸਕਦੀ ਹੈ

10. ਸਭ ਤੋਂ ਵੱਧ ਸਤਿਕਾਰ ਦਾ ਪਾਤਰ ਰਿਹਾ.. ਗੱਡੀ 'ਚ ਇੱਕ ਪੂਰਾ ਡੱਬਾ ਬੁਕ.. ਸ਼ਿਕਾਇਤ.. ਕੋਰਟ.. ਜਦੋਂ ਹਰ ਧਰਮ ਵਾਲੇ ਗ੍ਰੰਥ ਲੈ ਕੇ ਜਾਣ ਲੱਗੇ ਤਾਂ ਗੁਰੂ ਗ੍ਰੰਥ ਨੂੰ ਆਉਂਦਾ ਦੇਖ ਅੰਗਰੇਜ ਜੱਜ ਨੇ ਇਕਦਮ ਫ਼ੈਸਲਾ ਦਿੱਤਾ ।

11 ਸਿਰਫ ਇੱਕੋ ਇੱਕ ਅਕਾਲ ਪੁਰਖ ਦਾ ਜਿਕਰ

12 ਸਾਰੇ ਧਰਮਾਂ ਦਾ ਸਤਿਕਾਰ

-0-

# ਭਾਈ ਹੰਦਾਲ ਜੀ

**ਗੁਰਮਤਿ ਵਿਰਸਾ ਬਿਊਰੋ**

ਤੀਜੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਲਈ 22 ਮੰਜੀਆਂ ਸਥਾਪਿਤ ਕੀਤੀਆਂ। ਇਹ ਮੰਜੀਆਂ ਸਿੱਖ ਧਰਮ ਦੇ ਪ੍ਰਚਾਰ ਦੇ ਮੁੱਖ ਕੇਂਦਰ (ਸੈਂਟਰ) ਸਨ। ਇਨ੍ਹਾਂ ਪ੍ਰਚਾਰ ਕੇਂਦਰਾਂ ਦੇ ਮੁਖੀਆਂ ਨੂੰ ਮੰਜੀਦਾਰ ਜਾਂ ਮੁੱਖ ਪ੍ਰਚਾਰਕ ਕਿਹਾ ਜਾਂਦਾ ਸੀ। ਇਹ ਸਾਰੇ ਮੰਜੀਦਾਰ (ਪ੍ਰਚਾਰਕ) ਗੁਰਮਤਿ ਸਿਧਾਂਤਾਂ ਦੀ ਡੂੰਘੀ ਜਾਣਕਾਰੀ ਰੱਖਦੇ ਸਨ ਅਤੇ ਗੁਰਮਤਿ ਅਨੁਸਾਰ ਉਚਾ-ਸੁੱਚਾ ਅਮਲੀ ਜੀਵਨ ਬਤੀਤ ਕਰਦੇ ਹੋਏ ਗੁਰੂ ਨਾਨਕ ਪਾਤਸ਼ਾਹ ਜੀ ਵਲੋਂ ਤੋਰੇ ਸੱਚ ਦੇ ਮਿਸ਼ਨ ਨੂੰ ਸਤਿਗੁਰੂ ਅਮਰਦਾਸ ਜੀ ਦੀ ਅਗਵਾਈ ਹੇਠ ਆਪਣੇ-ਆਪਣੇ ਇਲਾਕਿਆਂ ਵਿਚ ਗੁਰਮਤਿ ਸਿਧਾਂਤਾਂ ਰਾਹੀ ਪਹੁੰਚਾਉਂਦੇ ਸਨ। ਇਸ ਤਰ੍ਹਾਂ ਇਹ ਮੰਜੀਦਾਰ (ਪ੍ਰਚਾਰਕ) ਅਕਾਲ ਪੁਰਖ ਦਾ ਗੁਣਗਾਨ ਕਰਦੇ ਹੋਏ ਆਪਣਾ ਜੀਵਨ ਸਫਲ ਕਰ ਰਹੇ ਸਨ ਪ੍ਰਚਾਰਕ ਦੀ ਸੇਵਾ ਸੌਂਪਣ ਤੋਂ ਪਹਿਲਾਂ ਸਤਿਗੁਰੂ ਅਮਰਦਾਸ ਜੀ ਨੇ ਆਪ ਇਹਨ੍ਹਾਂ ਨੂੰ ਗੁਰਮਤਿ ਦੀ ਚੰਗੀ ਟ੍ਰੇਨਿੰਗ ਦਿੱਤੀ ਸੀ। ਇਨ੍ਹਾਂ ਪ੍ਰਚਾਰਕਾਂ ਵਿਚ ਇਕ ਭਾਈ ਹੰਦਾਲ ਜੀ ਸਨ ਭਾਈ ਹੰਦਾਲ ਜੀ ਗੁਰੂ ਅਮਰਦਾਸ ਪਾਤਸ਼ਾਹ ਜੀ ਦੇ ਅਨਿੰਨ ਸੇਵਕ ਸਨ। ਜਦੋਂ ਇਨ੍ਹਾਂ ਦੀ ਗੁਰਮਤਿ ਸੰਬੰਧੀ ਟ੍ਰੇਨਿੰਗ ਪੂਰੀ ਹੋਈ ਤਾਂ ਗੁਰੂ ਸਾਹਿਬ ਜੀ ਨੇ ਆਪ ਇਨ੍ਹਾਂ ਨੂੰ ਮੰਜੀ ਦੀ ਬਖਸ਼ਿਸ਼ ਕਰ ਦਿੱਤੀ।

**ਜਨਮ ਬਾਰੇ**:- ਭਾਈ ਹੰਦਾਲ ਜੀ ਦਾ ਜਨਮ ਮਾਤਾ ਸੁੱਖੀ ਜੀ ਦੀ ਕੁੱਖ ਤੋਂ ਪਿਤਾ ਗਾਜੀ ਦੇ ਘਰ ਹੋਇਆ।ਇਨ੍ਹਾ ਦੀ ਸ਼ਾਦੀ ਹਮਜੇ ਚਾਹਲ ਦੀ ਪੁੱਤਰੀ ਬੀਬੀ ਉਤਮੀ ਜੀ ਨਾਲ ਹੋਈ। ਇਨ੍ਹਾਂ ਦੇ ਘਰ ਇਕ ਪੁੱਤਰ ਹੋਇਆ ਜਿਸਦਾ ਨਾਮ ਬਿਧੀ ਚੰਦ ਰੱਖਿਆ ਗਿਆ। ਭਾਈ ਹੰਦਾਲ ਜੀ ਜਿਲ੍ਹਾ ਅੰਮ੍ਰਿਤਸਰ ਦੇ ਨਗਰ ਜੰਡਿਆਲੇ ਦੇ ਰਹਿਣ ਵਾਲੇ ਸਨ। ਇਕ ਵਾਰ ਭਾਈ ਹੰਦਾਲ ਜੀ ਸਤਿਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਲਈ ਗੋਇੰਦਵਾਲ ਆਏ ਤੇ ਗੁਰੂ ਸਾਹਿਬ ਦੇ ਦਰਸ਼ਨ ਕਰਕੇ ਉਹਨਾਂ ਦੇ ਹੀ ਹੋ ਕੇ ਰਹਿ ਗਏ। ਭਾਈ ਸਾਹਿਬ ਸੁਭਾਓ ਤੋਂ ਬੜੇ ਨੇਕ, ਅਤੇ ਮਿਠ ਬੋਲੜੇ ਅਤੇ ਸਹਜ ਵਿਚ ਰਹਿਣ ਵਾਲੇ ਸ਼ਰਧਾਵਾਨ ਸਿੱਖ ਸਨ। ਇਥੇ ਰਹਿੰਦੇ ਹੋਏ ਸਤਿਗੁਰੂ ਅਮਰਦਾਸ ਪਾਤਸ਼ਾਹ ਜੀ ਪਾਸੋਂ ਸਿੱਖੀ ਦੀ ਦਾਤ ਪ੍ਰਾਪਤ ਕਰਨ ਉਪਰੰਤ ਸੇਵਾ ਅਤੇ ਸਿਮਰਨ ਕਰਨਾ ਹੀ ਇਹਨਾਂ ਦੀ ਜ਼ਿੰਦਗੀ ਦਾ ਮਕਸਦ ਬਣ ਚੁੱਕਾ ਸੀ। ਹਰ ਰੋਜ਼ ਗੁਰੂ ਦਰਬਾਰ ਵਿਚ ਉਪਦੇਸ਼ ਸੁਣਕੇ-ਦ੍ਰਿੜ ਕਰਦੇ ਅਤੇ ਉਸ ਅਨੁਸਾਰ ਆਪਣਾ ਜੀਵਨ ਬਣਾ ਰਹੇ ਸਨ, ਨਾਲ ਹੀ ਗੁਰੂ ਕੇ ਲੰਗਰ ਵਿਚ ਲੰਗਰ ਤਿਆਰ ਕਰਨ ਦੀ ਸੇਵਾ ਵੀ ਬੜੇ ਹੀ ਸੁਚੱਜੇ ਢੰਗ ਨਾਲ ਨਿਭਾ ਰਹੇ ਸਨ। ਸਤਿਗੁਰੂ ਅਮਰਦਾਸ ਪਾਤਸ਼ਾਹ ਜੀ ਦੀ ਰਹਿਨੁਮਾਈ ਹੇਠ ਭਾਈ ਹੰਦਾਲ ਜੀ ਗੁਰਮਤਿ ਤੋਂ ਪੂਰੀ ਤਰ੍ਹਾਂ ਜਾਣੂ ਹੋ ਚੁੱਕੇ ਸਨ। ਗੁਰੂ ਸਾਹਿਬ ਨੇ ਭਾਈ ਹੰਦਾਲ ਜੀ ਦੀ ਗੁਰਮਤਿ ਪੱਖੀ ਦ੍ਰਿੜਤਾ ਸੂਝ-ਬੂਝ ਅਤੇ ਅਮਲੀ ਜੀਵਨ ਨੂੰ ਦੇਖ ਕੇ ਉਹਨਾਂ ਨੂੰ ਜੰਡਿਆਲੇ ਦੇ ਇਲਾਕੇ ਦੀ ਪ੍ਰਚਾਰ ਸੇਵਾ ਸੌਂਪ ਦਿਤੀ, ਉਸ ਇਲਾਕੇ ਦਾ ਮੰਜੀਦਾਰ ਥਾਪ ਦਿਤਾ। ਜੰਡਿਆਲਾ ਭਾਈ ਸਾਹਿਬ ਦਾ ਆਪਣਾ ਇਲਾਕਾ ਸੀ, ਉਥੇ ਆਪ ਨੇ ਗੁਰਮਤਿ ਦਾ ਉਪਦੇਸ਼ ਦੇ ਕੇ ਪੂਰੇ ਇਲਾਕੇ ਵਿਚ ਸਿੱਖੀ ਪ੍ਰਤੀ ਸ਼ਰਧਾ ਅਤੇ ਵਿਸ਼ਵਾਸ ਉਤਪੰਨ ਕੀਤਾ। ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਪਿਛੋਂ ਗੁਰੂ ਰਾਮਦਾਸ ਜੀ ਗੁਰ ਗੱਦੀ ਤੇ ਬਿਰਾਜਮਾਨ ਹੋਏ। ਇਸ ਸਮੇਂ ਸਾਰੇ ਮੰਜੀਦਾਰ (ਪ੍ਰਚਾਰਕ) ਆਪੋ-ਆਪਣੇ ਇਲਾਕੇ ਵਿਚ ਗੁਰਮਤਿ ਦਾ ਪ੍ਰਚਾਰ ਚੰਗੇ ਤਰੀਕੇ ਨਾਲ ਕਰ ਰਹੇ ਸਨ। ਜਿਥੇ ਇਹ ਸਾਰੇ ਪ੍ਰਚਾਰਕ ਗੁਰਮਤਿ ਦਾ ਚੰਗੇ ਢੰਗ ਨਾਲ ਪ੍ਰਚਾਰ ਕਰਦੇ ਸਨ, ਉਥੇ ਉਹ ਗੁਰੂ ਰਾਮਦਾਸ ਜੀ ਮਹਾਰਾਜ ਦੇ ਦਰਸ਼ਨਾਂ ਲਈ ਅਤੇ ਆਪਣੇ ਇਲਾਕੇ ਵਿਚ ਕੀਤੇ ਜਾ ਰਹੇ ਗੁਰਮਤਿ ਪਰਚਾਰ ਦੀ ਰਿਪੋਰਟ ਵੀ ਗੁਰੂ ਦਰਬਾਰ ਵਿਚ ਦੇਣ ਲਈ ਆਉਂਦੇ ਰਹਿੰਦੇ ਸਨ। ਕੁਝ ਦਿਨ ਉਥੇ ਰਹਿਕੇ ਗੁਰੂ ਸਾਹਿਬ ਤੋਂ ਗੁਰਮਤਿ ਪ੍ਰਚਾਰ ਲਈ ਹੋਰ ਅਗਵਾਈ ਲੈਂਦੇ ਅਤੇ ਸੇਵਾ ਸਿਮਰਨ ਵਿਚ ਜੁੜੇ ਰਹਿੰਦੇ। ਭਾਈ ਹੰਦਾਲ ਜੀ ਵੀ ਆਪਣੇ ਇਲਾਕੇ ਦੀ ਪ੍ਰਚਾਰ ਸੰਬੰਧੀ ਰਿਪੋਰਟ ਲੈ ਕੇ ਗੁਰੂ ਸਾਹਿਬ ਜੀ ਦੇ ਦਰਸ਼ਨਾਂ ਲਈ ਗੋਇੰਦਵਾਲ ਆਏ। ਗੁਰੂ ਪਾਤਸ਼ਾਹ ਜੀ ਦੇ ਦਰਸ਼ਨਾਂ ਕਰਕੇ ਨਿਹਾਲ ਹੋ ਗਏ ਅਤੇ ਆਪਣੇ ਇਲਾਕੇ ਦੀ ਰਿਪੋਰਟ ਵੀ ਦਿੱਤੀ। ਕੁੱਝ ਦਿਨ ਉਥੇ ਰਹਿਕੇ ਹਰ ਰੋਜ਼ ਗੁਰੂ ਦਰਬਾਰ ਵਿਚ ਹਾਜ਼ਰੀ ਭਰਦੇ ਅਤੇ ਪਹਿਲਾਂ ਵਾਂਗ ਹੀ ਲੰਗਰ ਤਿਆਰ ਕਰਨ ਦੀ ਸੇਵਾ ਕਰਦੇ।

ਸਤਿਗੁਰੂ ਰਾਮਦਾਸ ਜੀ ਮਹਾਰਾਜ ਆਪ ਲੰਗਰ ਦੀ ਨਿਗਰਾਨੀ ਕਰਦੇ ਸਨ। ਇਕ ਦਿਨ ਸਤਿਗੁਰੂ ਜੀ ਲੰਗਰ ਵਿਚ ਗਏ ਤਾਂ ਭਾਈ ਹੰਦਾਲ ਜੀ ਆਟਾ ਗੁੰਨਣ ਦੀ ਸੇਵਾ ਕਰ ਰਹੇ ਸਨ ਤੇ ਨਾਲ ਹੀ ਸਤਿਗੁਰੂ ਰਾਮਦਾਸ ਜੀ ਮਹਾਰਾਜ ਦੇ ਚਰਣਾਂ ਵਿਚ ਪ੍ਰੀਤ ਜੁੜੀ ਮੂੰਹ ਤੋਂ ਨਿਰੰਜਣ-ਨਿਰੰਜਣ ਕਹੀ ਜਾ ਰਹੇ ਸਨ। ਇਸ ਧੁਨ ਵਿਚ ਉਹਨਾਂ ਨੂੰ ਸਤਿਗੁਰੂ ਜੀ ਦੇ ਆਉਣ ਬਾਰੇ ਪਤਾ ਹੀ ਨਾ ਚਲਿਆ। ਅਚਾਨਕ ਹੀ ਸਤਿਗੁਰੂ ਜੀ ਨੂੰ ਲੰਗਰ ਵਿਚ ਦੇਖ ਕੇ ਛੇਤੀ ਨਾਲ ਉਠੇ ਤੇ ਬਿਨਾਂ ਹੱਥ ਧੋਤਿਆਂ ਹੀ ਆਟੇ ਨਾਲ ਲਿਬੜੇ ਹੱਥ ਪਿਛੇ ਕਰਕੇ ਸ਼ਰਧਾਪੂਰਵਕ ਅਤੇ ਨਿਮਾਣਾ ਜਿਹੇ ਹੋ ਕੇ ਗੁਰੂ ਚਰਣਾਂ ਤੇ ਮੱਥਾ ਟੇਕਿਆ। ਸਤਿਗੁਰੂ ਜੀ ਭਾਈ ਹੰਦਾਲ ਜੀ ਨੂੰ ਚੰਗੀ ਤਰਾਂ ਜਾਣਦੇ ਸਨ ਕਿ ਭਾਈ ਜੀ ਗੁਰਮਤਿ ਦੀ ਚੰਗੀ ਜਾਣਕਾਰੀ ਰੱਖਣ ਦੇ ਨਾਲ-ਨਾਲ ਗੁਰੂ ਪ੍ਰਤੀ ਪ੍ਰੇਮ-ਭਾਵਨਾ ਅਤੇ ਅਥਾਹ ਸ਼ਰਧਾ ਰੱਖਦੇ ਹਨ। ਗੁਰੂ ਸਾਹਿਬ ਜੀ ਨੇ ਭਾਈ ਜੀ ਨੂੰ ਆਪਣੇ ਹੱਥੀਂ ਮੋਢਿਆਂ ਤੋਂ ਫੜ ਕੇ ਉਠਾਇਆ ਤੇ ਛਾਤੀ ਨਾਲ ਲਾਇਆ ਅਤੇ ਉਨ੍ਹਾਂ ਵਲੋਂ ਆਪਣੇ ਇਲਾਕੇ ਵਿਚ ਕੀਤੇ ਜਾ ਰਹੇ ਗੁਰਮਤਿ ਪ੍ਰਚਾਰ ਸੰਬੰਧੀ ਉਪਮਾ ਨੂੰ ਸਲਾਹਿਆ। ਭਾਈ ਹੰਦਾਲ ਜੀ ਕੁੱਝ ਦਿਨ ਗੁਰੂ ਚਰਨਾਂ ਵਿਚ ਰਹਿ ਕੇ ਮੁੜ ਆਪਣੇ ਨਗਰ ਜੰਡਿਆਲੇ ਚਲੇ ਗਏ। ਭਾਈ ਹੰਦਾਲ ਜੀ ਨੇ ਆਪਣੇ ਇਲਾਕੇ ਵਿਚ ਇਤਨਾ ਪ੍ਰਚਾਰ ਕੀਤਾ ਕਿ ਜੰਡਿਆਲੇ ਦਾ ਨਾਮ ਹੀ "ਜੰਡਿਆਲਾ ਗੁਰੂ ਕਾ" ਪੈ ਗਿਆ। ਸਾਰੀ ਉਮਰ ਭਾਈ ਹੰਦਾਲ ਜੀ ਗੁਰਮਤਿ ਦਾ ਪ੍ਰਚਾਰ ਕਰਦੇ ਹੋਏ, ਸੰਮਤ 1705 ( ਸੰਨ 1648 ਈ: ) ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ।

# ...ਰਾਮਦਾਸੁ ਸਤਿਗੁਰੂ ਕਹਾਵੈ

-ਰਮੇਸ਼ ਬੱਗਾ ਚੋਹਲਾ # 9463132719

**ਸ੍ਰੀ ਗੁਰੂ ਰਾਮਦਾਸ ਜੀ ਕੋਲ ਬਹੁਤ ਸਾਰੇ ਰੁਝੇਵੇਂ ਸਨ ਪਰ ਉਨ੍ਹਾਂ ਦੀ ਤਰਜੀਹ ਹਮੇਸ਼ਾਂ ਹੀ ਕਾਰ-ਸੇਵਾ ਵਿਚ ਬਣੀ ਰਹਿੰਦੀ ਸੀ। ਵਕਤ ਮਿਲਣ 'ਤੇ ਉਹ ਆਪ ਵੀ ਟੋਕਰੀ ਚੁੱਕ ਲੈਂਦੇ ਅਤੇ ਇੱਟਾਂ, ਗਾਰੇ ਅਤੇ ਚੂਨੇ ਆਦਿ ਦੀ ਹੱਥੀਂ ਸੇਵਾ ਕਰਿਆ ਕਰਦੇ ਸਨ। ਇਹ ਸਭ ਕੁਝ ਉਹ ਕਿਰਤ ਦੇ ਸਿਧਾਂਤ ਨੂੰ ਵਡਿਆਉਣ ਅਤੇ ਪਕਿਆਉਣ ਲਈ ਵੀ ਕਰਦੇ ਸਨ। ਇਸ ਤਰ੍ਹਾਂ ਕਰਦਿਆਂ ਇਕ ਦਿਨ ਉਹ ਵੀ ਆ ਗਿਆ ਜਿਸ ਦਿਨ ਸ੍ਰੀ ਗੁਰੂ ਰਾਮਦਾਸ ਜੀ ਅਤੇ ਉਨ੍ਹਾਂ ਦੇ ਸਪੁੱਤਰ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ ਸੁਚੱਜੀ ਅਗਵਾਈ ਅਤੇ ਸੰਗਤਾਂ ਦੇ ਭਰਵੇਂ ਸਹਿਯੋਗ ਸਦਕਾ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਧਰਤੀ 'ਤੇ ਸਵਰਗ ਦੀ ਝਲਕ (ਸੱਚਖੰਡ ਦੇ ਰੂਪ 'ਚ) ਦਿਖਾਈ ਦੇਣ ਲੱਗ ਪਈ। ਅਜੋਕੇ ਸਮੇਂ ਵੀ ਇਹ ਸਥਾਨ ਰੱਬੀ ਸਿਫ਼ਤ-ਸਲਾਹ ਦਾ ਇਕ ਪ੍ਰਮੁੱਖ ਕੇਂਦਰ ਹੈ।**

15ਵੀਂ ਸਦੀ ਵਿਚ ਉੱਭਰਿਆ ਸਿੱਖ ਧਰਮ ਨਵੀਨ ਅਤੇ ਵਿਲੱਖਣ ਕਦਰਾਂ ਕੀਮਤਾਂ ਦਾ ਤਰਜ਼ਮਾਨ ਰਿਹਾ ਹੈ। ਇਸ ਦੇ ਰਹਿਬਰਾਂ ਨੇ ਜਿੱਥੇ ਸਦੀਵੀਂ ਤੌਰ 'ਤੇ ਉਸ ਮਾਲਕ ਨੂੰ ਹਿਰਦੇ ਵਿਚ ਵਸਾਉਣ ਦੀ ਗੱਲ ਕੀਤੀ ਹੈ ਉਥੇ ਕਿਰਤ ਨੂੰ ਵਡਿਆਉਂਦਿਆਂ ਹੋਇਆਂ ਇਸ ਨੂੰ ਆਪਸ ਵਿਚ ਵੰਡ ਕੇ ਛਕਣ ਦੀ ਹਾਮੀ ਵੀ ਚੰਗੀ ਤਰ੍ਹਾਂ ਭਰੀ ਹੈ। ਗੁਰੂ ਸਾਹਿਬਾਨ ਨੇ ਆਪਣੇ-ਆਪਣੇ ਸਮਿਆਂ ਵਿਚ ਕੁਝ ਅਜਿਹੀਆਂ ਕਲਿਆਣਕਾਰੀ ਪਿਰਤਾਂ ਪਾਈਆਂ ਹਨ ਜੋ ਇਸ ਜਗ ਨੂੰ 'ਸਚੈ ਕੀ ਹੈ ਕੋਠੜੀ' ਮੰਨ ਕੇ ਮਨੁੱਖ ਨੂੰ ਸੱਚਾ ਅਤੇ ਸੁੱਚਾ ਵਿਹਾਰ ਕਰਨ ਲਈ ਪ੍ਰੇਰਦੀਆਂ ਰਹਿੰਦੀਆਂ ਹਨ। ਇਹ ਪਿਰਤਾਂ ਮਨੁੱਖ ਨੂੰ ਅੰਧਕਾਰਮਈ ਪੈਂਡਿਆਂ ਤੋਂ ਮੋੜ ਕੇ ਉਜਿਆਰੇ ਮਾਰਗ ਦਾ ਪਾਂਧੀ ਬਣਾਉਂਦੀਆਂ ਆ ਰਹੀਆਂ ਹਨ।

ਸਿੱਖ ਧਰਮ ਵਿਸ਼ੇਸ਼ ਰੂਪ ਵਿਚ ਆਪਸੀ ਮੁਹੱਬਤ, ਸਦਭਾਵਨਾ ਅਤੇ ਸਹਿਣਸ਼ੀਲਤਾ ਵਾਲੀ ਸੁਰ ਪੈਦਾ ਕਰਨ ਵਾਲਾ ਇਕ ਅਜਿਹਾ ਧਰਮ ਹੈ ਜੋ ਸੰਸਾਰ ਦੇ ਚੋਣਵੇਂ ਧਰਮਾਂ ਵਿਚ ਇਕ ਅਹਿਮ ਸਥਾਨ ਰੱਖਦਾ ਹੈ।

ਇਹ ਧਰਮ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੁਆਰਾ ਨਿਰਧਾਰਿਤ ਕੀਤੀ ਜੀਵਨ-ਜਾਚ ਅਨੁਸਾਰ **ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ (966)** ਦੇ ਅਨੁਸਾਰ ਇੱਕੋ (ਨਾਨਕ) ਜੋਤ ਵਿੱਚੋ ਨੌਂ ਗੁਰੂ ਸਾਹਿਬਾਨ ਦੇ ਰਾਹੀਂ ਪ੍ਰਫੁੱਲਿਤ ਹੋਇਆ ਹੈ। ਇਨ੍ਹਾਂ ਗੁਰੂ ਸਾਹਿਬਾਨ ਦੇ ਵਿਸ਼ੇਸ਼ ਉਪਰਾਲਿਆਂ ਸਦਕਾ ਸਿੱਖ ਧਰਮ ਨੇ ਇਕ ਨਵੀਨ ਅਤੇ ਆਦਰ ਪੂਰਵਕ ਜੀਵਨ-ਜੁਗਤ ਜਿਵੇਂ ਭਗਤੀ ਤੋਂ ਸ਼ਕਤੀ ਦਾ ਸੁਮੇਲ, ਵਰਣ ਵੰਡ ਨੂੰ ਰੱਦ ਕਰਨ ਵਾਲੀ ਇਨਕਲਾਬੀ ਸੋਚ, ਸਾਂਝੀਵਾਲਤਾ ਦਾ ਸੰਦੇਸ਼ ਦੇਣ ਵਾਲੀ ਗੁਰਬਾਣੀ, ਅਤੇ ਮਿਲ-ਬੈਠ ਕੇ ਦੁਬਿਧਾ ਦੂਰ ਕਰਨ ਵਾਲੀ ਪਹੁੰਚ ਨਾਲ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ ਹੈ। ਇਸ ਤਰ੍ਹਾਂ ਦੀ ਕਾਮਨਾ ਕਰਨ ਵਾਲਿਆਂ ਵਿਚ ਹੀ ਸ਼ਾਮਿਲ ਸਨ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ।

ਸ੍ਰੀ ਗੁਰੂ ਰਾਮਦਾਸ ਜੀ ਜਿਨ੍ਹਾਂ ਦਾ ਬਚਪਨ ਦਾ ਨਾਮ ਭਾਈ ਜੇਠਾ ਸੀ, ਦਾ ਜਨਮ 24 ਸਤੰਬਰ 1534 ਈ: ਨੂੰ ਚੂਨਾ ਮੰਡੀ ਲਾਹੌਰ ਦੇ ਵਸਨੀਕ ਭਾਈ ਹਰਿਦਾਸ ਜੀ ਅਤੇ ਮਾਤਾ ਦਇਆ ਕੌਰ ਜੀ ਦੇ ਘਰ ਹੋਇਆ। ਪਲੇਠਾ ਪੁੱਤਰ ਹੋਣ ਕਰਕੇ ਇਨ੍ਹਾਂ ਦਾ ਨਾਮ ਭਾਈ ਜੇਠਾ ਜੀ ਹੋ ਗਿਆ। ਜਿਸ ਦਿਨ ਭਾਈ ਜੇਠਾ ਜੀ ਦਾ ਜਨਮ ਹੋਇਆ ਉਸ ਵਕਤ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਦੁਨਿਆਵੀ ਉਮਰ ਲੱਗਭਗ 65 ਸਾਲ, ਸ੍ਰੀ ਗੁਰੂ ਅਮਰਦਾਸ ਜੀ ਦੀ 55 ਸਾਲ ਅਤੇ ਭਾਈ ਲਹਿਣਾ ਜੀ ਦੀ 30 ਸਾਲ ਸੀ। ਭਾਵੇਂ ਚਾਰੇ ਗੁਰੂ ਸਾਹਿਬਾਨ ਜਿਸਮਾਨੀ ਤੌਰ 'ਤੇ ਮੌਜੂਦ ਸਨ ਪਰ ਮਿਲਾਪ ਅਜੇ ਪਹਿਲੀ ਪਾਤਸ਼ਾਹੀ ਅਤੇ ਭਾਈ ਲਹਿਣਾ ਜੀ ਦਾ ਹੀ ਹੋਇਆ ਸੀ।

ਭਾਈ ਜੇਠਾ ਜੀ ਅਜੇ ਬਚਪਨ ਦੀਆਂ ਦਹਿਲੀਜ਼ਾਂ ਉਪਰ ਹੀ ਵਿਚਰ ਰਹੇ ਸਨ ਕਿ ਪਹਿਲਾਂ ਮਾਤਾ ਜੀ ਅਤੇ ਫਿਰ ਪਿਤਾ ਸ੍ਰੀ ਹਰਿਦਾਸ ਜੀ ਇਸ ਦੁਨੀਆ ਤੋਂ ਕੂਚ ਕਰ ਗਏ। ਜਦੋਂ ਆਪ ਦੁਨਿਆਵੀ ਤੌਰ 'ਤੇ ਯਤੀਮ ਹੋ ਗਏ ਤਾਂ ਆਪ ਜੀ ਦੀ ਨਾਨੀ ਆਪ ਨੂੰ ਆਪਣੇ ਪਿੰਡ ਬਾਸਰਕੇ ਲੈ ਆਈ। ਲਾਹੌਰ ਤੋਂ ਦੋਹਤੇ ਦੇ ਆਪਣੇ ਨਾਨਕੇ ਘਰ ਆਉਣ ਦੀ ਖ਼ਬਰ ਸਾਰੇ ਪਿੰਡ ਵਿਚ ਫੈਲ ਗਈ। ਪਿੰਡ ਦੇ ਬਹੁਤ ਸਾਰੇ ਨੇਕ ਪੁਰਸ਼ ਅਤੇ ਔਰਤਾਂ ਬਾਲਕ ਜੇਠੇ ਦਾ ਧੀਰ ਧਰਾਉਣ ਲਈ ਆਉਣ ਲੱਗੇ। ਇਨ੍ਹਾਂ ਧੀਰ ਧਰਾਉਣ ਵਾਲਿਆਂ ਵਿਚ ਸ੍ਰੀ (ਗੁਰੂ) ਅਮਰਦਾਸ ਜੀ ਵੀ ਸਨ। ਉਨ੍ਹਾਂ ਦੇ ਕੋਮਲ ਹਿਰਦੇ 'ਤੇ ਭਾਈ ਜੇਠੇ ਦੀ ਦੁਖਦਾਈ ਸਥਿਤੀ ਦਾ ਬੜਾ ਡੂੰਘਾ ਅਸਰ ਹੋਇਆ। ਇਸ ਅਸਰ ਕਰਕੇ ਉਨ੍ਹਾਂ ਦੀ ਆਪਸੀ ਨੇੜਤਾ ਕਾਫੀ ਵਧਣ ਲੱਗ ਪਈ।

ਭਾਈ ਜੇਠਾ ਜੀ ਆਪਣੇ ਨਾਨਕੇ ਘਰ ਰਹਿ ਕੇ ਘੁੰਙਣੀਆਂ ਵੇਚਣ ਦੀ ਕਾਰ ਕਰਿਆ ਕਰਦੇ ਸਨ ਅਤੇ ਇਨ੍ਹਾਂ ਦੀ ਵੱਟਕ ਨਾਲ ਆਪਣੀ ਅਤੇ ਨਾਨੀ ਜੀ ਦੀ ਉਦਰ-ਜਵਾਲਾ ਸ਼ਾਂਤ ਕਰਿਆ ਕਰਦੇ ਸਨ। ਇਸ ਸਮੇਂ ਦੌਰਾਨ ਸ੍ਰੀ (ਗੁਰੂ) ਅਮਰਦਾਸ ਜੀ ਜਦੋਂ ਕਦੇ ਖਡੂਰ ਸਾਹਿਬ ਤੋਂ ਬਾਸਰਕੇ ਆਉਂਦੇ ਤਾਂ ਉਹ ਭਾਈ ਜੇਠਾ ਜੀ ਨੂੰ ਜ਼ਰੂਰ ਮਿਲਦੇ ਅਤੇ ਘੰਟਿਆਂ ਬੱਧੀ ਦੁਨਿਆਵੀ ਅਤੇ ਇਲਾਹੀ ਗੱਲਾਂ ਹੁੰਦੀਆਂ ਰਹਿੰਦੀਆਂ।

ਜਦੋਂ ਗੋਂਦੇ ਖੱਤਰੀ ਦੀ ਬੇਨਤੀ 'ਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਦਰਿਆ ਬਿਆਸ ਦੇ ਕਿਨਾਰੇ ਗੋਇੰਦਵਾਲ ਸਾਹਿਬ ਨਗਰ ਵਸਾਇਆ ਤਾਂ ਉਨ੍ਹਾਂ ਦੇ ਕਈ ਰਿਸ਼ਤੇਦਾਰ ਅਤੇ ਸਨੇਹੀ ਵੀ ਗੋਇੰਦਵਾਲ ਸਾਹਿਬ ਆ ਗਏ। ਗੁਰੂ ਦਰਸ਼ਨਾਂ ਦੀ ਤਾਂਘ ਭਾਈ ਜੇਠਾ ਜੀ ਨੂੰ ਵੀ ਇੱਥੇ ਲੈ ਆਈ। ਉਸ ਵਕਤ ਉਨ੍ਹਾਂ ਦੀ ਆਯੂ ਕੋਈ 12 ਕੁ ਸਾਲ ਦੀ ਸੀ। ਅਵਸਥਾ ਭਾਵੇਂ ਅਜੇ ਬਾਲਪਨ ਵਾਲੀ ਹੀ ਸੀ ਪਰ ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਭਾਵ ਸਦਕਾ ਸੂਝ ਵਿਚ ਪਕਿਆਈ ਆ ਰਹੀ ਸੀ। ਇਸ ਪਕਿਆਈ ਸਦਕਾ ਸ੍ਰੀ ਗੁਰੂ ਨਾਨਕ ਸਾਹਿਬ ਦੇ ਦਰਬਾਰ ਦੀ ਰੰਗਤ ਭਾਈ ਜੇਠਾ ਜੀ 'ਤੇ ਖ਼ੂਬ ਚੜਨ ਲੱਗੀ।

ਸ੍ਰੀ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ 10-12 ਸਾਲ ਆਪਣੀ ਨਿਗਰਾਨੀ ਵਿਚ ਰੱਖਿਆ ਅਤੇ ਉਨ੍ਹਾਂ ਸਾਰੇ ਗੁਣਾਂ ਨੂੰ ਵਾਚਿਆ ਸੀ ਜੋ ਕਿਸੇ ਉਚੇਚੀ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਜ਼ਰੂਰੀ ਹੁੰਦੇ ਹਨ। ਗੁਰੂ ਸਾਹਿਬ ਨੇ ਇਨ੍ਹਾਂ ਗੁਣਾਂ ਦੀ ਕਦਰ ਕਰਦਿਆਂ 22 ਫੱਗਣ ਸੰਮਤ 1610 ਨੂੰ ਆਪਣੀ ਲਾਡਲੀ ਸਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ ਭਾਈ ਜੇਠਾ ਜੀ ਨਾਲ ਕਰ ਦਿੱਤਾ। ਇਸ ਬਖ਼ਸ਼ਿਸ਼ ਨਾਲ ਭਾਈ ਜੇਠਾ ਜੀ ਗੁਰੂ-ਦਰਬਾਰ ਦੇ ਨਾਲ-ਨਾਲ ਗੁਰੂ-ਪਰਿਵਾਰ ਦੇ ਅੰਗ ਬਣ ਗਏ।

ਜਦੋਂ 1557 ਈ: ਵਿਚ ਤੀਸਰੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਸਮਾਜਿਕ ਬਰਾਬਰੀ ਦੇ ਸਿਧਾਂਤ ਨੂੰ ਲਾਗੂ ਕਰਨ ਲਈ ਸਮਾਜ ਵਿੱਚੋਂ ਛੂਤ-ਛਾਤ ਖਤਮ ਕਰਨ ਦਾ ਬੀੜਾ ਚੁੱਕਿਆ ਤਾਂ ਕੁਝ ਗੁਰੂ-ਘਰ ਦੇ ਦੋਖੀਆਂ ਅਤੇ ਸਮਾਜ ਵਿਰੋਧੀਆਂ ਕੋਲੋਂ ਇਹ ਗੱਲ ਬਰਦਾਸ਼ਤ ਨਾ ਹੋ ਸਕੀ। ਉਨ੍ਹਾਂ ਵਿੱਚੋਂ ਕਿਸੇ ਨੇ ਅਕਬਰ ਬਾਦਸ਼ਾਹ ਕੋਲ ਜਾ ਕੇ ਗੁਰੂਕਿਆਂ ਦੇ ਖ਼ਿਲਾਫ਼ ਕੰਨ ਭਰ ਦਿੱਤੇ। ਆਪਣੀ ਸ਼ੰਕਾ ਨਵਿਰਤੀ ਅਤੇ ਤਸੱਲੀ ਲਈ ਬਾਦਸ਼ਾਹ ਨੇ ਗੁਰੂ ਦਰਬਾਰ ਵੱਲ ਸੱਦਾ-ਪੱਤਰ ਭੇਜ ਦਿੱਤਾ। ਬਿਰਧ ਸਰੀਰ ਹੋਣ ਕਰਕੇ ਤੀਸਰੇ ਪਾਤਸ਼ਾਹ ਨੇ ਗੁਰੂ-ਘਰ ਦੀ ਵਕਾਲਤ ਲਈ ਭਾਈ ਜੇਠਾ ਜੀ ਦੀ ਡਿਊਟੀ ਲਗਾ ਦਿੱਤੀ। ਭਾਈ ਜੇਠਾ ਜੀ ਨੇ ਸਿੱਖੀ ਦੇ ਸਿਧਾਂਤਾਂ ਦੀ ਇੰਨੇ ਸੁਚੱਜੇ ਢੰਗ ਨਾਲ ਵਿਆਖਿਆ ਕੀਤੀ ਕਿ ਅਕਬਰ ਦੇ ਸਭ ਭਰਮ-ਭੁਲੇਖੇ ਦੂਰ ਹੋ ਗਏ।

ਦੁਨਿਆਵੀ ਪੱਖੋਂ ਭਾਈ ਜੇਠਾ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਦਾਮਾਦ ਸਨ ਪਰ ਇਸ ਰਿਸ਼ਤੇ ਦਾ ਉਨ੍ਹਾਂ ਦੇ ਮਨ ਵਿਚ ਰਤੀ ਭਰ ਵੀ ਗੁਮਾਨ ਨਹੀਂ ਸੀ। ਬਾਉਲੀ ਸਾਹਿਬ ਦੇ ਨਿਰਮਾਣ-ਕਾਰਜ ਸਮੇਂ

ਉਹ ਵੀ ਇਕ ਨਿਮਾਣੇ ਸਿੱਖ ਵਾਂਗ ਸਿਰ 'ਤੇ ਟੋਕਰੀ ਢੋਅ ਕੇ ਸੇਵਾ ਕਰਿਆ ਕਰਦੇ ਸਨ। ਇਕ ਦਿਨ ਜਦੋਂ ਉਹ ਤਨ-ਮਨ ਨਾਲ ਸੇਵਾ ਵਿਚ ਲੀਨ ਸਨ ਤਾਂ ਲਾਹੌਰ ਤੋਂ ਉਨ੍ਹਾਂ ਦੇ ਸ਼ਰੀਕੇ-ਭਾਈਚਾਰੇ ਦੇ ਕੁਝ ਲੋਕ ਹਰਿਦੁਆਰ ਆਦਿ ਤੀਰਥਾਂ-ਸਥਾਨਾਂ ਦੇ ਦਰਸ਼ਨਾਂ ਲਈ ਜਾਂਦੇ ਹੋਏ ਸ੍ਰੀ ਗੋਇੰਦਵਾਲ ਵਿਖੇ ਆ ਗਏ। ਜਦੋਂ ਉਨ੍ਹਾਂ ਨੇ ਤੱਕਿਆ ਕਿ ਭਾਈ ਜੇਠਾ ਮਜ਼ਦੂਰਾਂ ਵਾਂਗੂ ਸਿਰ 'ਤੇ ਟੋਕਰੀ ਚੁੱਕੀ ਜਾ ਰਿਹਾ ਹੈ ਤਾਂ ਖ਼ਾਹਮਖ਼ਾਹ ਹੀ ਕ੍ਰੋਧਿਤ ਹੋ ਉੱਠੇ। ਕ੍ਰੋਧ ਵਿਚ ਆ ਕੇ ਉਹ ਸ਼ਿਸ਼ਟਾਚਾਰ ਦਾ ਪੱਲਾ ਵੀ ਛੱਡ ਬੈਠੇ। ਭਰੇ-ਪੀਤੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਕਹਿਣ ਲੱਗੇ ਕਿ, "ਸਾਡੇ ਭਰਾ ਜੇਠੇ ਕੋਲੋਂ ਮਜ਼ਦੂਰੀ ਕਰਵਾ ਕੇ ਤੁਸੀਂ ਸਾਡੇ ਮਾਨ-ਸਤਿਕਾਰ ਨੂੰ ਢਾਹ ਲਗਾਈ ਹੈ। ਤੁਹਾਡੇ ਇਸ ਵਤੀਰੇ ਨਾਲ ਸਾਨੂੰ ਬੜੀ ਨਮੋਸ਼ੀ ਹੋਈ ਹੈ।"

ਆਪਣੇ ਸ਼ਰੀਕੇ-ਭਾਈਚਾਰੇ ਦੀਆਂ ਖਰਵੀਆਂ ਗੱਲਾਂ ਕਾਰਨ ਭਾਈ ਜੇਠਾ ਜੀ ਨੇ ਤੀਸਰੇ ਪਾਤਸ਼ਾਹ ਕੋਲੋਂ ਹੱਥ ਜੋੜ ਕੇ ਮੁਆਫੀ ਮੰਗ ਲਈ ਅਤੇ ਕਹਿਣ ਲੱਗੇ ਕਿ, "ਸੱਚੇ ਪਾਤਸ਼ਾਹ ਇਹ ਸਾਰੇ ਅਣਜਾਣ ਹਨ, ਇਨ੍ਹਾਂ ਦੀਆ ਕੌੜੀਆਂ-ਕੁਸੈਲੀਆਂ ਅਤੇ ਮਨ ਦੀ ਮੈਲੀਆਂ ਗੱਲਾਂ ਨੂੰ ਲੇਖੇ ਵਿਚ ਨਾ ਲਿਆਉਣਾ।" ਇਸ ਤਰ੍ਹਾਂ ਕਰਕੇ ਭਾਈ ਸਾਹਿਬ ਨੇ ਜਿੱਥੇ ਆਪਣੇ ਸ਼ਰੀਕੇ ਦੀ ਰੱਖ ਦਿਖਾਈ ਉਥੇ ਗੁਰੂ ਸਾਹਿਬ ਦੀ ਪ੍ਰਸੰਨਤਾ ਦੇ ਪਾਤਰ ਵੀ ਬਣ ਗਏ।

ਪਰਵਾਰਿਕ ਪੱਖੋਂ ਆਪ ਜੀ ਦੇ ਘਰ ਤਿੰਨ ਪੁੱਤਰਾਂ ਬਾਬਾ ਪ੍ਰਿਥੀ ਚੰਦ, ਬਾਬਾ ਮਹਾਂਦੇਵ ਅਤੇ ਸ੍ਰੀ (ਗੁਰੂ) ਅਰਜਨ ਸਾਹਿਬ ਜੀ (ਪੰਚਮ ਪਾਤਸ਼ਾਹ) ਨੇ ਜਨਮ ਲਿਆ। ਬਾਬਾ ਪ੍ਰਿਥੀ ਚੰਦ ਭਾਵੇਂ ਘਰ ਦਾ ਵੱਡਾ ਪੁੱਤਰ ਸੀ ਪਰ ਆਪਣੇ ਲਾਲਚੀ ਅਤੇ ਵਡਿਆਈ ਖ਼ੋਰੇ ਸੁਭਾਅ ਕਾਰਨ ਆਪਣੇ ਗੁਰੂ-ਪਿਤਾ ਦੀਆਂ ਖੁਸ਼ੀਆਂ (ਗੁਰਗੱਦੀ) ਲੈਣ ਤੋਂ ਵਾਂਝਾ ਰਹਿ ਗਿਆ। ਇਸ ਵਾਂਝੇਪਨ ਕਾਰਨ ਹੀ ਉਹ ਸਾਰੀ ਹਯਾਤੀ ਈਰਖਾ ਅਤੇ ਦਵੈਤ ਦੀ ਅੱਗ ਵਿਚ ਸੜਦਾ ਰਿਹਾ ਅਤੇ ਨਾਨਕ ਨਾਮ-ਲੇਵਾ ਸੰਗਤਾਂ ਦੀ ਨਫ਼ਰਤ ਦਾ ਪਾਤਰ ਬਣਦਾ ਰਿਹਾ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੁਆਰਾ ਲਗਾਇਆ ਸਿੱਖੀ ਦਾ ਬੂਟਾ ਜਿਵੇਂ-ਜਿਵੇਂ ਜੋਬਨ 'ਤੇ ਹੋਈ ਜਾ ਰਿਹਾ ਸੀ ਇਸ ਦੀ ਮਹਿਕ ਵੀ ਦੂਰ-ਦੁਰਾਡੇ ਤਕ ਫੈਲਦੀ ਜਾ ਰਹੀ ਸੀ ਭਾਵ ਗੁਰੂ ਸਾਹਿਬਾਨ ਦੇ ਪਰਉਪਕਾਰੀ ਉਪਰਾਲਿਆਂ ਸਦਕਾ ਸਿੱਖਾਂ ਦੀ ਤਾਦਾਦ ਵਿਚ ਕਾਫ਼ੀ ਵਾਧਾ ਹੋਈ ਜਾ ਰਿਹਾ ਸੀ। ਇਸ ਵਾਧੇ ਕਾਰਨ ਹੀ ਸਿੱਖੀ ਦਾ ਪ੍ਰਚਾਰ ਕੇਂਦਰ ਸ੍ਰੀ ਗੋਇੰਦਵਾਲ ਸਾਹਿਬ ਤੋਂ ਗੁਰੂ ਕੇ ਚੱਕ (ਸ੍ਰੀ ਅੰਮ੍ਰਿਤਸਰ ਸਾਹਿਬ) ਵਿਖੇ ਲੈ ਜਾਣ ਦੀ ਵਿਉਂਤਬੰਦੀ ਕੀਤੀ ਗਈ। ਇਸ ਵਿਉਂਤਬੰਦੀ ਨੂੰ ਅਮਲੀ ਰੂਪ ਦੇਣ ਦੀ ਜ਼ਿੰਮੇਵਾਰੀ ਭਾਈ ਜੇਠਾ ਜੀ ਨੂੰ ਦਿੱਤੀ ਗਈ। ਆਪ ਜੀ ਨੇ ਇਹ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਈ ਜਿਸ ਦੀ ਬਦੌਲਤ 'ਗੁਰੂ ਕਾ ਚੱਕ' ਇਕ ਚੰਗੀ ਰੌਣਕ ਵਾਲਾ ਨਗਰ ਬਣ ਗਿਆ।

ਸ੍ਰੀ ਗੁਰੂ ਅਮਰਦਾਸ ਜੀ ਹੁਣ ਸਰੀਰਕ ਰੂਪ ਵਿਚ ਕਾਫੀ ਬਿਰਧ ਹੋ ਚੁੱਕੇ ਸਨ। ਆਪਣਾ ਸੱਚਖੰਡ ਵਾਪਸੀ ਸਮਾਂ ਨੇੜੇ ਆਇਆ ਜਾਣ ਕੇ ਉਨ੍ਹਾਂ ਨੇ ਗੁਰੂ-ਘਰ ਦੀ ਮਰਯਾਦਾ ਅਨੁਸਾਰ ਸੰਮਤ 1631 ਦੇ ਭਾਦਰੋਂ ਮਹੀਨੇ ਵਿਚ ਸਮੂਹ ਸੰਗਤ ਅਤੇ ਆਪਣੇ ਪਰਿਵਾਰ ਦੇ ਸਨਮੁਖ ਭਾਈ ਜੇਠਾ ਜੀ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਘਰ ਦਾ ਚੌਥਾ (ਗੁਰਗੱਦੀ ਦੇ ਕੇ) ਵਾਰਸ ਥਾਪ ਕੇ ਸ੍ਰੀ ਗੁਰੂ ਰਾਮਦਾਸ ਜੀ ਬਣਾ ਦਿੱਤਾ।

ਗੁਰਿਆਈ ਦੀ ਬਖ਼ਸ਼ਿਸ਼ ਕੋਈ ਛੋਟੀ ਜਾਂ ਸਧਾਰਨ ਗੱਲ ਨਹੀਂ ਸੀ ਕਿਉਂਕਿ ਸ੍ਰੀ ਗੁਰੂ ਰਾਮਦਾਸ ਨੂੰ ਉਹ ਰੱਬੀ ਤਖ਼ਤ ਦੀ ਪ੍ਰਾਪਤੀ ਹੋ ਗਈ ਸੀ ਜਿਸ ਦੇ ਅੱਗੇ ਰਾਜੇ-ਮਹਾਰਾਜਿਆਂ ਦਾ ਸੀਸ ਝੁਕਦਾ ਆ ਰਿਹਾ ਸੀ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਦਰਬਾਰ ਵਿੱਚੋ ਇਕ ਨਿਮਾਣੇ ਸਿੱਖ ਨੂੰ ਮਿਲੇ ਮਾਣ ਨੂੰ ਦੇਖ ਕੇ ਆਪ ਵੈਰਾਗ ਵਿਚ ਆ ਗਏ ਅਤੇ ਬੋਲ ਉਠੇ :

**ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥**

**ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥ (167)**

ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੀ ਕਿਰਪਾ ਨਾਲ ਮਾਝੇ ਦਾ ਇਲਾਕਾ ਜਾਗ ਪਿਆ। ਇਸ ਜਾਗ ਕਾਰਨ ਗੁਰੂ ਸਾਹਿਬ ਨੇ ਸੋਚਿਆ ਕਿ ਇਸ ਕੇਂਦਰੀ ਸਥਾਨ (ਸ੍ਰੀ ਅੰਮ੍ਰਿਤਸਰ ਸਾਹਿਬ) 'ਤੇ ਇਕ ਸ਼ਾਨਦਾਰ ਧਾਰਮਿਕ ਸਥਾਨ ਉਸਾਰਿਆ ਜਾਵੇ ਜੋ ਵੱਧ ਰਹੀ ਸੰਗਤ ਦੀਆਂ ਰੂਹਾਨੀ ਜ਼ਰੂਰਤਾਂ ਨੂੰ ਪੂਰੀਆਂ ਕਰ ਸਕੇ। ਇਹ ਸਥਾਨ ਦਰਿਆ ਤੋਂ ਹਟਵਾਂ ਹੋ ਕੇ ਇੱਥੇ ਸਰੋਵਰ ਬਣਾਉਣ ਦੀ ਤਜਵੀਜ਼ ਵੀ ਬਣਾਈ ਗਈ। ਅਜਿਹਾ ਕਰਨ ਪਿੱਛੇ ਗੁਰੂ ਸਾਹਿਬ ਦਾ ਇਕ ਮਨੋਰਥ ਇਹ ਵੀ ਸੀ ਇਸ ਪਵਿੱਤਰ ਜਗ੍ਹਾ ਉਪਰ ਜਿੱਥੇ ਕੰਨਾਂ ਨੂੰ ਇਲਾਹੀ ਬਾਣੀ ਦੀਆਂ ਧੁਨਾਂ ਸੁਣਾਈ ਦੇਣ ਉਥੇ ਨਾਲ ਨੇਤਰਾਂ ਨੂੰ ਹਰਿ ਦੇ ਘਰ (ਹਰਿਮੰਦਰ ਸਾਹਿਬ) ਦੇ ਖੁੱਲ੍ਹੇ ਦਰਸ਼ਨ ਦੀਦਾਰੇ ਵੀ ਹੁੰਦੇ ਰਹਿਣ। ਇਸ ਤਜਵੀਜ਼ ਨੂੰ ਅਮਲੀ ਰੂਪ ਦੇਣ ਲਈ ਸ਼ਰਧਾਵਾਨ ਸੰਗਤਾਂ ਦੇ ਭਰਪੂਰ ਸਹਿਯੋਗ ਦੀ ਲੋੜ ਸੀ। ਜਿਵੇਂ-ਜਿਵੇਂ ਇਹ ਸਹਿਯੋਗ (ਤਨ, ਮਨ ਅਤੇ ਧਨ ਨਾਲ) ਮਿਲਦਾ ਗਿਆ ਤਿਵੇਂ-ਤਿਵੇਂ ਗੁਰੂ-ਘਰ ਦੇ ਕਾਰਜ ਵੀ ਸੰਵਰਦੇ ਰਹੇ। ਪਹਿਲਾਂ ਸਰੋਵਰ ਅਤੇ ਉਸ ਤੋਂ ਬਾਅਦ (ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਸਮੇਂ) ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਮੁਕੰਮਲ ਹੋ ਗਈ। ਇਨ੍ਹਾਂ ਦੋ ਮਹਾਨ ਉਪਰਾਲਿਆਂ ਨਾਲ ਸਿੱਖ ਧਰਮ ਦੇ ਨਕਸ਼-ਨੁਹਾਰ ਹੋਰ ਵੀ ਨਿਖਰਨ ਲੱਗ ਪਏ।

ਜਿਵੇਂ ਤੀਸਰੇ ਪਾਤਸ਼ਾਹ ਨੇ ਸਿੱਖੀ ਦੇ ਪ੍ਰਚਾਰ ਲਈ 22 ਮੰਜੀਆਂ ਅਤੇ 52 ਪੀੜਿਆਂ ਦੀ ਸਥਾਪਨਾ ਕੀਤੀ ਸੀ। ਉਸ ਨੂੰ ਅੱਗੇ ਵਧਾਉਂਦਿਆਂ ਹੋਇਆਂ ਸ੍ਰੀ ਗੁਰੂ ਰਾਮਦਾਸ ਜੀ ਨੇ ਮਸੰਦ ਪ੍ਰਥਾ ਦਾ ਅਰੰਭ ਕੀਤਾ। ਇਹ ਮਸੰਦ ਜਿੱਥੇ ਦੂਰ-ਦੁਰਾਡੇ ਦੇ ਇਲਾਕਿਆਂ ਵਿਚ ਸਿੱਖੀ ਦੇ ਸਿਧਾਂਤਾਂ ਦਾ ਪ੍ਰਚਾਰ ਕਰਿਆ ਕਰਦੇ ਸਨ ਉਥੇ ਨਾਲ ਹੀ ਗੁਰੂ ਕੇ ਪ੍ਰੇਮੀਆਂ ਤੋਂ ਮਾਇਆ ਇਕੱਠੀ ਕਰ ਕੇ ਗੁਰੂ ਕੀ ਗੋਲਕ ਤੱਕ ਵੀ ਪਹੁੰਚਾਇਆ ਕਰਦੇ ਸਨ।

ਭਾਵੇਂ ਸ੍ਰੀ ਗੁਰੂ ਰਾਮਦਾਸ ਜੀ ਕੋਲ ਬਹੁਤ ਸਾਰੇ ਰੁਝੇਵੇਂ ਸਨ ਪਰ ਉਨ੍ਹਾਂ ਦੀ ਤਰਜੀਹ ਹਮੇਸ਼ਾਂ ਹੀ ਕਾਰ-ਸੇਵਾ ਵਿਚ ਬਣੀ ਰਹਿੰਦੀ ਸੀ। ਵਕਤ ਮਿਲਣ 'ਤੇ ਉਹ ਆਪ ਵੀ ਟੋਕਰੀ ਚੁੱਕ ਲੈਂਦੇ ਅਤੇ ਇੱਟਾਂ, ਗਾਰੇ ਅਤੇ ਚੂਨੇ ਆਦਿ ਦੀ ਹੱਥੀਂ ਸੇਵਾ ਕਰਿਆ ਕਰਦੇ ਸਨ। ਇਹ ਸਭ ਕੁਝ ਉਹ ਕਿਰਤ ਦੇ ਸਿਧਾਂਤ ਨੂੰ ਵਡਿਆਉਣ ਅਤੇ ਪਕਿਆਉਣ ਲਈ ਵੀ ਕਰਦੇ ਸਨ। ਇਸ ਤਰ੍ਹਾਂ ਕਰਦਿਆਂ ਇਕ ਦਿਨ ਉਹ ਵੀ ਆ ਗਿਆ ਜਿਸ ਦਿਨ ਸ੍ਰੀ ਗੁਰੂ ਰਾਮਦਾਸ ਜੀ ਅਤੇ ਉਨ੍ਹਾਂ ਦੇ ਸਪੁੱਤਰ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ ਸੁਚੱਜੀ ਅਗਵਾਈ ਅਤੇ ਸੰਗਤਾਂ ਦੇ ਭਰਵੇਂ ਸਹਿਯੋਗ ਸਦਕਾ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਧਰਤੀ 'ਤੇ ਸਵਰਗ ਦੀ ਝਲਕ (ਸੱਚਖੰਡ ਦੇ ਰੂਪ 'ਚ) ਦਿਖਾਈ ਦੇਣ ਲੱਗ ਪਈ। ਅਜੋਕੇ ਸਮੇਂ ਵੀ ਇਹ ਸਥਾਨ ਰੱਬੀ ਸਿਫ਼ਤ-ਸਲਾਹ ਦਾ ਇਕ ਪ੍ਰਮੁੱਖ ਕੇਂਦਰ ਹੈ।

ਗੁਰੂ ਪਰਿਵਾਰ ਦੇ ਤਿੰਨਾਂ ਸਾਹਿਬਜ਼ਾਦਿਆਂ ਵਿੱਚੋਂ ਸਭ ਤੋਂ ਛੋਟੇ ਸ੍ਰੀ (ਗੁਰੂ) ਅਰਜਨ ਸਾਹਿਬ ਜੀ ਦੀਨ ਅਤੇ ਦੁਨੀਆਂ ਦੇ ਮਾਮਲੇ ਵਿਚ ਸਭ ਤੋਂ ਵਧੇਰੇ ਯੋਗ ਸਾਬਤ ਹੋਏ। ਜਿੱਥੇ ਉਹ ਪਰਵਾਰਿਕ ਪੱਖ ਤੋਂ ਪੂਰੇ ਜ਼ਿੰਮੇਵਾਰ ਸਨ ਉਥੇ ਉਹ ਅਧਿਆਤਮਿਕ ਪੱਖ ਤੋਂ ਵੀ ਸਰਬ-ਕਲਾ ਸਮਰੱਥ ਦਿਖਾਈ ਦਿੰਦੇ ਸਨ। ਇਸ ਸਮਰੱਥਾ ਕਾਰਨ ਹੀ ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਗੁਰਿਆਈ ਦਾ ਤਿਲਕ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੂੰ ਲਗਾਇਆ ਗਿਆ। ਗੁਰੂ ਪਿਤਾ ਵੱਲੋਂ ਵੱਡੇ ਪੁੱਤਰ (ਪ੍ਰਿਥੀ ਚੰਦ) ਨੂੰ ਅਣਡਿੱਠ ਕਰ ਕੇ ਸਭ ਤੋਂ ਛੋਟੇ ਪੁੱਤਰ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੂੰ ਗੁਰੂ ਨਾਨਕ ਕੇ ਘਰ ਦੀ ਵਡਿਆਈ (ਗੁਰਗੱਦੀ) ਦਿੱਤੇ ਜਾਣ ਦਾ ਪ੍ਰਿਥੀ ਚੰਦ ਵੱਲੋਂ ਡੱਟਵਾਂ ਵਿਰੋਧ ਕੀਤਾ ਗਿਆ ਪਰ ਸ੍ਰੀ ਗੁਰੂ ਰਾਮਦਾਸ ਜੀ ਵੱਲੋ 'ਤਖਤਿ ਬਹੈ ਤਖਤੈ ਕੀ ਲਾਇਕ' ਦੀ ਕਸਵੱਟੀ ਨੂੰ ਆਧਾਰ ਬਣਾ ਕੇ ਕੇਵਲ ਯੋਗਤਾ ਨੂੰ ਹੀ ਪਹਿਲ ਦਿੱਤੀ ਗਈ।

ਸ੍ਰੀ ਗੁਰੂ ਅਰਜਨ ਸਾਹਿਬ ਜੀ ਨੂੰ ਆਪਣਾ ਗੱਦੀ-ਨਸ਼ੀਨ ਬਣਾ ਕੇ ਸ੍ਰੀ ਗੁਰੂ ਰਾਮਦਾਸ ਜੀ ਗੋਇੰਦਵਾਲ ਸਾਹਿਬ ਚਲੇ ਗਏ। ਕੁਝ ਦਿਨ ਇੱਥੇ ਟਿਕਾਣਾ ਕਰਨ ਤੋਂ ਬਾਅਦ ਅੱਸੂ ਮਹੀਨੇ ਦੇ ਦੂਜੇ ਦਿਨ ਮੁਤਾਬਕ ਸੰਮਤ 1638 (ਸਤੰਬਰ 1581 ਈ:) ਨੂੰ ਜੋਤੀ ਜੋਤ ਸਮਾ ਗਏ।

ਅਧਿਆਤਮਿਕ ਆਗੂ ਹੋਣ ਦੇ ਨਾਲ-ਨਾਲ ਸ੍ਰੀ ਗੁਰੂ ਰਾਮਦਾਸ ਜੀ ਇੱਕ ਉੱਚ ਕੋਟੀ ਦੇ ਬਾਣੀਕਾਰ ਵੀ ਸਨ ਜਿਨ੍ਹਾਂ ਨੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਵਾਲੇ 19 ਰਾਗਾਂ ਦੀ ਵਰਤੋਂ ਕਰਦਿਆਂ ਅਤੇ 11 ਹੋਰ ਰਾਗਾਂ ਸਮੇਤ ਕੁੱਲ 30 ਰਾਗਾਂ ਵਿਚ ਬਾਣੀ ਰਚੀ ਹੈ। ਇਹ ਬਾਣੀ ਬੜੇ ਹੀ ਅਦਬ ਅਤੇ ਸਤਿਕਾਰ ਨਾਲ ਪੜ੍ਹੀ/ਸੁਣੀ ਜਾਂਦੀ ਹੈ।

-0-

# ਸਮਾਜ ਵਿਗਿਆਨੀ ਬਾਬਾ ਨਾਨਕ

**ਇੰਜੀਨੀਅਰ ਜੋਗਿੰਦਰ ਸਿੰਘ**

ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸਿੱਖਿਆਵਾਂ ਨੂੰ ਵਿਚਾਰਦਿਆਂ ਸਪਸ਼ਟ ਹੁੰਦਾ ਹੈ ਕਿ ਉਹ ਕੇਵਲ ਇਕ ਨਵੀਨ ਤੇ ਆਧੁਨਿਕਤਮ ਪੰਥ ਦੇ ਸੰਸਥਾਪਕ ਹੀ ਨਹੀਂ ਸਨ ਬਲਕਿ ਸੰਸਾਰ ਦੇ ਮਨੁੱਖੀ ਭਾਈਚਾਰੇ ਵਿਚ ਸੁਹਿਰਦ ਸਾਂਝੀਦਾਰੀ ਤੇ ਸਾਂਝੀਵਾਲਤਾ ਕਾਇਮ ਕਰਨ ਵਾਲੇ ਮੁੱਢਲੇ ਮਹਾਨ ਸਮਾਜ ਵਿਗਿਆਨੀ ਸਨ। ਉਨ੍ਹਾਂ ਨੇ ਉਸ ਸਮੇਂ ਦੇ ਸਥਾਪਿਤ ਮੱਤ-ਮਤਾਂਤਰਾਂ ਦੇ ਸਮਾਨੰਤਰ ਇਕ ਹੋਰ ਨਵਾਂ ਮਜ਼੍ਹਬ ਜਾਂ ਫਿਰਕਾ ਨਹੀਂ ਬਣਾਇਆ ਸਗੋਂ ਪ੍ਰਮਾਤਮਾ ਵੱਲੋਂ ਸਿਰਜੀ ਮੁਕੰਮਲ ਮਖਲੂਕਾਤ ਵਿਚ ਪ੍ਰਤੱਖ ਜਾਂ ਪਰੋਖ ਸੰਜੋਗ ਦੇ ਅਹਿਸਾਸ ਨੂੰ ਅਨੁਭਵ ਕਰਦਿਆਂ, ਪ੍ਰਾਕਿਰਤਕ-ਅਨੇਕਤਾ ਵਿਚੋਂ ਓਸ ਏਕੋ 'ਪਰਮਪਿਤਾ' ਨੂੰ ਪਛਾਨਣ ਅਤੇ ਭਾਈਚਾਰਕ ਸਾਂਝ ਭਿਆਲੀ ਦਾ ਉਪਦੇਸ਼ ਦਿੱਤਾ।

**ਵਾਰ ਮਾਝ ਦੀ** ਤਥਾ ਸਲੋਕ ਮਹਲਾ 1 ਵਿਚਲੇ ਸਲੋਕ: **ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥ ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥**(145) **ਕੂੜੁ ਬੋਲਿ ਮੁਰਦਾਰੁ ਖਾਇ॥ ਅਵਰੀ ਨੋ ਸਮਝਾਵਣਿ ਜਾਇ ॥ ਮੁਠਾ ਆਪਿ ਮੁਹਾਏ ਸਾਥੈ ॥ ਨਾਨਕ ਐਸਾ ਆਗੂ ਜਾਪੈ॥1॥**(139) ਅਤੇ ਆਸਾ ਦੀ ਵਾਰ ਮਹਲਾ 1 ਵਿਚ **ਮਾਣਸ ਖਾਣੇ ਕਰਹਿ ਨਿਵਾਜ ॥ ਛੁਰੀ ਵਗਾਇਨਿ ਤਿਨ ਗਲਿ ਤਾਗ ॥ ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥ ਉਨ੍ਹਾ ਭਿ ਆਵਹਿ ਓਈ ਸਾਦ ॥ਕੂੜੀ ਰਾਸਿ ਕੂੜਾ ਵਾਪਾਰੁ ॥ ਕੂੜੁ ਬੋਲਿ ਕਰਹਿ ਆਹਾਰੁ ॥ ਸਰਮ ਧਰਮ ਕਾ ਡੇਰਾ ਦੂਰਿ ॥ ਨਾਨਕ ਕੂੜੁ ਰਹਿਆ ਭਰਪੂਰਿ ॥ ਮਥੈ ਟਿਕਾ ਤੇੜਿ ਧੋਤੀ ਕਖਾਈ ॥ ਹਥਿ ਛੁਰੀ ਜਗਤ ਕਸਾਈ॥** (451) ਵਰਗੀਆਂ ਹੋਰ ਅਨੇਕਾਂ ਗਵਾਹੀਆਂ ਰਾਹੀਂ ਸਪੱਸ਼ਟ ਹੁੰਦਾ ਹੈ ਕਿ ਸਤਿਗੁਰੂ ਬਾਬਾ ਜੀ ਨੇ ਸਮੇਂ ਦੇ ਸਮਾਜਿਕ, ਆਰਥਿਕ ਤੇ ਰਾਜਨੀਤਿਕ ਅਸੰਤੁਲਨ ਕਾਰਣ ਵਿਆਪ ਰਹੀਆਂ ਮਨੁੱਖਤਾ ਦੀਆਂ ਤਰਸਯੋਗ ਦੁਸ਼ਵਾਰੀਆਂ ਨੂੰ ਉਭਾਰਣ ਅਤੇ ਨਜਿੱਠਣ ਵਾਸਤੇ ਜਨ-ਜਾਗ੍ਰਿਤੀ ਦਾ ਮੁੱਢ ਬੰਨ੍ਹਿਆ।

ਭਾਈ ਗੁਰਦਾਸ ਜੀ ਦੀ ਪਹਿਲੀ ਵਾਰ 'ਚ, **ਹਉਮੈਂ ਅੰਦਰ ਸਭਕੋ ਡੁਬੇ ਗੁਰੂ ਸਣੇਂ ਬਹੁ ਚੇਲੇ॥ ਗੁਰਮੁਖ ਕੋਇ ਨ ਦਿਸਈ ਢੂੰਡੇ ਤੀਰਥ ਜਾਤ੍ਰੀ ਮੇਲੇ॥ ਢੂੰਡੇ ਹਿੰਦੂ ਤੁਰਕ ਸਭ ਪੀਰ ਪੈਕੰਬਰ ਕਉਮਿ ਕਤੇਲੇ॥ਅੰਧੀ ਅੰਧੇ ਖੂਹੇ ਠੇਲੇ ॥੨੯॥** ਅਤੇ **ਕਲ ਆਈ ਕੁੱਤੇ ਮੁਹੀ ਖਾਜ ਹੋਆ ਮੁਰਦਾਰ ਗੁਸਾਈ॥ ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ॥ ਪਰਜਾ ਅੰਧੀ ਗਿਆਨ ਬਿਨ ਕੂੜ ਕੁਸਤ ਮੁਖਹੁ ਅਲਾਈ॥ ਚੇਲੇ ਸਾਜ ਵਜਾਇੰਦੇ ਨੱਚਨਿ ਗੁਰੂ ਬਹੁਤੁ ਬਿਧਿ ਭਾਈ॥ ਸੇਵਕ ਬੈਠਨਿ ਘਰਾਂ ਵਿਚਿ ਗੁਰੂ ਉਠਿ ਘਰੀਂ ਤਿਨਾੜੇ ਜਾਈ॥ ਕਾਜ਼ੀ ਹੋਏ ਰਿਸ਼ਵਤੀ ਵੱਢੀ ਲੈਕੇ ਹੱਕੁ ਗਵਾਈ॥ ਇਸਤ੍ਰੀ ਪੁਰਖੈ ਦਾਮ ਹਿਤ ਭਾਵੇਂ ਆਇ ਕਿ ਥਾਊਂ ਜਾਈ॥ ਵਰਤਿਆ ਪਾਪੁ ਸਭਸ ਜਗ ਮਾਹੀ ॥੩੦॥** ਵਰਗੇ ਇੰਦਰਾਜ ਤੱਤਕਾਲੀਨਕ ਮਨੁੱਖੀ ਸਮਾਜਿਕ ਪ੍ਰਸਥਿਤੀਆਂ ਨੂੰ ਬਿਆਨ ਕਰਦੇ ਹਨ।

ਗੁਰੂ ਨਾਨਕ ਸਾਹਿਬ ਨੇ ਆਪਣੀ ਅਧਿਆਤਮਕ ਚੇਤਨਾ ਸਦਕਾ ਮਨੁੱਖੀ ਸਮਾਜਿਕ ਕਲਿਆਣ ਨੂੰ ਧਰਮ ਦੀ ਪਹਿਲੀ ਪਵਿੱਤਰਤਾ ਤੇ ਪ੍ਰਮੁੱਖ ਅਵੱਸ਼ਕਤਾ ਦਾ ਸਿਧਾਂਤ ਪ੍ਰਸਤੁਤ ਕੀਤਾ ਅਤੇ ਲੰਮੀਆਂ ਪ੍ਰਚਾਰ ਫੇਰੀਆਂ ਦੌਰਾਨ ਨਿੱਜੀ ਜੀਵਨ-ਅਮਲ ਰਾਹੀਂ ਅਣਕਿਆਸੇ ਸਮਾਜਿਕ ਰਿਸ਼ਤਿਆਂ ਦੀ ਸੁਖਾਵੀਂ ਸਹਿਹੋਂਦ ਦੀਆਂ ਸੰਭਾਵਨਾਵਾਂ ਉਜਾਗਰ ਕੀਤੀਆਂ। ਉਹਨਾਂ ਕਿਸੇ ਵੀ ਤਰ੍ਹਾਂ ਦੇ ਅਖੌਤੀ ਮਜ਼੍ਹਬੋ-ਮਿੱਲਤ, ਜਾਤ-ਪਾਤੀ, ਵਰਣ-ਆਸ਼ਰਮ,ਉਚ-ਨੀਚ, ਸੁੱਚ-ਭਿੱਟ ਰੂਪੀ ਭੇਦਭਾਵਾਂ, ਵਿਤਕਰਿਆਂ ਤੇ ਵੈਰ-ਵਿਰੋਧਾਂ ਤੋਂ ਉੱਪਰ ਉੱਠ ਕੇ ਸੱਚ-ਹੱਕ ਤੇ ਨਿਆਂ-ਯੁਕਤ ਅਰਥਚਾਰੇ ਅਤੇ ਸਮਾਜਿਕ ਬਰਾਬਰਤਾ ਵਾਲੇ ਮਾਨਵ ਧਰਮ ਦੀ ਨੀਂਹ ਰੱਖੀ। ਇਹ ਸੰਸਾਰ ਦੇ ਧਰਮ-ਚਿੰਤਨ, ਦਰਸ਼ਨ ਤੇ ਸੰਸਕ੍ਰਿਤਕ ਖੇਤਰ ਵਿਚ ਮੂਲੋਂ ਅਨੋਖਾ, ਨਿਵੇਕਲਾ ਤੇ ਕ੍ਰਾਂਤੀਕਾਰੀ ਕਰਿਸ਼ਮਾ ਸੀ। ਇਹ ਸ਼ਾਤਰ ਸਾਮੰਤਵਾਦ, ਬ੍ਰਾਹਮਣਵਾਦ, ਜਰਵਾਣੇ ਧਾੜਵੀਆਂ ਤੇ ਧਿੰਗਾਣੇ ਹੁਕਮਰਾਨਾ ਵਿਰੁੱਧ ਜਨ-ਸਧਾਰਣ ਪੀੜਤ, ਦੱਬੇ-ਕੁਚਲੇ ਲੋਕਾਂ ਨੂੰ ਆਪਣੇ ਹੱਕਾਂ ਦੀ ਰਖਵਾਲੀ ਵਾਸਤੇ ਸੰਗਠਿਤ ਹੋਣ ਦਾ ਹੋਕਾ ਸੀ।ਇਹ ਮਾਨਵ ਧਰਮ ਦੇ ਮੂਲਕ ਅਧਿਕਾਰਾਂ ਦੀ ਹੋ ਰਹੀ ਬਰਬਾਦੀ ਨੂੰ ਠੱਲ੍ਹ ਪਾਉਣ ਤੇ ਮਨੁੱਖੀ ਇੱਜ਼ਤ ਆਬਰੂ ਦੀ ਸਥਾਪਤੀ ਵਾਸਤੇ ਜਾਗਰੂਕਤਾ ਦੀ ਲਹਿਰ ਸੀ। ਨਿਰਸੰਦੇਹ ਗੁਰੂ ਨਾਨਕ ਸਾਹਿਬ ਦੀਆਂ ਸਿੱਖਿਆਵਾਂ ਮਾਨਵੀ-ਆਤਮਾ ਦੀ ਸੰਪੂਰਨ-ਸੁਤੰਤਰਤਾ ਦੇ ਸੰਘਰਸ਼ ਦਾ ਮਾਰਗ ਦਰਸ਼ਨ ਕਰਦੀਆਂ ਹਨ। ਇਹ **'ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥'** ਵਾਲੀ ਮਾਨਸਿਕਤਾ ਦੀ ਕਾਇਆਂ ਕਲਪ ਕਰਕੇ ਨਿਰਭਉ-ਨਿਰਵੈਰ ਪਰਮ ਪਿਤਾ ਪ੍ਰਮਾਤਮਾ ਨੂੰ ਪਛਾਨਣ ਤੇ ਉਜੇਹੀ ਗੁਣਵੱਤਾ ਦੇ ਧਾਰਨੀ ਹੁੰਦਿਆਂ ਸਰਬੱਤ ਦਾ ਭਲਾ ਲੋਚਦੇ ਹਲੇਮੀ ਰਾਜ ਦੀ ਸਿਰਜਣਾ ਵੱਲ ਪ੍ਰੇਰਿਤ ਕਰਦੀਆਂ ਹਨ। ਇਹੀ ਸੱਚਾ ਮਾਨਵ-ਧਰਮ ਹੈ ਅਤੇ ਸਾਰੇ ਸੰਸਾਰ ਦੀ ਧਰਤੀ ਨੂੰ ਸੱਚੀ ਧਰਮਸਾਲ ਬਣਾਉਂਣ ਦਾ ਆਦਰਸ਼ ਹੈ।

ਧਰਮਾਂ ਦੇ ਇਤਿਹਾਸ ਵਿਚ ਰੱਬ ਦੇ ਸੰਕਲਪਾਂ ਤੇ ਸਰੂਪਾਂ, ਅਕੀਦਿਆਂ ਤੇ ਵਿਸ਼ਵਾਸ਼ਾਂ ਅਤੇ ਕਥਨੀਆਂ ਤੇ ਕਰਨੀਆਂ ਦੇ ਮਾਪਦੰਡ ਭਾਵੇਂ ਕੁਝ ਵੀ ਹੋਵਣ, ਅੰਤਿਮ ਮੁਲਾਂਕਣ ਤਾਂ ਮਨੁੱਖੀ ਆਚਰਣ, ਵਰਤੋਂ-ਵਿਹਾਰ ਅਤੇ ਸਮਾਜਿਕ ਕਦਰਾਂ ਕੀਮਤਾਂ ਦੇ ਵਿਵਹਾਰਿਕ ਨਤੀਜਿਆਂ ਦੀ ਉਪਯੋਗਤਾ ਅਤੇ ਮਨੁੱਖਤਾ ਦੀ ਸਾਂਝੀ ਖੁਸ਼ਹਾਲੀ ਦੇ ਅਨੁਪਾਤ ਵਿਚ ਅੰਕਿਤ ਹੋਣਾ ਹੀ ਨਿਸ਼ਚਿਤ ਹੈ। ਹਰ ਮਜ਼੍ਹਬ ਆਪਣੇ ਪੈਰੋਕਾਰਾਂ ਪਾਸੋਂ ਇਹੋ ਮੰਗ ਕਰਦਾ ਹੈ ਕਿ ਉਹ ਆਪਣੀ ਸਮਾਜਿਕ ਜਿੰਦਗੀ ਵਿਚ ਬਿਲਕੁਲ ਉਸੇ ਤਰ੍ਹਾਂ ਵਿਚਰੇ ਜਿਵੇਂ ਕਿ ਨਿਯਮਾਂਵਲੀ ਬਣਾਈ ਗਈ ਹੈ। ਹਰ ਮੱਤ ਮਨੁੱਖੀ ਆਚਰਣ ਦਾ ਆਪੋ ਆਪਣਾ ਸਾਂਚਾ ਢਾਲ ਕੇ ਕਿਸੇ ਰਾਹ ਤੋਂ ਰੋਕਦਾ ਤੇ ਦੂਜੇ ਰਾਹ ਦਾ ਅਨੁਸਾਰੀ ਹੋਣ ਲਈ ਪ੍ਰੇਰਿਤ ਕਰਦਾ ਹੈ। ਪਰ ਵੇਖਣਾ ਤਾਂ ਇਹ ਬਣਦੈ ਬਈ ਮਨੁੱਖ ਦੀ ਕਰਨੀ (ਓਚਟੌਨਿਸ) ਲੋਕ-ਹਿਤੈਸ਼ੀ ਪਰਉਪਕਾਰੀ ਜਾਂ ਇਨਸਾਨੀਅਤ ਦੇ ਵਿਕਾਸ-ਵਿਗਾਸ ਦੇ ਹੱਕ ਵਿਚ ਹੋਵੇਗੀ ਜਾਂ ਇਸ ਦੇ ਉਲਟ ਜਾਵੇਗੀ। ਹਰ ਧਰਮ-ਦਰਸ਼ਨ, ਵੀਚਾਰਧਾਰਾ, ਸਿੱਖਿਆ ਤੇ ਸੱਭਿਅਤਾ ਦੀ ਅੰਤਲੀ ਤੇ ਅਸਲੀ ਪਰੀਖਿਆ ਉਸ ਨਾਲ ਜੁੜੇ ਅਨੁਯਾਈਆਂ ਦਾ ਕਿਰਦਾਰ ਜਾਂ ਜੀਵਨ-ਅਮਲ ਹੀ ਹੁੰਦਾ ਹੈ। ਜੀਵਨ-ਅਮਲ ਦੇ ਇਮਤਿਹਾਨ ਵਿਚੋਂ ਆਪਣਾ-ਆਪਾ (Self) ਜਾਂ ਅਪਣਾ ਅਸਲਾ (Characteristics) ਕੋਈ ਮਨੁੱਖ ਕਿਵੇਂ ਲੁਕਾ ਸਕਦਾ ਹੈ?

ਰਾਇ ਭੁਇ ਦੀ ਤਲਵੰਡੀ (ਨਨਕਾਣਾ ਸਾਹਿਬ) ਵਿਖੇ, ਸੱਤ ਸਾਲ ਦੀ ਉਮਰੇ ਪੰਡਿਤ ਗੋਪਾਲ ਦਾਸ ਤੇ ਪੰਡਿਤ ਬ੍ਰਿਜ ਲਾਲ ਜੀ ਪਾਸੋਂ ਹਿੰਦੀ ਸੰਸਕ੍ਰਿਤ ਅਤੇ ਮਗਰੋਂ ਮੌਲਵੀ ਕੁਤਬਦੀਨ ਪਾਸੋਂ ਫਾਰਸੀ ਪੜ੍ਹਾਈ ਦੌਰਾਨ ਹੀ ਗੁਰੂ ਨਾਨਕ ਦੇਵ ਜੀ ਦੀ ਬਹੁ-ਪੱਖੀ ਪ੍ਰਤਿਭਾ, ਤਾਰਕਿਕ ਨਿਪੁੰਨਤਾ ਤੇ ਜੀਵਨ ਦੀਆਂ ਅਟੱਲ ਸੱਚਾਈਆਂ ਸਬੰਧੀ ਸੂਝ-ਬੂਝ ਅੱਗੇ ਸਾਰੇ ਦਾਨਿਸ਼ਵਰਾਂ ਤੇ ਆਮ ਲੋਕਾਈ ਦੇ ਸਿਰ ਨਿਵਣ ਲੱਗ ਪਏ ਸਨ। ਦਸਾਂ ਸਾਲਾਂ ਦੇ ਬਾਲਕ ਨੇ ਪੰਡਿਤ ਹਰਿਦਿਆਲ ਜੀ ਵੱਲੋਂ ਸਮਾਜਿਕ ਤੌਰ 'ਪਰ ਪਵਿਤ੍ਰ ਮੰਨੀ ਜਾਂਦੀ ਜਨੇਊ ਪਾਉਂਣ ਦੀ ਰਸਮ ਵੇਲੇ ਸਾਰੇ ਸਾਕ-ਸਬੰਧੀਆਂ ਤੇ ਭਾਈਚਾਰੇ ਦੇ ਸਾਹਮਣੇ ਹੀ ਸ਼ਾਸਤਰਾਂ ਦੇ ਅਧਿਕਾਰ ਨੂੰ ਵੰਗਾਰਿਆ। ਇਕੱਠੇ ਹੋਏ ਸਾਰੇ ਲੋਕ ਹੈਰਾਨ ਪਰੇਸ਼ਾਨ ਸਨ। ਸਵਾਲ ਤਾਂ ਸਧਾਰਨ ਹੀ ਸੀ, ਪਰ ਅਜੇ ਤੱਕ ਕਿਸੇ ਨੇ ਇਸ ਬਾਰੇ ਪੁੱਛਣ ਦੀ ਜੁਅਰਤ ਹੀ ਨਹੀਂ ਸੀ ਕੀਤੀ, ਅਤੇ ਪੰਡਿਤ ਜੀ ਨੂੰ ਕੋਈ ਉੱਤਰ ਸੁੱਝ ਨਹੀਂ ਸੀ ਰਿਹਾ। ਬਾਲ ਬੁੱਧ ਦੀ ਆਗਮਿਤ-ਪ੍ਰਬੁੱਧਤਾ ਦੀ ਵੰਗਾਰ ਸੀ: **ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥** (ਮ:1, 471)

ਪੱਛਮ ਤੋਂ ਆਉਂਦੇ ਪਠਾਣ ਜਰਵਾਣਿਆਂ ਦੇ ਹਮਲਿਆਂ ਦੇ ਰਾਹਾਂ ਤੋਂ ਇਕ ਪਾਸੇ ਸਥਿਤ ਤਲਵੰਡੀ ਚੂਹੜਕਾਣੇ ਦੀਆਂ ਜੂਹਾਂ ਵਿਚ ਅਨੇਕਾਂ

ਸਾਧੂ-ਸੰਤ ਆ ਟਿਕਦੇ ਸਨ। ਜੋ ਦੇਸ਼ਾਂ-ਪ੍ਰਦੇਸਾਂ ਦੀਆਂ ਖਬਰਾਂ, ਰੀਤੀ-ਰਿਵਾਜਾਂ ਤੇ ਮੱਤ-ਮਾਤੰਤਰਾਂ ਬਾਰੇ ਚਰਚਾਵਾਂ ਕਰਦੇ ਸਨ। ਕਈ ਗੁਰੂ ਜੀ ਦੇ ਹਮ-ਖਿਆਲ ਬਣੇ ਅਤੇ ਉਹਨਾਂ ਦੇ ਰੋਜ਼ਾਨਾ ਦੇ ਸਤਿਸੰਗ ਵਿਚ ਸ਼ਮੂਲੀਅਤ ਕਰਨ ਲੱਗੇ। ਭਾਈ ਮਰਦਾਨਾ ਜੀ ਨੂੰ ਪਹਿਲਾ ਸਤਿਸੰਗੀ ਹੋਣ ਦਾ ਮਾਣ ਪ੍ਰਾਪਤ ਹੈ। 24-25 ਵਰ੍ਹਿਆਂ ਦੇ ਗੁਰੂ ਨਾਨਕ ਵੱਲੋਂ ਸੱਚੇ-ਸੌਦੇ ਵਾਲੀ ਸਾਖੀ, ਬਿਪਤਾ ਵੇਲੇ ਲੋੜਵੰਦਾਂ ਦਾ ਮੱਦਦਗਾਰ ਹੋਣ ਦੀ ਗਵਾਹੀ ਭਰਦੀ ਹੈ। ਮਾਨਵ ਧਰਮ ਦੇ ਸੰਕਲਪਾਂ ਤੇ ਸਿਧਾਂਤਾਂ ਦੇ ਅਮਲ ਦਾ ਆਰੰਭ ਹੋ ਚੁੱਕਾ ਸੀ। ਧਰਮਸਾਲ ਦਾ ਨਕਸ਼ਾ ਤਿਆਰ ਹੋ ਚੁੱਕਾ ਸੀ। ਸੁਲਤਾਨ ਪੁਰ ਦੇ ਨਵਾਬ ਦੌਲਤ ਖਾਂ ਦੇ ਮੋਦੀਖਾਨੇ ਵਿਖੇ ਨੌਕਰੀ ਕਰਦਿਆਂ ਸਵੇਰੇ-ਸ਼ਾਮ ਸਤਿਸੰਗ ਤੇ ਲੋੜਵੰਦ ਗਰੀਬਾਂ ਦੀ ਖੁੱਲ੍ਹੇ ਦਿਲ ਨਾਲ ਮਦਦ ਕਰਨ ਦਾ ਵਰਤਾਰਾ, ਗੁਰੂ ਜੀ ਦੀ ਰਿਹਾਇਸ਼-ਗਾਹ ਨੂੰ ਧਰਮਸਾਲ 'ਚ ਰੂਪਮਾਨ ਕਰ ਦਿੰਦਾ ਹੈ। ਕਈ ਸਤਿਸੰਗੀ ਬਣੇ ਜਿਨ੍ਹਾਂ ਵਿਚ ਮਲਸੀਹਾਂ ਦੇ ਨੰਬਰਦਾਰ ਭਾਈ ਭਗੀਰਥ ਨੂੰ ਇਤਿਹਾਸਿਕ ਪ੍ਰਸਿੱਧੀ ਪ੍ਰਾਪਤ ਹੋਈ।

ਗੁਰੂ ਸਾਹਿਬ ਨੇ ਲੰਬੀਆਂ ਧਰਮ ਯਾਤਰਾਵਾਂ ਦੌਰਾਨ ਜਿੱਥੇ-ਜਿੱਥੇ ਵੀ ਪੜਾਅ ਕੀਤੇ ਉੱਥੇ ਸੰਗਤਾਂ ਸਥਾਪਿਤ ਕੀਤੀਆਂ ਅਤੇ ਪ੍ਰਮੁੱਖ ਪੈਰੋਕਾਰਾਂ ਨੂੰ ਸਰਬ-ਸਾਂਝੇ ਨਿਰਮਲ ਪੰਥ ਦੇ ਸਿਧਾਂਤਾਂ ਤੇ ਜੀਵਨ ਆਚਰਣ ਦੀ ਪਰਪੱਕਤਾ ਲਈ ਨਿਰੰਤਰ ਸਤਿਸੰਗ 'ਚ ਜੁੜ ਬੈਠਣ ਦੀਆਂ ਜਿਮੇਵਾਰੀਆਂ ਦੀ ਸੌਂਪਣਾ ਕੀਤੀ। ਇਨ੍ਹਾਂ ਗੁਰਮੁਖਾਂ ਨੇ ਆਪਣੇ ਘਰਾਂ-ਹਵੇਲੀਆਂ ਨੂੰ ਪ੍ਰਚਾਰ ਕੇਂਦਰ ਬਣਾਇਆ ਅਤੇ ਗੁਰਬਾਣੀ ਉਪਦੇਸ਼ਾਂ ਨੂੰ ਆਪਣੇ ਨਿੱਜੀ ਅਤੇ ਸਮਾਜਿਕ ਜੀਵਨ ਵਿਚ ਪਰਤੱਖ ਕਰਦਿਆਂ ਬਹੁਪੱਖੀ ਸਮਾਜਿਕ ਸਹਿਹੋਂਦ ਤੇ ਸਾਂਝ-ਖ਼ਿਆਲੀ ਵਾਲੇ ਸੱਭਿਆਚਾਰ ਦੇ ਬੀਜ ਨੂੰ, ਧਰਤੀ-ਧਰਮਸਾਲ ਦੇ ਚਹੁੰ-ਪਾਸੀਂ, ਦੂਰ-ਦਰਾਜ ਖਿੱਤਿਆਂ ਤੱਕ ਖਿਲਾਰਿਆ। ਪਰਵਰਤੀ ਗੁਰੂ ਸਾਹਿਬਾਨ ਨੇ ਵੀ ਆਪਣੇ ਨਿਵਾਸ ਅਸਥਾਨਾਂ ਨੂੰ ਧਰਮਸਾਲ ਜਾਂ ਨਾਨਕ ਨਿਰਮਲ ਪੰਥ ਦੀ ਵੀਚਾਰਧਾਰਾ ਦੇ ਪ੍ਰਵਾਹ-ਸ੍ਰੋਤਾਂ ਵਜੋਂ ਵਰਤਿਆ, ਜਿੱਥੋਂ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਨੂੰ ਸੇਧਿਤ ਗਤੀਵਿਧੀਆਂ ਦਾ ਸੰਚਾਲਨ ਕੀਤਾ ਜਾਂਦਾ ਸੀ।

ਇਤਿਹਾਸਕਾਰਾਂ, ਸਮਾਜਿਕ ਚਿੰਤਕਾਂ ਤੇ ਰਾਜਨੀਤਕ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਗੁਰੂ ਸਾਹਿਬ ਵੱਲੋਂ ਉਸਾਰੀ ਗਈ ਸਿੱਖ ਲਹਿਰ ਦਾ ਮੰਤਵ ਕਿਸਾਨਾਂ, ਕਾਰੀਗਰਾਂ, ਕੰਮੀਆਂ, ਕਾਮਿਆਂ ਤੇ ਅਨਪੜ੍ਹ ਸਿੱਧੇ-ਸਾਧੇ ਗੰਵਾਰ ਜਾਂ ਅਖੌਤੀ ਨੀਵੀਆਂ ਜਾਤਾਂ ਵਾਲੇ ਅਛੂਤ ਸਮਝੇ ਜਾਂਦੇ ਮਨੁੱਖੀ ਸਮਾਜ ਦੀ ਵੱਡੀ (ਫਏਓਸਓਣਟ-ਫਲੲਬੲਇਨ) ਬਹੁ ਗਿਣਤੀ ਦੇ ਮਾਨਵੀ ਹੱਕਾਂ ਦੀ ਬਹਾਲੀ ਤੇ ਰਖਵਾਲੀ ਲਈ ਰਜਵਾੜਾਸ਼ਾਹੀ-ਨਿਜ਼ਾਮ ਵਿਰੁੱਧ, ਸਮਾਜਕ ਬਰਾਬਰੀ ਤੇ ਨਿਆਂਸ਼ੀਲ ਆਰਥਿਕ ਪ੍ਰਣਾਲੀ ਪ੍ਰਤੀ ਆਮ ਲੋਕਾਈ ਵਿਚ ਜਾਗਰੂਕਤਾ ਪੈਦਾ ਕਰਨਾ ਸੀ। ਪਲਿਬੀਅਨ (ਫਲੲਬੲਇਨ) ਵਰਗ ਸਮਾਜ ਦਾ ਸਭ ਤੋਂ ਹੇਠਲਾ ਸੱਤਰ ਸੀ ਜਿਸ ਨੇ ਉਪਰਲੀਆਂ ਸਾਰੀਆਂ ਸ਼੍ਰੇਣੀਆਂ ਦੀ ਚਾਕਰੀ ਕਰਨੀ ਸੀ। ਉਨ੍ਹਾਂ ਦੀ ਹੋਣੀ ਤਾਂ ਹਮੇਸ਼ਾ ਲਈ ਗ਼ੁਲਾਮੀ ਦੀ ਪੰਜਾਲੀ ਹੇਠ ਧੌਣਾਂ ਨਿਵਾਈ, ਦੋ ਡੰਗ ਦੀ ਰੁੱਖੀ-ਮਿੱਸੀ ਬਦਲੇ ਪਸ਼ੂਆਂ ਨਿਆਂਈ ਸਾਰੀ ਉਮਰ, ਪੀੜਨ ਕੇ ਅਧਿਕਾਰੀ ਬਣੇ ਰਹਿਣਾ ਸੀ। ਜਾਤ-ਪਾਤ ਅਧਾਰਿਤ ਸਮਾਜ ਵਿਚਲੀਆਂ ਦਰਜਾ-ਬਦਰਜੀਆਂ ਦਾ ਮੱਕੜ ਜਾਲ ਏਨਾ ਪੱਕਾ-ਪੀਡਾ ਬਣਾਇਆ ਗਿਆ ਸੀ ਕਿ ਇਨ੍ਹਾਂ ਪਲੀਬੀਅਨ-ਲੋਕਾਂ ਦੇ ਮਾਨਵੀ ਹਕੂਕਾਂ, ਇਜ਼ੱਤ-ਆਬਰੂ, ਮਾਨਵੀ ਉੱਨਤੀ ਜਾਂ ਉੱਧਾਰ ਦੇ ਸਾਰੇ ਰਸਤੇ ਬੰਦ ਕਰ ਦਿੱਤੇ ਗਏ ਸਨ। ਇਹਨਾਂ ਪਿਛਾੜੇ-ਲਿਤਾੜੇ ਜਾ ਚੁੱਕੇ ਲੋਕਾਂ ਦੇ ਕਲਿਆਣ ਵਾਸਤੇ ਅਧਿਆਤਮਿਕ-ਚੇਤਨਾ ਤੇ ਸਮੂਹਕ-ਮਾਨਸਿਕਤਾ ਦੀ ਵਿਕਾਸ-ਸਮਰੱਥਾ ਦੀਆਂ ਸੰਭਾਵਨਾਵਾਂ ਪ੍ਰਤੀ ਜਾਗਰੂਕਤਾ ਅਤੇ ਸਮਾਜਿਕ ਉੱਥਾਨ ਦੇ ਸਰੋਕਾਰਾਂ ਵਾਸਤੇ, ਸੰਗਠਿਤ ਸੰਘਰਸ਼ ਦੀਆਂ ਸਫ਼ਲ ਪ੍ਰਾਪਤੀਆਂ ਖਾਤਿਰ, ਇਕ ਸਟੀਕ ਸਵੈ-ਵਿਸ਼ਵਾਸ਼ੀ ਜੁਝਾਰੂ ਦਾਰਸ਼ਨਿਕ-ਆਧਾਰ ਉਪਲੱਬਧ ਹੋਣਾ ਮੁੱਢਲੀ ਜ਼ਰੂਰਤ ਸੀ। ਗੁਰੂ ਨਾਨਕ ਸਾਹਿਬ ਨੇ ਰੂੜ੍ਹੀਵਾਦੀ ਧਾਰਮਿਕ ਕਰਮ-ਕਾਂਡਾਂ, ਅਨਿਆਂਪੂਰਣ ਸਮਾਜਿਕ ਜਾਤਪਾਤੀ ਵਰਣ ਆਸ਼ਰਮੀ ਵਿਵਸਥਾ, ਅਸੰਤੁਲਿਤ ਅਰਥਚਾਰੇ ਅਤੇ ਸਾਮੰਤਵਾਦੀ ਪ੍ਰਸ਼ਾਸਨਿਕ ਪ੍ਰਬੰਧਾਂ ਵਿਰੁੱਧ ਲੋਕਾਂ ਨੂੰ ਲਾਮਬੰਦ ਕਰਨ ਵਾਸਤੇ ਨੀਤੀਘੋਸ਼ ਕੀਤਾ:

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰ ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ॥** (1412)

ਗੁਰੂ ਨਾਨਕ ਨੇ ਮਾਨਵ ਆਤਮਾ ਦੀ ਸੁਤੰਤਰ ਹੋਂਦ ਅਤੇ ਉਸਦੇ ਵਿਕਾਸ ਨੂੰ ਪ੍ਰਫੁੱਲਿਤ ਕਰਨ ਹਿੱਤ, ਉਨ੍ਹਾਂ ਵਲੋਂ ਦਿੱਤੇ ਉਪਦੇਸ਼ਾਂ ਨੂੰ ਸੰਗਠਿਤ ਜਨ-ਸ਼ਕਤੀ ਰਾਹੀਂ, ਸਮੁੱਚੀ ਮਨੁੱਖਤਾ ਦੀ ਬੇਹਤਰੀ ਤੇ ਭਵਿੱਖਮੁਖੀ ਭਲਾਈ ਦੀ ਜ਼ਿੰਮੇਵਾਰੀ ਨੂੰ ਸ੍ਰੇਸ਼ਟ ਧਰਮ-ਕਰਮ ਮੰਨਿਆ ਹੈ। ਅਸੀਂ ਇਹਨਾਂ ਜ਼ਿੰਮੇਵਾਰੀਆਂ ਪ੍ਰਤੀ ਪ੍ਰਤੀਬੱਧਤਾ ਅਤੇ ਪ੍ਰਭਾਵਸ਼ੀਲ ਉਪਰਾਲਿਆਂ ਵਿਚੋਂ 'ਗੁਰਦੁਆਰਾ ਸੰਸਥਾ' ਦੀ ਉਤਪਤੀ ਹੋਈ ਸਵੀਕਾਰਦੇ ਹਾਂ। ਹਰ ਵੀਚਾਰਧਾਰਾ ਦਾ ਮਕਸਦ ਇਕ ਖਾਸ ਅਸਲੇ ਵਾਲਾ ਮਨੁੱਖੀ ਸੱਭਿਆਚਾਰ ਸਿਰਜਣਾ ਹੁੰਦਾ ਹੈ। ਜਿਵੇਂ ਕਿ ਹਿੰਦੂਵਾਦੀ, ਈਸਾਈਅਤ ਅਤੇ ਇਸਲਾਮਿਕ ਸੱਭਿਅਤਾਵਾਂ ਦੇ ਵਿਕਾਸ ਵਾਸਤੇ ਮੰਦਰ-ਮੱਠ, ਗਿਰਜਾਘਰ ਤੇ ਮਸੀਤਾਂ ਮਦਰੱਸੇ ਆਦਿ ਦਾ ਨਿਰਮਾਣ ਹੋਇਆ ਤੇ ਇਹਨਾਂ ਅਸਥਾਨਾਂ ਤੋਂ ਆਪੋ ਆਪਣੀ ਮਾਨਸਿਕ-ਬੌਧਿਕ ਚੇਤੰਨਤਾ ਦੇ ਅਨੁਸਾਰੀ ਕਾਰਜ ਖੇਤਰ ਅਤੇ ਕਾਰਜਸ਼ੈਲੀ ਦੀਆਂ ਵਿਉਂਤਬੰਦੀਆਂ ਨੂੰ ਰੂਪਮਾਨ ਕੀਤਾ ਗਿਆ ਹੈ, ਗੁਰੂ ਨਾਨਕ ਸਾਹਿਬ ਨੇ ਸਿੱਖਾਂ ਦੇ ਹਰੇਕ ਘਰ-ਪਰਿਵਾਰ ਨੂੰ ਅਮਲੀ ਰੂਪ ਵਿਚ ਧਰਮਸਾਲ ਬਣਾਉਂਣ ਦਾ ਵਿਲੱਖਣ ਢੰਗ ਅਪਣਾਇਆ। ਇਸ ਸਿਧਾਂਤਕ ਪੱਖ ਦੀ ਗਵਾਹੀ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਵਿਚ ਅੰਕਿਤ ਹੈ:

**ਜਿਥੈ ਬਾਬਾ ਪੈਰ ਧਰੈ ਪੂਜਾ ਆਸਣ ਥਾਪਣ ਸੋਆ॥ ਸਿਧ ਆਸਣ ਸਭ ਜਗਤ ਦੇ ਨਾਨਕ ਆਦ ਮਤੇ ਜੇ ਕੋਆ॥ ਘਰ ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ॥ (1/27)**

**ਭਾਈ ਵੀਰ ਸਿੰਘ ਜੀ ਦੀ ਰਚਿਤ ਸਟੀਕ ਵਿਚ ਇਹਨਾਂ ਪੰਕਤੀਆਂ ਦੇ ਅਰਥ ਇਉਂ ਹਨ, ਜਿੱਥੇ ਬਾਬਾ ਚਰਨ ਰੱਖਦਾ ਸੀ ਉੱਥੇ ਪੂਜਾ ਦੇ ਆਸਣ ਦੀ (ਥਾਪਨਾ =) ਗੱਦੀ ਹੋ ਜਾਂਦੀ ਸੀ। ਜਗਤ ਦੇ ਸਾਰੇ ਪ੍ਰਸਿੱਧ ਆਸਣ (= ਅਸਥਾਨ) ਜੇਹੜੇ ਕੋਈ ਸਨ, ਸਭ ਨਾਨਕ ਮੱਤੇ (= ਗੁਰੂ ਆਸਣ) ਪ੍ਰਸਿੱਧ ਹੋ ਗਏ( ਭਾਵ ਜਿਕਰ ਸਿੱਧਾਂ ਦੇ ਥਾਂਵਾਂ ਵਿਖੇ ਨਾਨਕ ਮਤਾ ਗੁਰੂ ਕਾ ਥਾਂ ਬਣ ਗਿਆ, ਇਕੁਰ ਥਾਂ-ਥਾਂ ਗੁਰਦੁਆਰਾ ਹੋ ਗਿਆ। ਘਰ-ਘਰ ਵਿਖੇ ਧਰਮਸਾਲਾਂ ਹੋਈਆਂ ਅਰ ਕੀਰਤਨ ਹੋਣ ਲੱਗਾ (ਮਾਨੋ) ਸਦਾ ਵਿਸਾਖੀ ਰਹਿੰਦੀ ਹੈ।"**

**ਗੁਰੂ ਨਾਨਕ ਸਾਹਿਬ ਜੀ ਵੱਲੋਂ ਆਪਣੇ ਜੀਵਨ ਦੇ ਅਖੀਰਲੇ ਵਰ੍ਹਿਆਂ ਦੌਰਾਨ ਕਰਤਾਰਪੁਰ ਵਿਖੇ ਟਿਕਾਣਾ ਕਰਨ ਸਮੇਂ ਪ੍ਰਥਮ ਤੇ ਪ੍ਰਤੱਖ ਰੂਪ ਵਿਚ ਵਰੋਸਾਈ ਧਰਮਸਾਲ ਜਾਂ ਗੁਰਦੁਆਰਾ ਸੰਸਥਾ ਦਾ ਮੁੱਢ ਬੰਨ੍ਹਿਆ ਗਿਆ ਸੀ। ਸਿੱਖ ਸੰਗਤਾਂ ਦੇ ਅੰਗਿ-ਸੰਗਿ ਵਿਚਰਦਿਆਂ ਗੁਰਮਤਿ ਦੇ ਸੰਕਲਪਾਂ-ਸਿਧਾਂਤਾਂ ਨੂੰ ਅਮਲੀ ਰੂਪ ਵਿਚ ਨਾਮੁ ਜਪਣ, ਕਿਰਤ ਕਰਨ, ਵੰਡ ਛਕਣ ਅਤੇ ਸਮੁੱਚੀ ਮਨੁੱਖਤਾ ਦੇ ਭਲੇ, ਵਿਕਾਸ ਤੇ ਵਿਗਾਸਮਈ ਜੀਵਨ ਜਾਚ ਦੇ ਸਿੱਖਿਆ ਕੇਂਦਰ ਦੀ ਕਾਰਜਸ਼ੈਲੀ ਨੂੰ, ਧਰਮਸਾਲ ਜਾਂ ਗੁਰਦੁਆਰੇ ਦੇ ਨਿੱਤਾ-ਪ੍ਰਤੀ ਕਰਮ-ਕਰਤੱਵ ਵਜੋਂ ਨਿਸ਼ਚਿਤ ਕੀਤਾ ਗਿਆ ਸਪੱਸ਼ਟ ਹੁੰਦਾ ਹੈ।**

'ਗੁਰਸ਼ਬਦ ਰਤਨਾਕਰ ਮਹਾਨਕੋਸ਼' ਕ੍ਰਿਤ ਭਾਈ ਕਾਨ੍ਹ ਸਿੰਘ ਨਾਭਾ, ਵਿਚ ਗੁਰਦਆਰਾ ਅੱਖਰ ਦਾ ਪਹਿਲਾ ਪ੍ਰਮੁੱਖ ਅਰਥ ਗੁਰੂਦੁਆਰਾ, ਗੁਰੂ ਦੀ ਮਾਰਫਤ ਜਾਂ ਗੁਰੂ ਦੇ ਜ਼ਰੀਏ ਅੰਕਿਤ ਹੈ। ਮਗਰੋਂ ਗੁਰੂ ਦਾ ਘਰ, ਸਿੱਖ ਦਾ ਧਰਮ ਮੰਦਿਰ ਜਾਂ ਧਰਮ ਪ੍ਰਚਾਰ ਦਾ ਅਸਥਾਨ ਦੱਸਿਆ ਗਿਆ ਹੈ। ਗੁਰਦੁਆਰੇ ਦਾ ਪ੍ਰਯੋਜਨ ਬਿਆਨਦਿਆਂ ਇਸ ਨੂੰ ਵਿਦਿਆਰਥੀਆਂ ਲਈ ਪਾਠਸ਼ਾਲਾ, ਆਤਮ ਜਗਿਆਸਾ ਵਾਲਿਆਂ ਲਈ ਗਿਆਨ-ਉਪਦੇਸ਼ਕ ਆਚਾਰਯ ਦਾ ਟਿਕਾਣਾ, ਰੋਗੀਆਂ ਲਈ ਸ਼ਫ਼ਾਖਾਨਾ, ਭੁੱਖਿਆਂ ਲਈ ਅੰਨ-ਪੂਰਣਾ, ਇਸਤਰੀ ਜਾਤਿ ਦੀ ਪੱਤ ਰੱਖਣ ਲਈ ਲੋਹਮਈ ਦੁਰਗ ਅਤੇ ਮੁਸਾਫਰਾਂ ਲਈ ਵਿਸ਼ਰਾਮ ਦਾ ਅਸਥਾਨ ਆਖਿਆ ਗਿਆ ਹੈ। ਅਜੋਕੇ ਸਮੇਂ 'ਗੁਰਦੁਆਰਾ-ਸੰਸਥਾ' ਦੇ ਵਿਸ਼ਵਵਿਆਪੀ ਮਨੁੱਖੀ ਸਮਾਜ ਦੇ ਸਰਬੱਤ ਦੇ ਭਲੇ ਵਾਲੇ ਉਦੇਸ਼ਾਂ ਤੇ

**ਬਾਕੀ ਸਫਾ 27 'ਤੇ**

# ਸਿੱਖਾਂ ਵਿੱਚ ਚੌਪਹਿਰੇ ਦੇ ਨਾਂ 'ਤੇ ਫੈਲਾਇਆ ਜਾ ਰਿਹਾ ਅੰਧ ਵਿਸ਼ਵਾਸ ਕੌਣ ਰੋਕੇਗਾ?

**ਕੇਵਲ ਸਿੰਘ (ਸਾਬਕਾ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ) # 9592093472**

**ਗੁਰ ਸਾਖੀ ਕਾ ਉਜੀਆਰਾ ॥ ਤਾ ਮਿਟਿਆ ਸਗਲ ਅੰਧ੍ਯਾਰਾ ॥ (599)**

**ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ ॥ (67)**

ਧੰਨ ਗੁਰੂ ਨਾਨਕ ਸਾਹਿਬ ਜੀ ਨੇ ਅਗਿਆਨਤਾ ਦੀ ਕਾਲੀ ਬੋਲੀ ਰਾਤ ਦਾ ਖਾਤਮਾ "ਗੁਰਬਾਣੀ ਗਿਆਨ ਸੂਰਜ" ਨਾਲ ਕੀਤਾ ਹੈ। ਇਹ ਉਹ ਗਿਆਨ ਦਾ ਸੂਰਜ ਜਿਸ ਨੇ ਸਦਾ ਚੜ੍ਹੇ ਰਹਿਣਾ ਹੈ ਭਾਵ ਪ੍ਰਕਾਸ਼ਮਾਨ ਰਹਿਣਾ ਹੈ। ਕੋਈ ਵੀ ਅੰਧ ਵਿਸ਼ਵਾਸ ਕਰਮ- ਕਾਂਡ ਭਰਮ-ਭੇਖ ਗੁਰੂ-ਡੰਭ ਆਦਿ ਨੇ ਇਸ ਗਿਆਨ ਸੂਰਜ ਨੂੰ ਲੁਕਾ ਛੁਪਾ ਨਹੀਂ ਸਕਣਾ। ਗੁਰੂ ਸਿੱਖਿਆ ਮਨੁੱਖ ਨੂੰ ਕੇਵਲ ਤੇ ਕੇਵਲ ਇਕੋ ਇਕ ਰੱਬ ਜੀ ਨਾਲ ਜੋੜਦੀ ਏ। ਐਸੇ ਸਰਬ ਕਲਾ ਸਮਰੱਥ ਰੱਬ ਜੀ 'ਤੇ ਪੂਰਨ ਵਿਸ਼ਵਾਸ ਰੱਖਣ, ਪਿਆਰ ਕਰਨ, ਸਮਰਪਣ ਦਾ ਲਾਸਾਨੀ ਉਪਦੇਸ਼ ਨਿਰੰਤਰ ਦ੍ਰਿੜ ਕਰਵਾਉਦੀ ਹੈ। ਮਨੁੱਖ ਮਨਾਂ ਵਿਚ, ਅਡੰਬਰ ਵਾਦੀਆਂ ਭੇਖਧਾਰੀਆਂ ਵੱਲੋਂ ਸਦੀਆਂ ਤੋਂ ਪਰਚਾਰੇ ਫੈਲਾਏ ਹੋਏ ਹਰ ਪ੍ਰਕਾਰ ਦੇ ਅੰਧ ਵਿਸ਼ਵਾਸ ਕਰਮ ਕਾਂਡਾਂ ਨੂੰ ਹਮੇਸ਼ਾਂ ਹਮੇਸ਼ਾਂ ਲਈ ਗੁਰਬਾਣੀ ਗੁਰ ਉਪਦੇਸ਼ ਨਾਲ ਦੂਰ ਕਰਨ ਦਾ ਪਰਉਪਕਾਰ ਕਰਦੀ ਰਹੀ ਹੈ, ਕਰ ਰਹੀ ਹੈ ਤੇ ਕਰਦੀ ਰਹੇਗੀ।

ਅਸੀਂ ਦੇਖਦੇ ਹਾਂ ਅੰਧ-ਵਿਸ਼ਵਾਸ ਕਰਮ-ਕਾਂਡਾਂ ਦੇ ਧਾਰਨੀ ਅਡੰਬਰ ਵਾਦੀਆਂ ਨੇ ਸਮੇਂ ਸਮੇਂ ਗੁਰੂ ਪਿਆਰ ਕਰਨ ਵਾਲੀ ਸਿੱਖ ਸੰਗਤ ਦੇ ਮਨਾਂ ਵਿਚ ਭਰਮ ਭੁਲੇਖੇ ਭਰਨ ਲਈ ਕਈ ਪ੍ਰਕਾਰ ਦੇ ਯਤਨ ਕੀਤੇ ਹਨ ਤੇ ਲਗਾਤਾਰ ਕਰ ਵੀ ਰਹੇ ਹਨ।

ਗੁਰਮਤਿ ਵਿਚ ਥਿਤ ਵਾਰ ਭੇਖ ਭਰਮ ਤੇ ਸਮੇਂ ਆਦਿ ਦਾ ਕੋਈ ਵੀ ਭਰਮ ਭੁਲੇਖਾ ਨਹੀਂ ਹੈ।

ਗੁਰੂ ਬਚਨ ਹਨ

**ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ ॥ (35)**

**ਧਨੁ ਸੁ ਵੇਲਾ ਜਿਤੁ ਦਰਸਨੁ ਕਰਣਾ ॥ (562)**

**ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥ (450)**

ਸਤਿਗੁਰੂ ਜੀ ਦਾ ਜੀਵਨ ਇਤਿਹਾਸ ਪੜ੍ਹੀਏ ਵੀਚਾਰੀਏ ਤਾਂ ਗੁਰੂ ਵਲੋਂ ਅੰਧ ਵਿਸ਼ਵਾਸ ਦੇ ਖਾਤਮੇ ਦਾ ਵਾਰ ਵਾਰ ਜ਼ਿਕਰ ਮਿਲਦਾ ਹੈ।

ਪਹਿਲੀ ਪਾਤਸ਼ਾਹੀ ਤੋਂ ਦਸਵੀਂ ਪਾਤਸ਼ਾਹੀ ਨੇ ਪੂਰੇ ਸੰਸਾਰ ਦੇ ਮਨੁੱਖਾਂ ਨੂੰ ਰੱਬੀ ਵਿਸ਼ਵਾਸ, ਪ੍ਰਭੂ ਪਿਆਰ, ਮਨੁੱਖੀ ਬਰਾਬਰਤਾ ਦਾ ਉਪਦੇਸ਼ ਦ੍ਰਿੜ ਕਰਵਾ ਕੇ " ਕੁਦਰਤਿ ਕੇ ਸਭ ਬੰਦੇ " ਵਾਲੀ ਅਗੰਮੀ ਸਮਝ ਭਰੀ। ਸਚਿਆਰ ਹੋਣ ਤੇ ਕੂੜ ਦੀ ਕੰਧ ਤੋੜਨ ਦੀ ਜੁਗਤਿ ਨੂੰ ਸਮਝਾਇਆ।

'ਜਬ ਲਗ ਖ਼ਾਲਸਾ ਰਹੇ ਨਿਆਰਾ॥
ਤਬ ਲਗ ਤੇਜ ਕੀਉ ਮੈ ਸਾਰਾ॥
ਜਬ ਇਹ ਗਹੈ ਬਿਪਰਨ ਕੀ ਰੀਤ॥
ਮੈ ਨ ਕਰੋਂ ਇਨ ਕੀ ਪ੍ਰਤੀਤ'॥ ਦਾ ਉਪਦੇਸ਼ ਵੀ ਰੂਪਮਾਨ ਹੈ।

ਸਿੱਖੀ ਕੇਵਲ ਗੁਰਬਾਣੀ ਸਿਧਾਂਤ ਦਾ ਪਾਲਕ ਸੰਭਾਲਕ ਹੈ ਤੇ ਇਸ ਦੇ ਅਮਲ ਦਾ ਧਾਰਨੀ ਹੈ। ਇਸ ਵਿਚ ਨਾ ਸਖਸ਼ੀ (ਵਿਅਕਤੀ ਦਾ) ਪ੍ਰਭਾਵ ਹੈ ਨਾ ਪੂਜਾ ਹੈ। ਨਾ ਡੇਰਾ ਨਾ ਡੇਰੇਦਾਰ ਦੀ ਗੁੰਜਾਇਸ਼ ਹੈ। ਨਾ ਸੰਪਰਦਾ ਦੀ ਕੋਈ ਥਾਂ ਹੈ। ਗੁਰੂ ਜੀ ਨੇ ਖ਼ਾਲਸਾ ਪੰਥ ਤਿਆਰ ਕੀਤਾ ਹੈ ਉਸ ਨੂੰ ਹੀ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ ਹੈ। ਸੰਸਾਰ ਦਾ ਸਭ ਤੋਂ ਨਿਰਮਲ ਨਿਆਰਾ ਪੰਥ ਹੈ " ਖਾਲਸਾ ਪੰਥ "।

ਜਾਤੀ ਲੋਭ ਲਾਲਚ ਕਰਕੇ ਲੰਮੇ ਸਮੇਂ ਤੋਂ ਖਾਲਸਾ ਜੀਵਨ ਜੁਗਤਿ ਦੀ ਨਿਰਮਲਤਾ ਨੂੰ ਖਤਮ ਕਰਨ ਦੀਆਂ ਅੰਦਰੋਂ ਬਾਹਰ ਪਖੰਡਵਾਦੀਆਂ ਕਰਮ ਕਾਂਡੀਆਂ ਵੱਲੋਂ ਕਰਮ ਕਿਰਿਆਵਾਂ ਹੁੰਦੀਆਂ ਹਨ। ਸੁਚੇਤ ਖਾਲਸਾ ਪੰਥ ਇਨ੍ਹਾਂ ਸਭ ਢਾਹ ਲਾਊ ਕੰਮਾਂ ਯਤਨਾਂ ਨੂੰ ਤਬਾਹ ਕਰਦਾ ਆਇਆ ਹੈ।

ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥ ਦੇ ਵਾਰਸ ਸਿੱਖ ਕਹਾਉਣ ਵਾਲਿਆਂ ਨੂੰ ਸਿੱਖੀ ਭੇਖ ਵਾਲੇ ਹੀ ਸਭ ਤੋਂ ਵੱਧ ਢਾਹ ਲਾਉਣ ਦਾ ਅਪਰਾਧ ਕਰਦੇ ਦਿਖਾਈ ਦਿੰਦੇ ਹਨ। ਇਨ੍ਹਾਂ ਕਹਾਉਣ ਵਾਲਿਆਂ ਅਡੰਬਰ ਵਾਦੀਆਂ ਲਈ ਪੰਥ ਪ੍ਰਮਾਣਿਤ ਸਿੱਖ ਰਹਿਤ ਮਰਯਾਦਾ ਦੀ ਕੋਈ ਅਹਿਮੀਅਤ ਨਹੀਂ। ਇਹ ਅਨਮੱਤੀਆਂ ਮਨਮੱਤੀਆਂ ਦੀ ਪੈਰਵੀ ਕਰਦੇ ਹਨ । ਕੂੜੀ ਪ੍ਰਭਤਾ ਜਾਤੀ ਮਾਣ ਸਨਮਾਨ ਦੀ ਖਾਤਰ ਅਡੰਬਰ ਵਾਦੀ ਅੱਖਾਂ ਬੰਦ ਕਰਕੇ ਪ੍ਰਚਾਰ ਪ੍ਰਸਾਰ ਕਰਨ ਲਈ ਸਾਰੇ ਸਾਧਨ ਝੋਕ ਦੇਂਦੇ ਹਨ।

ਪਿਛਲੇ ਕੁਝ ਸਮੇਂ ਦੁਪਹਿਰਾ ਚੋਪਹਿਰਾ ਸਮਾਗਮ ਦੀ ਨਵੀਂ ਪਿਰਤ ਸਥਾਪਿਤ ਕਰਕੇ ਪ੍ਰਚਾਰੀ ਪ੍ਰਸਾਰੀ ਜਾ ਰਹੀ ਹੈ। ਅੰਮ੍ਰਿਤਸਰ ਦੀ ਧਰਤੀ 'ਤੇ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਅਸਥਾਨ 'ਤੇ ਇਸ ਨਾਮ ਹੇਠ ਸਮਾਗਮ ਕਰਵਾਉਣ ਦੀ ਸਹਿਮਤੀ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਜੀ ਤੇ ਅਕਾਲ ਤਖ਼ਤ ਸਾਹਿਬ ਦੀ ਖਿਦਮਤ ਵਿਚ ਬੈਠੇ ਸਜਣ ਦੇਈ ਬੈਠੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜੋ ਸਿੱਖ ਰਹਿਤ ਮਰਯਾਦਾ ਤਿਆਰ ਕਰਵਾ ਕੇ ਪੰਥਕ ਪ੍ਰਵਾਨਗੀ ਲੈਣ ਵਾਲੀ ਸੰਸਥਾ ਹੈ ਉਸ ਦੇ ਨੱਕ ਹੇਠ ਤਥਾ ਪ੍ਰਬੰਧ ਹੇਠਲੇ ਅਸਥਾਨ 'ਤੇ ਐਸਾ ਹੋ ਰਿਹਾ ਹੈ।

ਗੁਰਮਤਿ ਵਿਚ ਕਿਸੇ ਪ੍ਰਕਾਰ ਵਹਿਮ, ਭਰਮ, ਭੁਲੇਖੇ, ਭੇਖ, ਪਖੰਡ, ਕਰਮਕਾਂਡ, ਸ਼ਖਸੀ ਪੂਜਾ ਅਤੇ ਹੋਰ ਵੀ ਕਿਸੇ ਪ੍ਰਕਾਰ ਅੰਧ ਵਿਸ਼ਵਾਸੀ ਕਰਮ ਲਈ ਕੋਈ ਥਾਂ ਨਹੀਂ ਸੀ, ਨਾ ਹੈ ਤੇ ਨਾ ਹੀ ਹੋ ਸਕਦੀ ਹੈ। ਅੱਜ ਦੇਸ਼ ਵਿਦੇਸ਼ਾਂ ਵਿਚ ਵੱਸਦੇ ਸਿੱਖ ਕਹਾਉਣ ਵਾਲਿਆਂ ਨੂੰ ਜੋ ਖੁਦ ਗੁਰਮਤਿ ਤੋਂ ਵਾਕਫ਼ ਨਹੀਂ ਉਹ ਭਾਵੇਂ ਪ੍ਰਬੰਧਕ ਹੋਣ ਜਾਂ ਸੰਗਤ। ਬਹੁਤ ਵੱਡੇ ਪੱਧਰ 'ਤੇ ਇਨ੍ਹਾਂ ਅਡੰਬਰ ਵਾਦੀਆਂ ਨੇ ਬੜੇ ਮਿੱਠੇ ਲਹਿਜੇ ਤੇ ਫ਼ਰੇਬੀ ਢੰਗ ਨਾਲ ਆਪਣੇ ਮੱਕੜ ਜਾਲ ਵਿਚ ਫਸਾ ਲਿਆ ਹੈ। ਇਨ੍ਹਾਂ ਨੇ ਆਪਣੇ ਹਰ ਪਖੰਡ ਨੂੰ ਸ਼ਰਧਾ ਦੀ ਚਾਸ਼ਣੀ ਚੜ੍ਹਾਕੇ ਪ੍ਰਚਾਰਿਆ ਹੈ, ਜਿਸ ਵਿੱਚ ਭੋਲੀ-ਭਾਲੀ ਸੰਗਤ ਫਸ ਜਾਂਦੀ ਹੈ।

ਹੱਦ ਹੋ ਗਈ ਹੈ ਜੇ ਕੋਈ ਪੰਥਕ ਸਿੱਖ ਰਹਿਤ ਮਰਯਾਦਾ ਦੇ ਮੰਨਣ ਪ੍ਰਚਾਰੇ ਵਾਲਾ ਗੁਰਮਤਿ ਸਿਧਾਂਤਾਂ ਦੀ ਗੱਲ ਰੱਖਣ ਦਾ ਹੀਆ ਕਰਦੇ ਹੈ ਭਾਵੇਂ ਉਹ ਪ੍ਰਬੰਧਕ ਹੈ ਜਾਂ ਪ੍ਰਚਾਰਕ ਉਨਾਂ ਦੀ ਲਾਹ ਪਾਹ ਲਈ ਭੋਲੀ ਤੇ ਗੁਮਰਾਹ ਕਰ ਲਈ ਗਈ ਸਿੱਖ ਸੰਗਤ ਨੂੰ ਰੱਜ ਕੇ ਵਰਤਿਆ ਜਾਂਦਾ ਹੈ। ਐਸੇ ਮਹਾਨ ਪੰਥ ਪ੍ਰਸਤ ਸੇਵਕਾਂ ਨੂੰ ਕੌਮੀ ਗਦਾਰ/ਗੁਰੂ ਨਿੰਦਕ ਆਦਿ ਜਾਂ ਪੰਥ ਵਿਰੋਧੀ ਜੱਥੇਬੰਦੀਆਂ ਆਰ ਐਸ ਐਸ ਜਾਂ ਕਿਸੇ ਹੋਰ ਨਾਲ ਜੋੜਨ ਦੀਆਂ ਕਾਲੀਆਂ ਕਰਤੂਤਾਂ ਕੀਤੀਆਂ ਜਾਂਦੀਆਂ ਹਨ।

ਅੱਜ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਨੂੰ ਹਕੀਕੀ ਰੂਪ ਵਿਚ ਪ੍ਰਚਾਰਨ ਦੀ ਥਾਂ ਵਿਅਕਤੀਗਤ ਪ੍ਰਭਾਵ ਵਾਲੀਆਂ ਕਲਪਿਤ ਕਹਾਣੀਆਂ ਨੂੰ ਗੁਰ ਇਤਿਹਾਸ ਨੂੰ ਦਰ ਕਿਨਾਰੇ ਕਰਕੇ ਪਹਿਲ ਦੇ ਆਧਾਰ ਤੇ ਪ੍ਰਚਾਰਿਆ ਜਾਂਦਾ ਹੈ। ਗੁਰਬਾਣੀ ਗਿਆਨ ਚਾਨਣ ਨਾਲ ਸਿੱਖ ਜਗਿਆਸੂ ਦੀ ਸੁਰਤਿ ਨੂੰ ਜੁੜਨ ਹੀ ਨਹੀਂ ਦਿੱਤਾ ਜਾਂਦਾ।

ਗੁਰਸਿੱਖ ਨੇ ਕਿਵੇਂ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਪੰਥ ਪ੍ਰਤੀ ਸਮਰਪਿਤ ਹੋ ਕੇ ਜੀਊਣਾ ਹੈ ਇਹ ਗੱਲ ਉਸ ਦੇ ਜ਼ਿਹਨ ਵਿਚ ਵਸਾਉਣ ਤੋਂ ਭੱਜਿਆ ਜਾਂਦਾ ਹੈ।

ਵੱਖ-ਵੱਖ ਸ਼ਹਿਰਾਂ, ਕਸਬਿਆਂ , ਪਿੰਡਾਂ, ਸੂਬਿਆਂ ਤੇ ਦੇਸ਼ -ਵਿਦੇਸ਼ਾਂ ਵਿਚ ਨਵੇਂ ਢੰਗ ਦਾ ਕਰਮਕਾਂਡ ਦੁਪਹਿਰੇ ਚੁਪਹਿਰੇ ਦੇ ਰੂਪ ਜੰਗਲ ਦੀ ਅੱਗ ਵਾਂਗ ਅੱਗੇ ਤੋਂ ਅੱਗੇ ਫ਼ੈਲਾਇਆ ਜਾ ਰਿਹਾ ਹੈ।

ਇਸਤਰੀ ਸਤਿਸੰਗ ਸਭਾਵਾਂ ਵਾਲੀਆਂ ਸਿੱਖ ਬੀਬੀਆਂ ਵੱਡੀ ਤਦਾਦ ਵਿਚ ਇਨ੍ਹਾਂ ਅਡੰਬਰ ➡

# ਮੈਨੂੰ ਮਾਣ ਹੈ ਕਿ ਮੈਂ ਸਿੱਖ ਹਾਂ

-ਰਜਵੰਤ ਕੌਰ ਛੀਨਾ ਬਿਧੀ ਚੰਦ
# 73472-84182



"ਸਿੱਖੀ ਖੰਡਿਓ ਤਿਖੀ, ਵਾਲੋ ਨਿੱਕੀ ਅਤੇ ਸ਼ਹਿਦੋ ਮਿੱਠੀ ਹੈ" ਉਪਰੋਤਿਕ ਕਥਨ ਦੀਆਂ ਤਿੰਨਾਂ ਚੀਜਾਂ ਦਾ ਸੁਮੇਲ ਕਰਕੇ ਕਿਸੇ ਇਕ ਸੂਤਕ ਵਿੱਚ ਪਰੋ ਕੇ ਦੇਈਏ ਤਾਂ ਜੋ ਅਲੋਕਿਕ ਚੀਜ਼ ਬਣੇਗੀ, ਉਸ ਦਾ ਨਾਮ ਸਿੱਖੀ ਹੈ ਅਤੇ ਮੈਂ ਬੜਾ ਖੁਸ਼ ਹੁੰਦੀ ਹਾਂ ਕਿ ਉਸ ਜਮਾਤ ਜਿਸ ਨੂੰ ਸਿੱਖੀ ਕਹਿੰਦੇ ਹਨ ਉਸ ਵਿੱਚ ਸ਼ਾਮਲ ਹਾਂ ਉਚੀ ਅਵਾਜ ਕਹਿੰਦੀ ਹਾਂ ਮੈਨੂੰ ਸਿੱਖ ਹੋਣ ਤੇ ਬੜਾ ਮਾਣ ਹੈ। ਕਿਹੜੀਆਂ ਗੱਲਾਂ ਤੇ ਮਾਣ ਹੈ ਆਓ ਵੇਖੀਏ-

1. ਅੱਜ ਸਾਰੀ ਲੋਕਾਈ ਆਪਣਾ ਅੱਗਾ ਸਵਾਰਨ ਵਾਸਤੇ (ਅਗਲੀ ਅਣਦੇਖੀ ਦੁਨੀਆਂ) ਪੂਜਾ ਪਾਠ, ਜੱਗ ਹਵਨ ਆਦਿ ਦੇ ਚੱਕਰ ਵਿੱਚ ਪਈ ਹੈ ਮੈਨੂੰ ਮੇਰੇ ਨਾਨਕ ਪਾਤਸ਼ਾਹ ਨੇ ਜੜ੍ਹ-ਪੂਜਾ ਅਤੇ ਪੱਥਰ ਪੂਜਾ ਤੋਂ ਬਚਾ ਲਿਆ ਹੈ ਅਤੇ ਮੱਸਿਆ, ਪੁੰਨਿਆਂ, ਸੰਗਰਾਂਦ ਸਭ ਨੂੰ ਧਰਤੀ, ਚੰਦ, ਸੂਰਜ ਅਤੇ ਗ੍ਰਹਿਆਂ ਦੀ ਚਾਲ ਦੱਸਿਆ। ਗੁਰਬਾਣੀ ਦੇ ਡੂੰਘੇ ਅਧਿਐਨ ਤੋਂ ਮੈਨੂੰ ਪਤਾ ਲੱਗਾ ਵਾਹਿਗੁਰੂ ਦੀ ਵਿਸ਼ਾਲਤਾ ਅਤੇ ਉਸ ਦੀ ਸ੍ਰਿਸ਼ਟੀ ਦੀ ਸੰਭਾਲਣ ਦੀ ਅਪਾਰ ਸ਼ਕਤੀ ਦਾ। ਕੇਵਲ ਤੇ ਕੇਵਲ ਵਾਹਿਗੁਰੂ ਆਖਕੇ ਇਕ ਅਮਿੱਟ ਸ਼ਕਤੀ ਨੂੰ ਮੰਨਣ ਵਾਲੀ ਬਣ ਗਈ ਹਾਂ। ਸ਼ੁਕਰ ਹੈ ਨਾਨਕ ਪਾਤਸ਼ਾਹ ਦਾ ਜਿਨ੍ਹਾਂ ਨੇ ਮੈਨੂੰ ਇਹਨਾਂ ਝੰਝਟਾਂ ਤੋਂ ਕੱਢ ਕੇ ਪੂਰਨ ਤੌਰ ਤੇ ਸੁਤੰਤਰ ਕਰ ਦਿੱਤਾ ਹੈ। ਇਸ ਲਈ ਮੈਂ ਮਾਣ ਕਰਦੀ ਹਾਂ ਕਿ ਮੈਂ ਸਿੱਖ ਹਾਂ।

2. ਜਦੋਂ ਸਿੱਖ ਇਤਿਹਾਸ ਪੜ੍ਹਿਆ ਤਾਂ ਪਤਾ ਲੱਗਾ ਕਿ ਪੰਜਾਂ ਪਿਆਰਿਆਂ ਨੇ ਜ਼ੁਲਮ ਦੀਆਂ ਜੜ੍ਹਾਂ ਪੁਟਣ ਵਾਸਤੇ ਲੋੜ ਪੈਣ ਤੇ ਪੰਜ ਨਹੀਂ ਸਗੋਂ ਪੰਜਾਹ ਹਜ਼ਾਰ (50,000) ਸਿਰ ਵਾਸਤੇ ਇਹ ਸਿੱਖੀ ਤਿਆਰ-ਬਰ-ਤਿਆਰ ਹੋ ਗਈ ਹੈ। ਸਾਡਾ ਸਲੋਗਨ "ਮੁਝੇ ਮਰਨੇ ਕਾ ਚਾਉ ਹੈ, ਮਰੂ ਤਾ ਹਰਿਕੇ ਦੁਆਰ"। ਮੈਨੂੰ ਸੋਝੀ ਹੋਈ ਇਸ ਸਿੱਖੀ ਵਿੱਚ ਬੰਦ ਬੰਦ ਕਟਾਉਣ ਵਾਲੇ, ਆਰਿਆਂ ਨਾਲ ਚੀਰੇ ਜਾਣ ਵਾਲੇ, ਖੋਪਰੀਆਂ ਲਹਾਉਣ ਵਾਲੇ ਕਦੀ ਥਿੜਕੇ ਨਹੀਂ ਸਨ ਸਗੋਂ ਮਾਰਨ ਵਾਲੇ ਹਾਰ ਗਏ ਸਨ। ਇਤਨੀ ਬਹਾਦੁਰ ਕੌਮ ਦੀ ਵਿਰਾਸਤ ਸਾਂਭਣ ਵਾਲੇ ਅਸੀਂ ਸਿੱਖ ਹਾਂ ਤਾਂ ਮੈਂ ਗਦ-ਗਦ ਹੋ ਉਠੀ ਅਤੇ ਬੜੇ ਮਾਣ ਨਾਲ ਕਿਹਾ ਕਿ ਮੈਨੂੰ ਸਿੱਖ ਹੋਣ ਤੇ ਮਾਣ ਹੈ।

3. ਅੱਜ ਦੇ ਯੁੱਗ ਵਿੱਚ ਮੈਂ ਊਚ-ਨੀਚ ਦੇ ਵਿਕਾਰਾਂ ਨਾਲ ਭਰੀ ਹੋਈ ਦੁਨੀਆ ਵਿੱਚ ਗੁਰਬਾਣੀ ਵਿੱਚ ਪੜ੍ਹਿਆ **"ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥"** ਤਾਂ ਮੇਰਾ ਹੌਸਲਾ ਹੋਰ ਬੁਲੰਦ ਹੋ ਗਿਆ। ਸਾਡੇ ਰਾਸ਼ਟਰੀ ਸੰਵਿਧਾਨ (ਗੁਰੂ ਗ੍ਰੰਥ ਸਾਹਿਬ ਜੀ) ਵਿੱਚ ਭਗਤ ਰਵਿਦਾਸ, ਨਾਮਦੇਵ, ਕਬੀਰ, ਸਧਨਾ, ਸੈਣ ਭਗਤ ਸਭ ਅਖੌਤੀ ਜਾਤਾਂ ਵਾਲਿਆਂ ਦੀ ਬਾਣੀ ਦਰਜ਼ ਹੈ ਤਾਂ ਮੈਂ ਸਮਝ ਲਿਆ ਜਾਤ-ਪਾਤ ਨਾਲ ਕੁਝ ਨਹੀਂ ਹੋਣਾ ਸਗੋਂ ਹੋਏ ਅਮਲਾਂ (ਕੰਮਾਂ ਤੇ) ਤੇ ਆਣ ਕੇ ਨਬੇੜੇ, ਤਾਂ ਵੱਡਿਆ ਨਾਲ ਸਾਧਾਂ-ਸੰਤਾਂ ਪਾਖੰਡ ਸ੍ਰੀ 1008 ਵਾਲਿਆਂ ਨਾਲ ਦਿਲੋਂ ਖੌਫ਼ ਨਫਰਤ ਹੋ ਗਈ। ਮੈਂ ਬਾਬੇ ਦੇ ਕਥਨ **"ਨੀਚਾ ਅਮਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥** ਵਾਲਾ ਰਾਹ ਫੜ ਲਿਆ ਤਾਂ ਹੀ ਮੈਨੂੰ ਸਿੱਖ ਹੋਣ ਤੇ ਮਾਣ ਹੈ।

4. ਮੈਂ ਨਿਮਾਣੀ ਔਰਤ ਨੂੰ ਸਾਰਿਆਂ ਧਰਮਾਂ ਨੇ ਨੀਚ, ਬਾਘਣ, ਕੁਲਛਣੀ ਅਤੇ ਡੈਣ ਦੀ ਉਪਾਧੀ ਦਿੱਤੀ, ਸ਼ੁਕਰ ਹੈ ਮੇਰੀ ਸਿੱਖੀ ਵਿੱਚ ਮੇਰੇ ਨਾਨਕ ਪਾਤਸ਼ਾਹ ਨੇ ਮੈਨੂੰ ਰਾਜਿਆਂ ਦੀ ਮਾਂ ਕਹਿ ਕੇ ਉੱਚੇ ਸਿੰਘਾਸਨ ਤੇ ਬਿਠਾ ਦਿੱਤਾ ਅਤੇ ਅਤੇ ਡੰਕੇ ਦੀ ਚੋਟ ਤੇ ਆਖਿਆ **"ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥"** ਇਸ ਕਥਨ ਨਾਲ ਮੈਨੂੰ ਆਪਣੇ ਆਪ ਤੇ ਬੜਾ ਫਖਰ ਹੋਇਆ ਕਿ ਮੈਂ ਸਿੱਖ ਹਾਂ।

5. ਮੇਰੀ ਸਿੱਖੀ ਵਿੱਚ ਸਭ ਤੋਂ ਉਦੇਸ਼ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦਾ ਹੈ। ਕਿਰਤ ਨੂੰ ਸਭ ਤੋਂ ਰੱਖਿਆ ਗਿਆ ਬਗੈਰ ਜਾਤ-ਪਾਤ ਹੈ ਜੇ ਮੈਂ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦੀ ਹਾਂ ਜੇ ਮੈਂ ਬ੍ਰਾਹਮਣ ਹਾਂ। (ਜੇ ਮੈਂ ਪੁਲਿਸ, ਫੌਜ ਜਾਂ ਖਾੜਕੂ ਗਤੀਵਿਧੀਆਂ ਵਿੱਚ ਵਿਚਰਦੀ ਹਾਂ ਜੇ ਪੰਥ ਦੀ ਸੇਵਾ ਕਰਦੀ ਹਾਂ ਮੈਂ ਖੱਤਰੀ ਹਾਂ ਜੇਕਰ ਨੌਕਰੀ, ਖੇਤ ਵਪਾਰ ਕਰਦੀ ਹਾਂ ਤਾਂ ਵੈਸ਼ ਅਤੇ ਜੇਕਰ ਘਰ, ਬਾਹਰ, ਜਾਂ ਗੁਰਧਾਮਾਂ ਦੀ ਸਫ਼ਓਮਪ;ਾਈ ਕਰਦੀ ਹਾਂ ਤਾਂ ਸ਼ੂਦਰ, ਮੈਨੂੰ ਬੜਾ ਮਾਣ ਹੈ ਕਿ ਮੈਂ ਭਾਵੇਂ ਜਿਹੜਾ ਮਰਜ਼ੀ ਕਰਾਂ ਮੈਂ ਇਕ ਚੰਗੀ ਇਨਸਾਨ ਬਣ ਗਈ ਇਸ ਗੱਲ ਦਾ ਬੜਾ ਮਾਣ ਹੈ।

6. **"ਦੇਖਿ ਪਰਾਈਆ ਚੰਗੀਆ ਮਾਵਾਂ ਭੈਣਾਂ ਧੀਆਂ ਜਾਣੈ॥"** ਵਾਲਾ ਸਲੋਗਨ ਪੜ੍ਹ ਕੇ ਬੜਾ ਮਾਣ ਮਹਿਸੂਸ ਕਰਦੀ ਹਾਂ। ਮੇਰੇ ਵਡੇਰੇ ਮਾਪਿਆਂ ਨੇ ਗਜ਼ਨੀ ਦੇ ਬਜ਼ਾਰਾਂ ਵਿੱਚ ਟਕੇ ਟਕੇ ਵਿਕਦੀਆਂ ਬਗਾਨੀਆਂ ਧੀਆਂ ਨੂੰ ਛੁਡਾ ਕੇ ਉਹਨਾਂ ਦੇ ਘਰੀਂ ਪਹੁੰਚਾਇਆ। ਕੀ ਇਹ ਘੱਟ ਮਾਣ ਵਾਲੀ ਗੱਲ ਹੈ?

7. ਮੇਰੀ ਸਿੱਖੀ ਪਾਖੰਡ-ਰਹਿਤ ਹੋ ਸਾਫ਼-ਸੁਥਰਾ ਇਕੋ ਨਾਅਰਾ "ਕਿਰਤ ਕਰੋ ਤੇ ਵੰਡ ਛਕੋ" ਮੈਨੂੰ ਬੜੀ ਖੁਸ਼ੀ ਹੁੰਦੀ ਹੈ ਮੈਂ ਪੂਜਾ, ਪਾਠ, ਵਰਤ ਅਤੇ ਹੋਰ ਅਡੰਬਰਾਂ ਤੋਂ ਪੂਰੀ ਤਰ੍ਹਾਂ ਮੁਕਤ ਹੋ ਗਈ ਹਾਂ।

8. ਸਿੱਖੀ ਹਮੇਸ਼ਾ ਚੜ੍ਹਦੀ ਕਲਾ ਦੀ ਪ੍ਰਤੀਕ ਹੈ। ਵੱਡੇ, ਛੋਟੇ ਘੱਲੂਘਾਰਿਆਂ ਵਿੱਚ ਇਕ ਦਿਨ ਵਿੱਚ 30,000 (ਅੱਧੀ ਕੌਮ) ਬੰਦਾ ਸ਼ਹੀਦ ਕਰਵਾ ਕੇ ਸ਼ਾਮ ਨੂੰ ਰਹਿਰਾਸ ਕਰਕੇ "ਅਨੰਦ ਪਇਆ ਮੇਰੀ ਮਾਇ" ਆਖ ਕੇ ਵਾਹਿਗੁਰੂ ਦੀ ਰਜ਼ਾ ਵਿੱਚ ਰਾਜ਼ੀ ਖੁਸ਼ੀ ਹੋ ਗਈ, ਅੱਜ ਕੱਲ ਦੀ ਗੱਲ ਹੈ 1984 ਦੇ ਘੱਲੂਘਾਰੇ ਵਿੱਚ ਬੇ-ਇੰਤਹਾਂ। ਜੁਲਮ ਸਹਿਕੇ 6 ਮਹੀਨਿਆਂ ਦੀ ਵਿਥ ਪਾ ਕੇ ਬਦਲਾ ਲੈ ਕੇ ਕੌਮ ਚੜ੍ਹਦੀ ਕਲ੍ਹਾਂ ਵਿੱਚ ਆ ਗਈ ਕੀ ਇਹ ਘੱਟ ਮਾਣ ਵਾਲੀ ਗੱਲ ਹੈ।

9. ਸਿੱਖੀ ਵਿੱਚ ਕਿਸੇ ਗੁਰੂ, ਬਾਬੇ, ਸੰਤ ਦੀ ਕੋਈ ਜੈ-ਜੈ ਕਾਰ ਨਹੀਂ ਕੇਵਲ ਤੇ ਕੇਵਲ "ਵਾਹਿਗੁਰੂ ਜੀ ਦਾ ਖਾਲਸਾ ਵਾਹਿਗੁਰੂ ਜੀ ਦੀ ਫਤਿਹ" ਕਹਿ ਕੇ ਅਕਾਲ ਪੁਰਖ ਦੀ ਜੈ ਜੈ ਕਾਰ ਕੀਤੀ ਜਾਂਦੀ ਹੈ। ਇਹ ਕਿਤੇ ਘੱਟ ਮਾਣ ਵਾਲੀ ਗੱਲ ਹੈ।

ਮੈਂ ਚਾਹੁੰਦੀ ਹਾਂ ਕਿ ਇਹ ਉਤਮ ਵਿਚਾਰ ਕੇਵਲ ਮੇਰੇ ਕੋਲ ਹੀ ਨਾ ਰਹਿ ਜਾਣ ਸਗੋਂ ਸਭ ਭੈਣ-ਭਰਾਵਾਂ ਵੰਡਾਂ ਇਸ ਕਰਕੇ ਮੈਂ ਇਹ ਖ਼ਜ਼ਾਨਾ ਸਭ ਨਾਲ ਸਾਂਝਾ ਕਰਾ। ਕਿਉਂਕਿ ਗੁਰਬਾਣੀ ਕਹਿੰਦੀ ਹੈ "ਪੀਊ ਦਾਦੇ ਦਾ ਖੋਲਿ ਡਿਠਾ ਖਜਾਨਾ॥ ਤਾ ਮੇਰੈ ਮਨਿ ਭਇਆ ਨਿਧਾਨਾ॥1॥" ਗੁਰੂ ਸਾਹਿਬ ਕਹਿੰਦੇ ਹਨ ਇਸ ਖਜ਼ਾਨੇ ਨੂੰ ਜਿਨ੍ਹਾਂ ਮਰਜ਼ੀ ਖਾਓ, ਖਰਚੋ ਇਹ ਘੱਟ ਨਹੀਂ ਸਕਦਾ ਸਗੋਂ ਵਧੇਗਾ।

ਸਿੱਖ ਧਰਮ ਦੇ ਗੌਰਵਮਈ ਕਾਰਨਾਮੇ ਸਾਡੀ ਸਿੱਖੀ ਦੀ ਸਾਂਝੀ ਜਾਇਦਾਦ ਹੈ ਜਿਨ੍ਹਾਂ ਨੇ ਆਪਣੇ ਆਪ ਨੂੰ ਤੱਤੀਆਂ ਤਵੀਆਂ ਤੇ ਤਾਅ ਲਿਆ ਸੀਸ ਕਟਵਾ ਕੇ ਚਰਖੀਆਂ ਤੇ ਹੱਢ ਤੁੜਵਾ ਕੇ, ਦੇਗਾਂ ਵਿੱਚ ਉਬਾਲ ਕੇ ਜੋ ਸਾਂਝੀ ਚੀਜ਼ ਬਚੀ ਸੀ ਉਹ ਸਿੱਖੀ ਸੀ ਉਹ ਗੁਰੂ ਸਾਹਿਬ ਨੇ ਸਾਡੇ ਹਵਾਲੇ ਕਰ ਦਿੱਤੀ, ਆਵੋ ਰਲ-ਮਿਲ ਇਸਨੂੰ ਸਾਂਭੀਏ ਅੱਜ ਇਸ ਵਿੱਚ ਬੜੀਆਂ ਮਿਲਾਵਟਾ ਹੋ ਰਹੀਆਂ, ਇਤੇ ਇਹ ਗੱਲ ਨਾ ਹੋ ਜਾਵੇ ਜਿਸ ਇਸ ਹਿੰਦੂ ਧਰਮ ਨੇ ਅਜਗਰ ਕੇ ਸਾਰੇ ਧਰਮਾਂ ਨੂੰ ਖਾ ਲਿਆ ਹੋ ਕਿਤੇ ਅਸੀਂ ਨਾ ਨਿਗਲੇ ਜਾਈਏ। ਆਵੋ ਰਲ ਕੇ ਸਾਰੇ ਬੋਲੀਏ- "ਸਾਨੂੰ ਸਿੱਖ ਹੋਣ ਤੇ ਮਾਣ ਹੈ।"

-0-

---

➡ ਵਾਦੀਆਂ ਦੀਆਂ ਸ਼ਿਕਾਰ ਹੋਈਆਂ ਹਨ। ਇਤਿਹਾਸਕ ਗੁਰਦੁਆਰੇ ਸਾਹਿਬਾਨ ਤੇ ਗੁਰਦੁਆਰਾ ਸਿੰਘ ਸਭਾ ਅਸਥਾਨਾਂ ਦੇ ਪ੍ਰਬੰਧਕ ਤੇ ਸੰਗਤਾਂ ਬਹੁਤੇ ਥਾਈਂ ਅੱਖਾਂ ਬੰਦ ਕਰਕੇ ਇਨ੍ਹਾਂ ਅੱਗੇ ਸਿਰ ਸੁੱਟ ਕੇ ਖਾਮੋਸ਼ ਹੋ ਚੁੱਕੇ ਹਨ। ਕਈ ਥਾਵਾਂ ਤੋਂ ਜਾਗਰੂਕ ਸਿੱਖ ਇਸ ਭਾਰੂ ਤੇ ਸਿਧਾਂਤ ਮਾਰੂ ਕਰਮ ਦਾ ਵਿਰੋਧ ਕਰਦੇ ਹਨ ਤਾਂ ਉਨ੍ਹਾਂ ਦੀ ਸੁਣਵਾਈ ਲਈ ਸਭ ਦਰਵਾਜ਼ੇ ਹੀ ਬੰਦ ਮਿਲਣ ਲੱਗੇ ਹਨ।

ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਤਖ਼ਤਾਂ ਦੇ ਜੱਥੇਦਾਰ, ਇਤਹਾਸਕ ਗੁਰਦੁਆਰਾ ਸਾਹਿਬ, ਸਿੰਘ ਸਭਾਵਾਂ ਦੇ ਪ੍ਰਬੰਧਕ, ਸਿੱਖ ਇਸਤਰੀ ਸਭਾਵਾਂ ਦੇ ਆਗੂ, ਰਾਗੀ, ਗ੍ਰੰਥੀ, ਪ੍ਰਚਾਰਕ, ਢਾਡੀ, ਕਵੀ ਕਵੀਸ਼ਰ ਆਦਿ ਨਿਜੀ ਰੋਜ਼ੀ ਰੋਟੀ ਦੀ ਖਾਤਰ ਚੁੱਪ ਰਹਿਣਗੇ ਸਾਰੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੇਣਦਾਰ ਹੋਣਗੇ। ਗੁਰੂ ਗ੍ਰੰਥ ਸਾਹਿਬ ਤੇ ਗੁਰੂ ਪੰਥ ਦੀ ਮਾਣ ਮਰਯਾਦਾ ਦਾ ਨਿਰਾਦਰ ਕਰਨ ਦੇ ਦੋਸ਼ੀ ਮੰਨੇ ਜਾਣਗੇ। -0-

# ਹਥਿਆਰ ਕੋਈ ਖਿਡੌਣਾ ਨਹੀਂ ਹਨ

**ਬਲਰਾਜ ਸਿੰਘ ਏ.ਆਈ.ਜੀ. (ਰਿਟਾ.) ਪੰਡੋਰੀ ਸਿੱਧਵਾਂ 9501100062**

ਵਿਆਹਾਂ ਦੇ ਸੀਜ਼ਨ ਦੌਰਾਨ ਪੰਜਾਬ ਵਿੱਚ ਹਰ ਦੂਸਰੇ ਚੌਥੇ ਹਫਤੇ ਕੋਈ ਨਾ ਕੋਈ ਖਬਰ ਸੁਣਨ ਨੂੰ ਮਿਲ ਹੀ ਜਾਂਦੀ ਹੈ ਕਿ ਭੰਗੜਾ ਪਾਉਂਦੇ ਸਮੇਂ ਕਿਸੇ ਖਰ ਦਿਮਾਗ ਵਿਅਕਤੀ ਨੇ ਹਵਾਈ ਫਾਇਰਿੰਗ ਕਰਦੇ ਸਮੇਂ ਕਿਸੇ ਬੇਗੁਨਾਹ ਵਿਅਕਤੀ ਦੀ ਜਾਨ ਲੈ ਲਈ ਹੋਵੇ। ਪੰਜਾਬ ਵਿੱਚ ਇੱਕ ਅੱਧ ਮਾਮਲੇ ਨੂੰ ਛੱਡ ਕੇ ਅੱਜ ਤੱਕ ਕਦੇ ਵੀ ਕਿਸੇ ਲਾਇਸੈਂਸੀ ਹਥਿਆਰ ਵਾਲੇ ਨੇ ਲੁੱਟਣ ਵਾਸਤੇ ਆਏ ਡਾਕੂ, ਲੁਟੇਰੇ, ਕਾਲੇ ਕੱਛੇ ਵਾਲੇ ਜਾਂ ਚੋਰ ਲੁਟੇਰੇ ਆਦਿ ਦੀ ਹਿੱਕ ਵਿੱਚ ਗੋਲੀ ਨਹੀਂ ਮਾਰੀ। ਲਾਇਸੈਂਸੀ ਹਥਿਆਰਾਂ ਦੀ ਵਰਤੋਂ ਸਿਰਫ ਸ਼ੋਸ਼ੇਬਾਜ਼ੀ ਜਾਂ ਨਿੱਜੀ ਲੜਾਈ ਝਗੜਿਆਂ ਸਮੇਂ ਕੀਤੀ ਜਾਂਦੀ ਹੈ। ਅਨੇਕਾਂ ਅਜਿਹੇ ਕੇਸ ਹੋਏ ਹਨ ਕਿ ਲੁਟੇਰੇ ਘਰ ਲੁੱਟ ਕੇ ਲੈ ਗਏ ਤੇ ਪੰਜਾਬੀ ਸੂਰਮਿਆਂ ਦੀਆਂ ਰਾਈਫਲਾਂ ਪੇਟੀ ਵਿੱਚ ਰੱਖੀਆਂ ਰਹਿ ਗਈਆਂ। ਰਾਤ ਨੂੰ ਜਿਆਦਾਤਰ ਲੋਕਾਂ ਨੇ ਸ਼ਰਾਬ ਹੀ ਐਨੀ ਪੀਤੀ ਹੁੰਦੀ ਹੈ ਕਿ ਚੋਰ ਚਾਹੇ ਉਸ ਨੂੰ ਵੀ ਨਾਲ ਹੀ ਚੁੱਕ ਕੇ ਲੈ ਜਾਣ।

ਪੁਰਾਣੇ ਸਮੇਂ ਵਿੱਚ ਅਸਲ੍ਹੇ ਵਾਲੇ ਵਿਅਕਤੀ ਨੂੰ ਚੋਰ ਡਾਕੂਆਂ ਤੋਂ ਬਚਾਅ ਲਈ ਜੰਞ ਦੇ ਨਾਲ ਲਿਜਾਇਆ ਜਾਂਦਾ ਸੀ। ਉਹ ਕਈ ਵਾਰ ਲੁਟੇਰਿਆਂ, ਬਦਮਾਸ਼ਾਂ ਵਿੱਚ ਦਹਿਸ਼ਤ ਪਾਉਣ ਲਈ ਇੱਕ ਅੱਧ ਫਾਇਰ ਵੀ ਕੱਢ ਦੇਂਦਾ ਸੀ। ਪਰ ਅੱਜ ਕਲ੍ਹ ਤਾਂ ਵਿਆਹ ਸਮੇਂ ਅਸਲ੍ਹੇ ਵਾਲੇ ਹਵਾਈ ਫਾਇਰ ਕਰਨ ਦੇ ਸ਼ੌਕੀਨ ਫੁਕਰਿਆਂ ਨੂੰ ਖਾਸ ਤੌਰ 'ਤੇ ਕਾਰਡ ਵੰਡੇ ਜਾਂਦੇ ਹਨ ਤੇ ਸਖਤ ਤਾਕੀਦ ਕੀਤੀ ਜਾਂਦੀ ਕਿ ਬਿਨਾਂ ਪਿਸਤੌਲ ਤੋਂ ਨਾ ਆਇਉ। ਉਹ ਗੱਲ ਅਲੱਗ ਹੈ ਕਿ ਅਜਿਹੇ ਵਿਆਹ ਦੀ ਰਿਸੈਪਸ਼ਨ ਕਈ ਵਾਰ ਥਾਣੇ ਦੀ ਹਵਾਲਾਤ ਵਿੱਚ ਹੁੰਦੀ ਹੈ। ਸੁਣਨ ਵਿੱਚ ਆਇਆ ਹੈ ਕਿ ਮੈਰਿਜ ਪੈਲੇਸ, ਘੋੜੀ, ਬੈਂਡ ਵਾਜੇ ਅਤੇ ਕੈਟਰਿੰਗ ਦੇ ਨਾਲ ਨਾਲ ਹੁਣ ਵਿਆਹ ਵਿੱਚ ਫਾਇਰ ਕਰਨ ਵਾਲਿਆ ਦੀ ਵੀ ਬੁਕਿੰਗ ਹੋਣ ਲੱਗ ਪਈ ਹੈ। ਜਿਨ੍ਹਾਂ ਦਾ ਕੋਈ ਦੋਸਤ ਜਾਂ ਰਿਸ਼ਤੇਦਾਰ ਲਾਇਸੈਂਸ ਵਾਲਾ ਨਹੀਂ, ਉਹ ਕਿਰਾਏ 'ਤੇ ਫਾਇਰ ਕਰਨ ਵਾਲੇ ਲੈ ਲੈਂਦੇ ਹਨ ਤੇ ਉਨ੍ਹਾਂ ਦੀ ਗੋਲੀਆਂ ਦੇ ਹਿਸਾਬ ਨਾਲ ਪੇਮੈਂਟ ਕੀਤੀ ਜਾਂਦੀ ਹੈ। ਜਿਹੜਾ ਮੈਰਿਜ ਪੈਲੇਸ ਵਾਲਾ ਫਾਇਰ ਕਰਨ ਤੋਂ ਰੋਕਦਾ ਹੈ, ਲੋਕ ਉਸ ਦਾ ਪੈਲੇਸ ਬੁੱਕ ਕਰਨ ਤੋਂ ਟਾਲਾ ਵੱਟ ਜਾਂਦੇ ਹਨ। ਬਹੁਤੇ ਪੈਲੇਸਾਂ ਵਾਲੇ "ਮੈਰਿਜ ਪੈਲੇਸ ਵਿੱਚ ਫਾਇਰ ਕਰਨਾ ਮਨ੍ਹਾਂ ਹੈ" ਦਾ ਬੋਰਡ ਲਗਾ ਕੇ ਜ਼ਿੰਮੇਵਾਰੀ ਪੂਰੀ ਹੋਈ ਸਮਝ ਲੈਂਦੇ ਹਨ। ਜੇ ਕਿਤੇ ਪੁਲਿਸ ਵਾਲੇ ਦਖਲ ਅੰਦਾਜ਼ੀ ਕਰਨ ਤਾਂ ਸ਼ਰਾਬੀ ਗਲ ਪੈਂਦੇ ਹਨ ਕਿ ਤੁਸੀਂ ਸਾਡਾ ਵਿਆਹ ਖਰਾਬ ਕਰ ਰਹੇ ਹੋ।



ਪੰਜਾਬ ਵਿੱਚ ਕਿਸੇ ਨੂੰ ਖੁਸ਼ ਕਰਨਾ ਹੋਵੇ ਤਾਂ ਉਸ ਨੂੰ ਲਾਇਸੰਸ ਬਣਾ ਕੇ ਦੇ ਦਿਉ। ਘਰ ਵਿੱਚ ਰੋਟੀ ਪੱਕੇ ਨਾ ਪੱਕੇ, ਹਥਿਆਰ ਜਰੂਰ ਚਾਹੀਦਾ ਹੈ। ਕਈ ਲੋਕਾਂ ਨੇ ਸਾਰੇ ਪਰਿਵਾਰ ਦੇ ਲਾਇਸੰਸ ਬਣਾਏ ਹੁੰਦੇ ਹਨ ਪਰ ਜਦੋਂ ਵਾਰ ਵਾਰ ਲਾਇਸੰਸ ਰੀਨਿਊ ਕਰਾਉਣੇ ਪੈਂਦੇ ਹਨ ਤਾਂ ਸ਼ਕਲ ਵੇਖਣ ਵਾਲੀ ਹੁੰਦੀ ਹੈ। ਲੀਡਰਾਂ ਤੇ ਅਫਸਰਾਂ ਕੋਲ ਸਭ ਤੋਂ ਜਿਆਦਾ ਸਿਫਾਰਸ਼ਾਂ ਲਾਇਸੰਸ ਬਣਾਉਣ ਦੀਆਂ ਹੀ ਆਉਂਦੀਆਂ ਹਨ। ਅਸਲ੍ਹਾ ਰੱਖਣਾ, ਸੰਭਾਲਣਾ ਅਤੇ ਚਲਾਉਣਾ ਬਹੁਤ ਨਾਜ਼ਕ ਕੰਮ ਹੈ। 90% ਲੋਕਾਂ ਨੂੰ ਹਥਿਆਰ ਖੋਲ੍ਹਣੇ ਜੋੜਨੇ ਜਾਂ ਸਾਫ ਕਰਨੇ ਨਹੀਂ ਆਉਂਦੇ। ਪਿਸਤੌਲ ਨੂੰ ਬੁੱਕਲ ਦਾ ਹਥਿਆਰ ਕਿਹਾ ਜਾਂਦਾ ਹੈ ਜੋ ਆਤਮ ਰੱਖਿਆ ਲਈ ਕੱਪੜਿਆਂ ਦੇ ਥੱਲੇ ਛਿਪਾ ਕੇ ਪਹਿਨਿਆਂ ਜਾਣਾ ਚਾਹੀਦਾ ਹੈ। ਪਰ ਅੱਜ ਕਲ੍ਹ ਲੋਕਾਂ ਨੂੰ ਵਿਖਾਉਣ ਲਈ ਜਾਣ ਬੁੱਝ ਕੇ ਪੈਂਟ ਦੀ ਬੈਲਟ ਵਿੱਚ ਫਸਾਇਆ ਹੁੰਦਾ ਹੈ। ਜੇ ਕਿਸੇ ਚੋਰ-ਲੁਟੇਰੇ ਨੇ ਹਮਲਾ ਕਰਨਾ ਹੋਵੇ ਤਾਂ ਉਹ ਜੱਫਾ ਮਾਰ ਕੇ ਪਹਿਲਾਂ ਪਿਸਤੌਲ ਹੀ ਕਾਬੂ ਕਰਦਾ ਹੈ।

ਚਾਲੀ ਪੰਜਾਹ ਸਾਲ ਪਹਿਲਾਂ ਇਲਾਕੇ ਦੇ ਸਿਰਫ ਦੋ ਚਾਰ ਮੋਹਤਬਰ ਬੰਦਿਆਂ ਕੋਲ ਅਸਲ੍ਹਾ ਹੁੰਦਾ ਸੀ। ਪਿਸਤੌਲ ਵਿਦੇਸ਼ੀ ਹੋਣ ਕਾਰਨ ਬਹੁਤ ਮਹਿੰਗੇ ਸਨ ਤੇ ਹਾਰੀ ਸਾਰੀ ਨਹੀਂ ਸੀ ਖਰੀਦ ਸਕਦਾ। ਪਰ ਮੁਸੀਬਤ ਉਦੋਂ ਸ਼ੁਰੂ ਹੋਈ ਜਦੋਂ ਸਰਕਾਰੀ ਕਾਨਪੁਰੀ ਪਿਸਤੌਲ ਬਣਨ ਲੱਗ ਪਏ। ਹੁਣ ਹਰ ਜਣਾ ਖਣਾ ਡੱਬ ਵਿੱਚ ਫਸਾਈ ਫਿਰਦਾ ਹੈ। ਹਰੇਕ ਨੌਜਵਾਨ ਬਾਲਗ ਹੁੰਦੇ ਸਾਰ ਹੀ ਲਾਇਸੰਸ ਬਣਾਉਣ ਵੱਲ ਭੱਜਦਾ ਹੈ। ਵੀਡੀਉ ਗੇਮਾਂ ਖੇਡ ਕੇ ਤੇ ਪੰਜਾਬੀ ਗਾਇਕਾਂ ਦੇ ਜੱਟਵਾਦੀ ਗਾਣੇ ਸੁਣ ਕੇ ਜਵਾਨ ਹੋਈ ਇਸ ਪੀੜ੍ਹੀ ਨੂੰ ਅਸਲੀਅਤ ਬਾਰੇ ਪਤਾ ਨਹੀਂ ਹੈ। ਜੇ ਗਲਤੀ ਨਾਲ ਵੀ ਗੋਲੀ ਵੱਜ ਕੇ ਕਿਸੇ ਦੀ ਮੌਤ ਹੋ ਜਾਵੇ ਤਾਂ ਗੋਲੀ ਮਾਰਨ ਵਾਲੇ ਦੀ ਜ਼ਿੰਦਗੀ ਬਰਬਾਦ ਹੋ ਜਾਂਦੀ ਹੈ। ਉਸ 'ਤੇ ਕਤਲ ਦਾ ਪਰਚਾ ਦਰਜ਼ ਹੁੰਦਾ ਹੈ ਤੇ ਸੁਪਰੀਮ ਕੋਰਟ ਤੱਕ ਵੀ ਜ਼ਮਾਨਤ ਨਹੀਂ ਹੁੰਦੀ ਤੇ ਜੇ ਸਜ਼ਾ ਹੋ ਜਾਵੇ ਤਾਂ ਸਾਰੀ ਉਮਰ ਜੇਲ੍ਹ ਵਿੱਚ ਗਰਕ ਹੋ ਜਾਂਦੀ ਹੈ। ਦੋ ਮਿੰਟ ਲਈ ਮਾਰੀ ਫੁਕਰੀ 50-60 ਲੱਖ ਵਿੱਚ ਪੈਂਦੀ ਹੈ ਤੇ ਪਰਿਵਾਰ ਵਾਲੇ ਥਾਣਿਆਂ ਕਚਹਿਰੀਆਂ 'ਚ ਵੱਖ ਧੱਕੇ ਖਾਂਦੇ ਹਨ। ਜਿਆਦਾਤਰ ਸਿਆਣੇ ਬੰਦੇ ਤਾਂ ਵਿਆਹ ਵਿੱਚ ਗੋਲੀ ਚੱਲਦੇ ਸਾਰ ਉੱਠ ਕੇ ਘਰਾਂ ਨੂੰ ਦੌੜ ਜਾਂਦੇ ਹਨ।

ਸਾਡੇ ਨਜ਼ਦੀਕੀ ਪਿੰਡ ਇੱਕ ਵਲੈਤੀਆ ਆਪਣੇ ਭਰਾ ਦਾ ਵਿਆਹ ਕਰਨ ਲਈ ਵਿਦੇਸ਼ੋਂ ਆਇਆ ਸੀ। ਉਸ ਨੇ ਆਪਣੇ ਸਾਰੇ ਦੋਸਤਾਂ ਨੂੰ ਬਰਾਤ ਵਿੱਚ ਹਥਿਆਰ ਲੈ ਕੇ ਆਉਣ ਦਾ ਹੁਕਮ ਜਾਰੀ ਕਰ ਦਿੱਤਾ। ਜਦੋਂ ਮੁਫਤ ਦੀ ਸ਼ਰਾਬ ਨਾਲ ਟੱਲੀ ਹੋਏ ਨਿਸ਼ਾਨਚੀਆਂ ਨੇ ਫਾਇਰ ਖੋਲ੍ਹਿਆ ਤਾਂ ਇੱਕ ਗੋਲੀ ਲਾੜਾ ਸਾਹਿਬ ਨੂੰ ਹੀ ਜਾ ਲੱਗੀ ਜਿਸ ਦੀ ਹਸਪਤਾਲ ਜਾ ਕੇ ਮਸਾਂ ਜਾਨ ਬਚੀ। ਸ਼ੁਕਰ ਹੈ ਲਾਵਾਂ ਫੇਰੇ ਹੋ ਗਏ ਸਨ ਨਹੀਂ ਤਾਂ ਵਿਆਹ ਵਿੱਚੇ ਰਹਿ ਜਾਣਾ ਸੀ। ਬਹੁਤ ਮੁਸ਼ਕਿਲ ਨਾਲ ਮਾਮਲਾ ਦਬਾਇਆ ਗਿਆ ਤੇ ਰਾਤੋ ਰਾਤ ਦਿੱਲੀ ਤੋਂ ਐਮਰਜੈਂਸੀ ਟਿਕਟ ਕਰਾ ਕੇ ਭੱਜਾ ਵਲਾਇਤੀਆ ਅੱਜ ਤੱਕ ਵਾਪਸ ਨਹੀਂ ਆਇਆ।

ਹਥਿਆਰ ਆਦਮੀ ਦੀ ਆਤਮ ਰੱਖਿਆ ਲਈ ਹੁੰਦੇ ਹਨ, ਸ਼ੋਸ਼ੇਬਾਜ਼ੀ, ਹਵਾਈ ਫਾਇਰ ਜਾਂ ਲੋਕਾਂ ਨੂੰ ਡਰਾਉਣ ਵਾਸਤੇ ਨਹੀਂ। ਹਥਿਆਰ ਹਮੇਸ਼ਾਂ ਘਰ ਵਿੱਚ ਕਿਸੇ ਸੁਰੱਖਿਅਤ ਜਗ੍ਹਾ 'ਤੇ ਜਿੰਦਰੇ ਹੇਠ ਰੱਖਣੇ ਚਾਹੀਦੇ ਹਨ। ਬੱਚਿਆਂ ਵਿੱਚ ਹਥਿਆਰ ਨਾਲ ਛੇੜ ਛਾੜ ਕਰਨ ਦੀ ਬਹੁਤ ਖਿੱਚ ਹੁੰਦੀ ਹੈ। ਕਦੀ ਵੀ ਭਰਿਆ ਹੋਇਆ ਹਥਿਆਰ ਬੱਚਿਆਂ ਨੂੰ ਨਹੀਂ ਪਕੜਾਉਣਾ ਚਾਹੀਦਾ। ਉਹ ਖੇਡ ਖੇਡ ਵਿੱਚ ਹੀ ਕਿਸੇ ਨੂੰ ਗੋਲੀ ਮਾਰ ਸਕਦੇ ਹਨ। ਜੇ ਜਿਆਦਾ ਸਮੇਂ ਲਈ ਘਰੋਂ ਬਾਹਰ ਜਾਣਾ ਹੋਵੇ ਤਾਂ ਹਥਿਆਰ ਨਜ਼ਦੀਕੀ ਥਾਣੇ ਜਾਂ ਗੰਨ ਹਾਊਸ ਵਿੱਚ ਜਮ੍ਹਾਂ ਕਰਵਾ ਦੇਣਾ ਚਾਹੀਦਾ ਹੈ। ਬਿਲਕੁਲ ਸੱਚੀਆਂ ਕਹਾਵਤਾਂ ਬਣੀਆਂ ਹਨ ਕਿ ਗੋਲੀ ਹਮੇਸ਼ਾਂ ਬੰਦੇ ਵੱਲ ਹੀ ਜਾਂਦੀ ਹੈ ਤੇ ਕਿਸਮਤ ਮਾੜੀ ਹੋਵੇ ਤਾਂ ਖਾਲੀ ਬੰਦੂਕ ਵੀ ਚੱਲ ਜਾਂਦੀ ਹੈ। ਜੇ ਕਿਸੇ ਵਿਆਹ ਵਿੱਚ ਫਾਇਰ ਹੁੰਦੇ ਹਨ ਤਾਂ ਮੈਰਿਜ ਪੈਲੇਸ ਵਾਲੇ ਵੀ ਕਾਨੂੰਨੀ ਕਾਰਵਾਈ ਤੋਂ ਨਹੀਂ ਬਚ ਸਕਦੇ। ਇਹ ਉਨ੍ਹਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਇਸ ਸਬੰਧੀ ਨਜ਼ਦੀਕੀ ਥਾਣੇ ਨੂੰ ਸੂਚਨਾ ਦੇਣ। ਸਿਰਫ ਇਹ ਲਿਖ ਦੇਣ ਨਾਲ ਕਿ ਮੈਰਿਜ ਪੈਲੇਸ ਵਿੱਚ ਫਇਰ ਕਰਨੇ ਮਨ੍ਹਾ ਹਨ, ਜ਼ਿੰਮੇਵਾਰੀ ਤੋਂ ਨਹੀਂ ਭੱਜਿਆ ਜਾ ਸਕਦਾ। ਜਦੋਂ ਵੀ ਕਿਸੇ ਸ਼ਾਦੀ ਵਿੱਚ ਫਾਇਰ ਹੋਣੇ ਸ਼ੁਰੂ ਹੋਣ, ਆਪਣੇ ਪਰਿਵਾਰ ਸਮੇਤ ਪੱਤਰਾ ਵਾਚ ਜਾਉ। ਜਾਨ ਮੁਰਗੇ ਮੱਛੀ ਤੇ ਮੁਫਤ ਦੀ ਸ਼ਰਾਬ ਨਾਲੋਂ ਬਹੁਤ ਜਿਆਦਾ ਕੀਮਤੀ ਹੁੰਦੀ ਹੈ।

-0-

# ਪੰਜਾਬ ਦੀ ਧਰਤੀ ਹੇਠਲੇ ਪਾਣੀ ਦੀ ਤਬਾਹੀ ਲਈ ਕੌਣ ਜ਼ਿੰਮੇਵਾਰ?

**ਪ੍ਰੋ: ਹਰਦੇਵ ਸਿੰਘ ਵਿਰਕ 94175-53347**

28 ਜੁਲਾਈ ਐਤਵਾਰ ਨੂੰ ਸਪੋਕਸਮੈਨ ਦੇ ਮੁੱਖ ਪੰਨੇ ਉਪਰ ਇਕ ਖ਼ਬਰ ਛਪੀ ਸੀ ਜਿਸ ਵਿਚ ਪੰਜਾਬ ਦੇ ਕਈ ਜ਼ਿਲ੍ਹਿਆਂ ਵਿਚ ਧਰਤੀ ਹੇਠਲਾ ਪਾਣੀ ਮਾਰੂ ਹੋਣ ਬਾਰੇ ਚੇਤਾਵਨੀ ਦਿਤੀ ਗਈ ਸੀ। ਦਰਅਸਲ, ਇਹ ਮਸਲਾ ਪਾਰਲੀਮੈਂਟ ਵਿਚ ਕਾਂਗਰਸ ਦੇ ਮੈਂਬਰ ਚਰਨਜੀਤ ਸਿੰਘ ਚੰਨੀ ਨੇ ਇਕ ਸਵਾਲ ਦੇ ਰੂਪ ਵਿਚ ਉਠਾਇਆ ਸੀ। ਇਸ ਦੇ ਜਵਾਬ 'ਚ ਕੇਂਦਰੀ ਜਲ ਸ਼ਕਤੀ ਰਾਜਮੰਤਰੀ ਰਾਜ ਭੂਸ਼ਣ ਚੌਧਰੀ ਹੋਰਾਂ ਜੋ ਅੰਕੜੇ ਪੇਸ਼ ਕੀਤੇ, ਉਹ ਬਹੁਤ ਹੀ ਹੈਰਾਨੀਜਨਕ ਸਨ।


ਮੰਤਰੀ ਜੀ ਨੇ ਅੰਕੜੇ ਕੇਂਦਰੀ ਜਲ ਬੋਰਡ ਮਹਿਕਮੇ ਤੋਂ ਲੈ ਕੇ ਪੇਸ਼ ਕੀਤੇ ਸਨ। ਅੰਕੜੇ ਬਿਆਨ ਕਰਦੇ ਹਨ ਕਿ ਪੰਜਾਬ ਦੇ ਵਧੇਰੇ ਜ਼ਿਲ੍ਹਿਆਂ ਦਾ ਧਰਤੀ ਹੇਠਲਾ ਪਾਣੀ ਪ੍ਰਦੂਸ਼ਤ ਹੋ ਚੁਕਾ ਹੈ ਤੇ ਇਸ ਦੇ ਪੀਣ ਨਾਲ ਕੈਂਸਰ ਅਤੇ ਹੋਰ ਭਿਆਨਕ ਬੀਮਾਰੀਆਂ ਦੀ ਮਾਰ ਹੇਠ ਆਉਣ ਦੀ ਸੰਭਾਵਨਾ ਬਣ ਸਕਦੀ ਹੈ। ਇਸ ਖ਼ਬਰ ਦੇ ਅਖ਼ੀਰ 'ਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੇ ਪੰਜਾਬ 'ਵਰਸਿਟੀ ਚੰਡੀਗੜ੍ਹ ਦੁਆਰਾ ਕੀਤੀ ਗਈ ਖੋਜ ਦਾ ਜ਼ਿਕਰ ਵੀ ਕੀਤਾ ਗਿਆ ਸੀ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਭੌਤਿਕ ਵਿਗਿਆਨ ਵਿਭਾਗ ਦਾ ਮੁਖੀ ਹੋਣ ਦੇ ਨਾਤੇ ਮੇਰੇ ਖੋਜੀਆਂ ਨੇ ਮਾਲਵੇ ਦੇ ਬਠਿੰਡੇ ਜ਼ਿਲ੍ਹੇ ਦੇ ਪਿੰਡਾਂ ਦੇ ਪਾਣੀ, ਮਿੱਟੀ ਅਤੇ ਹਵਾ ਦਾ ਸਰਵੇਖਣ ਕੀਤਾ। ਇਹ ਖੋਜ ਅਸੀਂ 1990 ਦੇ ਦਹਾਕੇ ਤੋਂ ਸ਼ੁਰੂ ਕਰ ਰੱਖੀ ਸੀ। ਅਸੀਂ ਪਾਣੀ ਅਤੇ ਮਿੱਟੀ ਵਿਚ ਯੂਰੇਨੀਅਮ ਦੀ ਮਾਤਰਾ ਤੇ ਇਸ ਤੋਂ ਪੈਦਾ ਹੋਣ ਵਾਲੀਆਂ ਰੇਡਾਨ ਅਤੇ ਥੋਰਾਨ ਗੈਸਾਂ ਦੀ ਮਾਤਰਾ ਵੀ ਮਾਪ ਰਹੇ ਸੀ। ਰੇਡਾਨ ਦੀ ਵਧੇਰੇ ਮਾਤਰਾ ਸਾਹ ਰਾਹੀਂ ਸਾਡੇ ਫ਼ੇਫੜਿਆਂ 'ਤੇ ਅਸਰ ਪਾਉਂਦੀ ਹੈ ਅਤੇ ਕੈਂਸਰ ਦੀ ਇਲਾਮਤ ਨੂੰ ਜਨਮ ਦਿੰਦੀ ਹੈ। ਯੂਰੇਨੀਅਮ ਦੀ ਰੇਡੀਏਸ਼ਨ ਤਾਂ ਬਹੁਤਾ ਪ੍ਰਭਾਵ ਨਹੀਂ ਪਾਉਂਦੀ ਪ੍ਰੰਤੂ ਇਸ ਦੇ ਸਰੀਰ ਅੰਦਰ ਰਸਾਇਣਕ ਪ੍ਰਭਾਵ ਹਾਨੀਕਾਰਕ ਹੁੰਦੇ ਹਨ।

**ਵੋਟ ਬੈਂਕ ਸਿਆਸਤ ਨੇ ਪੰਜਾਬ ਦੇ ਪਾਣੀਆਂ ਦੀ ਤਬਾਹੀ ਦਾ ਮੁੱਢ ਬੰਨ੍ਹਿਆ**

ਸਾਡੀ ਖੋਜ ਤੋਂ ਸਿੱਟਾ ਨਿਕਲਿਆ ਕਿ ਜਿਹੜੇ ਪਿੰਡਾਂ ਵਿਚ ਯੂਰੇਨੀਅਮ ਅਤੇ ਰੇਡਾਨ ਦੀ ਮਾਤਰਾ ਵਧੇਰੇ ਹੈ, ਉਥੇ ਕੈਂਸਰ ਦੇ ਸ਼ਿਕਾਰ ਮਰੀਜ਼ਾਂ ਦੀ ਬਹੁਤਾਤ ਹੈ। ਇਨ੍ਹਾਂ 'ਚੋਂ ਬਹੁਤੇ ਪਿੰਡ ਤਲਵੰਡੀ ਸਾਬੋ ਹਲਕੇ (ਤਹਿਸੀਲ) 'ਚ ਮੌਜੂਦ ਹਨ। ਯੂਰੇਨੀਅਮ ਨੂੰ ਕੈਂਸਰ ਨਾਲ ਜੋੜਨਾ ਇਕ ਕਿਆਸ ਅਰਾਈ ਹੀ ਕਿਹਾ ਜਾ ਸਕਦੈ। ਇਸ ਕੰਮ ਲਈ ਵਿਸ਼ੇਸ਼ ਡਾਕਟਰ ਦੀ ਰਾਇ ਜ਼ਰੂਰੀ ਹੈ। ਭਾਭਾ ਐਟਮੀ ਊਰਜਾ ਕੇਂਦਰ ਦੇ ਵਿਗਿਆਨੀ ਇਸ ਧਾਰਨਾ ਦੇ ਉਲਟ ਹਨ। ਉਹ ਕਹਿੰਦੇ ਹਨ ਕਿ ਮਾਲਵੇ ਵਿਚ ਕੈਂਸਰ ਦਾ ਕਾਰਨ ਯੂਰੇਨੀਅਮ ਨਹੀਂ ਬਲਕਿ ਇਥੋਂ ਦੇ ਲੋਕਾਂ ਦਾ ਰਹਿਣ-ਸਹਿਣ ਦਾ ਤਰੀਕਾ ਹੈ। ਅਸੀ ਉਨ੍ਹਾਂ ਦੀ ਧਾਰਨਾ ਨਾਲ ਸਹਿਮਤ ਨਹੀਂ।

ਇਹ ਬਹੁਤ ਹੀ ਖ਼ੁਸ਼ੀ ਦੀ ਗੱਲ ਹੈ ਕਿ ਪੰਜਾਬ ਦੇ ਮੈਂਬਰ ਪਾਰਲੀਮੈਂਟ ਪਾਰਟੀ ਹਿਤਾਂ ਤੋਂ ਉਪਰ ਉੱਠ ਕੇ ਪੰਜਾਬ ਦੇ ਮਸਲਿਆਂ ਬਾਰੇ ਚਿੰਤਤ ਹਨ, ਜਿਨ੍ਹਾਂ 'ਚ ਪਾਣੀਆਂ ਦਾ ਮੁੱਦਾ ਸੱਭ ਤੋਂ ਅਹਿਮ ਹੈ। ਗੁਰੂ ਨਾਨਕ




ਸਾਹਿਬ ਜਪੁਜੀ ਦੇ ਸਲੋਕ ਵਿਚ ਇਸ ਬਾਰੇ ਅਪਣੀ ਰਾਏ ਭਲੀ-ਭਾਂਤ ਪੇਸ਼ ਕਰਦੇ ਹਨ : ''ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥'' ਬੜੇ ਅਫ਼ਸੋਸ ਦੀ ਗੱਲ ਹੈ ਕਿ ਅਸੀ ਗੁਰੂ ਨਾਨਕ ਦੇ ਸਿੱਖ ਅਖਵਾਉਣ ਵਾਲੇ ਹੀ ਪੰਜਾਬ ਦੇ ਧਰਤੀ ਹੇਠਲੇ ਪਾਣੀ ਨੂੰ ਤਬਾਹ ਕਰਨ ਦੇ ਜ਼ਿੰਮੇਵਾਰ ਹਾਂ। ਇਸ ਬਾਰੇ ਵਿਆਖਿਆ ਕਰਨੀ ਬਣਦੀ ਹੈ।

1950ਵਿਆਂ 'ਚ ਪੰਜਾਬ ਦੀ ਧਰਤੀ ਹੇਠਲੇ ਪਾਣੀ ਦਾ ਪੱਧਰ 10 ਤੋਂ 25 ਫ਼ੁਟ ਤਕ ਸੀ। ਬਰਸਾਤ ਦੇ ਮੌਸਮ 'ਚ ਪਾਣੀ ਇਕ ਫ਼ੁਟ ਤਕ ਪਹੁੰਚ ਜਾਂਦਾ ਸੀ। ਮੇਰੇ ਪਿੰਡ 'ਚ ਕਈ ਡੰਗਰ ਧਰਤੀ ਵਿਚ ਧਸ ਜਾਂਦੇ ਸੀ। ਅਸੀ ਡੰਗਰ ਚਾਰਦੇ, ਖੁਰਪੇ ਨਾਲ ਧਰਤੀ ਪੁੱਟ ਕੇ ਪਾਣੀ ਬਾਹਰ ਕੱਢ ਲੈਂਦੇ ਸੀ। ਬਹੁਤੀ ਬਾਰਸ਼ ਹੋਣ ਕਾਰਨ ਧਰਤੀ ਹੇਠਲਾ ਪਾਣੀ ਸੇਮ ਨਾਲਿਆਂ ਦੀ ਸ਼ਕਲ 'ਚ ਵਹਿ ਤੁਰਦਾ ਸੀ। 1960ਵਿਆਂ 'ਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਰਾਂ ਨੇ ਹਰਾ-ਇਨਕਲਾਬ ਲੈ ਆਂਦਾ। ਇਸ ਨਾਲ ਖੇਤੀ ਪੈਦਾਵਾਰ 'ਚ ਚੋਖਾ ਵਾਧਾ ਹੋਇਆ ਤੇ ਭਾਰਤ ਦੀ ਭੁੱਖਮਰੀ ਦਾ ਹੱਲ ਲੱਭ ਲਿਆ। ਹੁਣ ਪੰਜਾਬ ਦਾ ਰਕਬਾ ਭਾਰਤ ਦੇ ਰਕਬੇ ਦਾ ਡੇਢ ਫ਼ੀ ਸਦੀ



(1.5%) ਰਹਿ ਗਿਆ ਹੈ ਪ੍ਰੰਤੂ ਭਾਰਤ ਦੇ ਅੰਨ ਜ਼ਖ਼ੀਰੇ 'ਚ ਪੰਜਾਬ 47 ਫ਼ੀ ਸਦੀ ਕਣਕ ਅਤੇ 21 ਫ਼ੀ ਸਦੀ ਚੌਲ ਭੇਜ ਰਿਹਾ ਹੈ।

ਬਸ ਇਸੇ ਫ਼ਾਰਮੂਲੇ 'ਚ ਪੰਜਾਬ ਦੇ ਪਾਣੀਆਂ ਦੀ ਤਬਾਹੀ ਦਾ ਰਾਜ਼ ਛੁਪਿਆ ਹੋਇਆ ਹੈ। ਖੇਤੀਬਾੜੀ ਮਾਹਰਾਂ ਨੇ ਨਵੇਂ ਬੀਜ, ਨਵੇਂ ਮਕੈਨਕੀ ਢੰਗ ਤਰੀਕੇ ਤਾਂ ਈਜਾਦ ਕੀਤੇ ਪ੍ਰੰਤੂ ਧਰਤੀ ਦੀ ਸਿਹਤ ਵਲੋਂ ਅਣ-ਗਹਿਲੀ ਦਾ ਰੁਖ਼ ਅਖ਼ਤਿਆਰ ਕਰ ਲਿਆ। ਫ਼ਸਲਾਂ ਦੀ ਪੈਦਾਵਾਰ ਵਧਾਉਣ ਲਈ ਖਾਦਾਂ ਅਤੇ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਬੇਲੋੜੇ ਢੰਗ ਨਾਲ ਹੋਣ ਲੱਗੀ। ਨਹਿਰੀ ਪਾਣੀ ਦੀ ਘਾਟ ਕਾਰਨ ਟਿਊਬਵੈੱਲ ਲਗਾ ਕੇ ਸਿੰਜਾਈ ਹੋਣ ਲੱਗੀ। 1980ਵਿਆਂ ਤਕ ਧਰਤੀ ਹੇਠਲੇ ਪਾਣੀ ਦੀ ਵਰਤੋਂ ਘਾਤਕ ਹੱਦ ਤਕ ਪਹੁੰਚ ਗਈ। ਝੋਨੇ ਦੀ ਪੈਦਾਵਾਰ ਲਈ ਧਰਤੀ ਹੇਠਲਾ ਪਾਣੀ ਲੋੜ ਤੋਂ ਵੱਧ ਵਰਤਿਆ ਜਾਣ ਲੱਗਾ।

30 ਜੁਲਾਈ ਦੇ ਅੰਗਰੇਜ਼ੀ ਟ੍ਰਿਬਿਊਨ 'ਚ ਛਪੀ ਖ਼ਬਰ ਅਨੁਸਾਰ ਪੰਜਾਬ ਦੇ 18 ਜ਼ਿਲ੍ਹਿਆਂ 'ਚ ਪਾਣੀ ਦਾ ਪੱਧਰ 60 ਤੋਂ 70 ਮੀਟਰ ਤਕ ਡਿੱਗ ਚੁਕਾ ਹੈ ਜਦਕਿ ਬਾਕੀ ਸੂਬਿਆਂ 'ਚ (84.% ਖੇਤਰ) ਪਾਣੀ ਦਾ ਪਧਰ ਅਜੇ ਵੀ 10 ਮੀਟਰ ਤਕ ਹੈ। ਇਹ ਸੂਚਨਾ ਜਲ ਸ਼ਕਤੀ ਰਾਜ ਮੰਤਰੀ ਨੇ ਵਿਕਰਮਜੀਤ ਸਾਹਨੀ (ਮੈਂਬਰ ਪਾਰਲੀਮੈਂਟ ਆਮ ਆਦਮੀ ਪਾਰਟੀ) ਦੇ ਪੁਛੇ ਗਏ ਸਵਾਲਾਂ ਦੇ ਉੱਤਰ ਵਿਚ ਦਿਤੀ ਗਈ ਹੈ। ਕੇਂਦਰੀ ਜਲ ਬੋਰਡ ਨੇ ਪੰਜਾਬ ਸਰਕਾਰ ਨੂੰ ਪਿਛਲੇ ਵੀਹ ਸਾਲਾਂ ਤੋਂ ਤਾੜਨਾ ਦੇਣੀ ਸ਼ੁਰੂ ਕੀਤੀ ਹੋਈ ਹੈ ਪਰ ਸਮੇਂ ਦੀਆਂ ਸਰਕਾਰਾਂ ਦੇ ਕੰਨਾਂ 'ਤੇ ਜੂੰਅ ਵੀ ਨਹੀਂ ਸਰਕਦੀ। ਵੋਟ ਬੈਂਕ ਸਿਆਸਤ ਨੇ ਪੰਜਾਬ ਦੇ ਪਾਣੀਆਂ ਦੀ ਤਬਾਹੀ ਦਾ ਮੁੱਢ ਬੰਨ੍ਹਿਆ। ਪਹਿਲਾਂ ਅਕਾਲੀਆਂ ਨੇ ਮੁਫ਼ਤ ਬਿਜਲੀ ਦੇ ਕੇ ਜ਼ਿਮੀਂਦਾਰਾਂ ਨੂੰ ਪੁੱਠੇ ਰਾਹ ਪਾਇਆ। ਹੁਣ ਆਮ ਆਦਮੀ ਪਾਰਟੀ ਨੇ ਇਸ ਨੂੰ ਹੋਰ ਅੱਗੇ ਵਧਾਇਆ ਹੈ। 300 ਯੂਨਿਟ ਮੁਫ਼ਤ ਬਿਜਲੀ ਨੇ ਪੰਜਾਬ 'ਤੇ ਵੀਹ ਹਜ਼ਾਰ ਕਰੋੜ ਦਾ ਵਿੱਤੀ ਬੋਝ ਪਾਇਆ ਹੈ। ਖੇਤੀਬਾੜੀ ਲਈ ਤਾਂ ਪਹਿਲਾਂ ਹੀ ਮੁਫ਼ਤ ਬਿਜਲੀ ਦੀ ਪ੍ਰੰਪਰਾ ਕਾਇਮ ਹੈ। ਇਕ ਸਰਵੇਖਣ ਅਨੁਸਾਰ ਇਸ ਦੇ ਲਾਭ-ਪਾਤਰੀ ਛੋਟੇ ਕਿਸਾਨ ਨਹੀਂ ਬਲਕਿ ਵੱਡੀ ਭੌਂਅ ਦੇ ਮਾਲਕ ਹਨ।

ਪੰਜਾਬ ਦੇ ਪਾਣੀਆਂ 'ਚ ਯੂਰੇਨੀਅਮ ਅਤੇ ਭਾਰੀ ਧਾਤਾਂ ਦਾ ਮੁੱਦਾ ਸੱਭ ਤੋਂ ਪਹਿਲਾਂ ਪ੍ਰਤਾਪ ਸਿੰਘ ਬਾਜਵਾ (ਕਾਂਗਰਸ ਮੈਂਬਰ ਰਾਜ ਸਭਾ) ਨੇ 2017 ਵਿਚ ਪੇਸ਼ ਕੀਤਾ ਸੀ। ਉਸ ਵੇਲੇ ਦੀ ਜਲ ਸ਼ਕਤੀ ਰਾਜ ਮੰਤਰੀ ਉਮਾ ਭਾਰਤੀ ਨੇ ਇਸ ਦਾ ਢੁਕਵਾਂ ਜਵਾਬ ਦਿਤਾ ਸੀ। ਮੇਰੇ ਕੋਲ ਉਸ ਸਵਾਲ-ਜਵਾਬ ਦੀ ਪਾਰਲੀਮੈਂਟ ਲਾਇਬ੍ਰੇਰੀ ਤੋਂ ਪ੍ਰਾਪਤ ਨਕਲ ਹੈ। ਇਸ ਜਵਾਬ ਦਾ ਆਧਾਰ ਕੇਂਦਰੀ ਜਲ ਬੋਰਡ ਦੇ ਅੰਕੜੇ ਨਹੀਂ ਹਨ, ਜਿਵੇਂ ਹੁਣ ਹੋ ਰਿਹਾ ਹੈ ਬਲਕਿ ਪੰਜਾਬ ਸਰਕਾਰ ਦੇ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਮੋਹਾਲੀ ਦੀ ਪ੍ਰਯੋਗਸ਼ਾਲਾ ਤੋਂ ਪ੍ਰਾਪਤ ਅੰਕੜੇ ਹਨ। ਇਥੇ ਦਸਣਯੋਗ ਹੈ ਕਿ ਕੇਂਦਰੀ ਜਲ ਬੋਰਡ ਦੇ ਅੰਕੜੇ ਮੇਰੀ ਖੋਜ ਨੇ ਝੁਠਲਾਏ ਹਨ। ਕੇਂਦਰੀ ਜਲ ਬੋਰਡ ਕੇਵਲ 924 ਸੈਂਪਲ ਟੈਸਟ ਕਰਦਾ ਹੈ ਜਦਕਿ ਪੰਜਾਬ ਸਰਕਾਰ ਦੀ ਪ੍ਰਯੋਗਸ਼ਾਲਾ 'ਚ ਸਾਰੇ ਪੰਜਾਬ ਦੇ ਪਿੰਡਾਂ ਦਾ ਪਾਣੀ ਪਰਖਿਆ ਜਾ ਚੁਕਾ ਹੈ।

2009 ਤੋਂ 2016 ਦੇ ਵਰ੍ਹਿਆਂ ਦੌਰਾਨ ਪੰਜਾਬ ਸਰਕਾਰ ਵਿਸ਼ਵ ਬੈਂਕ (World Bank) ਦੇ ਪ੍ਰਾਜੈਕਟ ਅਧੀਨ ਪਾਣੀ ਦੀ ਕੁਆਲਿਟੀ ਟੈਸਟ ਕਰਨ ਲੱਗੀ। ਇਹ ਪ੍ਰਾਜੈਕਟ ਅਜੇ ਵੀ ਚੱਲ ਰਿਹਾ ਹੈ। 2016 ਤੋਂ ਲੈ ਕੇ 2024 ਤਕ ਮੇਰੇ ਦੋ ਦਰਜਨ ਤੋਂ ਵਧੀਕ ਖੋਜ ਪੱਤਰ ਛਪ ਚੁਕੇ ਹਨ। ਯੂਰੇਨੀਅਮ ਤੋਂ ਲੈ ਕੇ ਹਰ ਕਿਸਮ ਦੇ ਤੱਤ ਦੀ ਮਾਤਰਾ ਧਰਤੀ ਹੇਠਲੇ ਪਾਣੀ 'ਚ ਨਿਰਧਾਰਤ ਕੀਤੀ ਗਈ ਹੈ। ਸਾਡੀ ਖੋਜ ਅੰਤਰਰਾਸ਼ਟਰੀ ਅਦਾਰਿਆਂ 'ਚ ਪ੍ਰਵਾਨ ਚੜ੍ਹੀ ਹੈ। ਪਿਛਲੇ ਵੀਹ ਸਾਲਾਂ 'ਚ ਸਾਢੇ ਪੰਜ ਲੱਖ ਖੋਜੀਆਂ ਨੇ 150 ਦੇਸ਼ਾਂ 'ਚ ਇਸ ਦਾ ਅਧਿਐਨ ਕੀਤਾ ਹੈ। ਭਾਰਤ 'ਚ ਇਹ ਮਾਣ ਹੋਰ ਕਿਸੇ ਵਿਰਲੇ ਵਿਗਿਆਨੀਆਂ ਨੂੰ ਮਿਲਿਆ ਹੋਵੇ ਤਾਂ ਕੁੱਝ ਕਹਿ ਨਹੀਂ ਸਕਦਾ ਪ੍ਰੰਤੂ ਪੰਜਾਬ 'ਚ ਇਹ ਪ੍ਰਾਪਤੀ ਅਨਮੋਲ ਹੈ।

ਬੜੇ ਅਫ਼ਸੋਸ ਦੀ ਗੱਲ ਹੈ ਕਿ ਪੰਜਾਬ ਦਾ ਵਾਟਰ ਸਪਲਾਈ ਮਹਿਕਮਾ ਅਪਣੇ ਅੰਕੜੇ ਸਾਂਝੇ ਕਰਨ ਤੋਂ ਕੰਨੀ ਕਤਰਾਉਂਦਾ ਹੈ। ਕਿਸੇ ਐਨਜੀਓ ਨੇ ਪੰਜਾਬ-ਹਰਿਆਣਾ ਹਾਈ ਕੋਰਟ 'ਚ ਪੰਜਾਬ ਸਰਕਾਰ ਵਿਰੁਧ ਕੇਸ ਦਰਜ ਕਰਵਾ ਰਖਿਆ ਹੈ ਕਿ ਕੈਂਸਰ ਦੀ ਰੋਕਥਾਮ ਲਈ ਉਪਰਾਲੇ ਕੀਤੇ ਜਾਣ। ਉਸ ਕੇਸ 'ਚ ਮੇਰੀ ਖੋਜ ਦੇ ਸਿੱਟਿਆਂ ਦਾ ਹਵਾਲਾ ਦਿਤਾ ਗਿਆ ਹੈ। ਉਂਜ ਵਿਸ਼ਵ ਬੈਂਕ ਦੇ ਪ੍ਰਾਜੈਕਟ ਦੀ ਸ਼ਰਤ ਅਨੁਸਾਰ ਪਾਣੀ ਦੇ ਅੰਕੜੇ ਸਭ ਦੀ ਜਾਣਕਾਰੀ ਲਈ ਹਨ ਅਰਥਾਤ ਪਬਲਿਕ ਦੀ ਵਰਤੋਂ ਲਈ। ਵਿਸਥਾਰ 'ਚ ਜਾਣ ਤੋਂ ਸੰਕੋਚ ਕਰਦਾ ਹੋਇਆ ਅਪਣੀ ਖੋਜ ਬਾਰੇ ਸੰਖੇਪ ਜਾਣਕਾਰੀ ਪੇਸ਼ ਕਰ ਰਿਹਾ ਹਾਂ :

(1) ਮਾਝੇ ਦੇ ਜ਼ਿਲ੍ਹਿਆਂ (ਅੰਮ੍ਰਿਤਸਰ, ਗੁਰਦਾਸਪੁਰ, ਤਰਨਤਾਰਨ) ਵਿਚ ਆਰਸੈਨਿਕ ਦੇ ਤੱਤ ਦੀ ਮਾਤਰਾ ਖ਼ਤਰਨਾਕ ਹੱਦ ਤਕ ਪਾਣੀ ਨੂੰ ਪ੍ਰਦੂਸ਼ਤ ਕਰ ਚੁਕੀ ਹੈ। ਆਰਸੈਨਿਕ ਬਹੁਤ ਹੀ ਜ਼ਹਿਰੀਲਾ ਤੱਤ ਹੈ ਜਿਸ ਨੂੰ ਆਮ ਭਾਸ਼ਾ 'ਚ 'ਸੰਖੀਆ' ਕਿਹਾ ਜਾਂਦਾ ਹੈ।

(2) ਦੋਆਬੇ ਦੇ ਜ਼ਿਲ੍ਹਿਆਂ (ਜਲੰਧਰ, ਕਪੂਰਥਲਾ ਅਤੇ ਹੁਸ਼ਿਆਰਪੁਰ) ਵਿਚ ਸੇਲੇਨੀਅਮ ਤੱਤ ਦੀ ਪਾਣੀ ਵਿਚ ਬਹੁਤਾਤ ਹੈ। ਹੁਸ਼ਿਆਰਪੁਰ ਜ਼ਿਲ੍ਹੇ ਵਿਚ ਕਰੋਮੀਅਮ ਤੱਤ ਦੀ ਵਧੇਰੇ ਮਾਤਰਾ ਪਾਣੀ ਨੂੰ ਪ੍ਰਦੂਸ਼ਤ ਕਰ ਰਹੀ ਹੈ।

(3) ਮਾਲਵੇ ਦੇ ਜ਼ਿਲ੍ਹਿਆਂ (ਮਾਨਸਾ, ਬਠਿੰਡਾ, ਮੋਗਾ, ਬਰਨਾਲਾ, ਫ਼ਿਰੋਜ਼ਪੁਰ, ਫ਼ਾਜ਼ਿਲਕਾ, ਸੰਗਰੂਰ ਅਤੇ ਪਟਿਆਲਾ) ਵਿਚ ਯੂਰੇਨੀਅਮ ਦੀ ਮਾਤਰਾ ਪਾਣੀ ਨੂੰ ਪ੍ਰਦੂਸ਼ਤ ਕਰ ਰਹੀ ਹੈ। ਇਸ ਦੀ ਵਿਗਿਆਨਕ ਪੜਚੋਲ ਅਸੀ ਅਪਣੀ ਖੋਜ 'ਚ ਕਰ ਚੁੱਕੇ ਹਾਂ। ਮੋਟੇ ਤੌਰ 'ਤੇ ਖਾਰੀ ਮਿੱਟੀ ਯੂਰੇਨੀਅਮ ਨੂੰ ਪਾਣੀ 'ਚ ਪ੍ਰਫੁੱਲਤ ਹੋਣ ਵਿਚ ਸਹਾਈ ਹੁੰਦੀ ਹੈ।

(4) ਪਟਿਆਲਾ ਜ਼ਿਲ੍ਹੇ ਨੂੰ ਮੇਰੀ ਖੋਜ ਨੇ 'ਹੌਟ ਸਪੌਟ' ਕੈਟਾਗਰੀ 'ਚ ਰਖਿਆ ਹੈ। ਇਸ ਦੀ ਧਰਤੀ ਹੇਠਲੇ ਪਾਣੀ 'ਚ ਯੂਰੇਨੀਅਮ ਤੋਂ ਇਲਾਵਾ ਫਲੁਰਾਈਨ ਨਾਈਟਰੇਟ ਸਲਫੇਟ ਕੈਡਮੀਅਮ ਅਤੇ ਨਿਕਲ ਦੀ ਮਾਤਰਾ ਸੇਫ਼ਟੀ ਸੀਮਾ ਤੋਂ ਕਈ ਗੁਣਾ ਵੱਧ ਪਾਈ ਗਈ ਹੈ। ਪੰਜਾਬ ਦੇ ਬਾਕੀ ਸੱਭ ਜ਼ਿਲ੍ਹਿਆਂ ਤੋਂ ਪਟਿਆਲੇ ਦਾ ਪਾਣੀ ਵਧੇਰੇ ਪ੍ਰਦੂਸ਼ਤ ਪਾਇਆ ਗਿਆ ਹੈ।

(5) ਜਲੰਧਰ ਜ਼ਿਲ੍ਹੇ ਦੇ ਪਾਣੀ ਵਿਚ ਸਿੱਕੇ ਦੀ ਮਾਤਰਾ ਸੇਫ਼ਟੀ ਲਿਮਿਟ ਤੋਂ ਵਧੇਰੇ ਮਿਲਦੀ ਹੈ। ਵੈਸੇ ਸਿੱਕੇ ਦੀ ਮਾਤਰਾ ਪੰਜਾਬ ਦੇ 710 ਪਿੰਡਾਂ 'ਚ ਖ਼ਤਰਨਾਕ ਹੱਦ ਤਕ ਪਹੁੰਚ ਗਈ ਹੈ।

(6) ਪਾਰੇ (ਇਰਚੁਰੇ) ਦੀ ਜ਼ਿਆਦਾ ਮਾਤਰਾ ਫ਼ਿਰੋਜ਼ਪੁਰ ਅਤੇ ਫ਼ਾਜ਼ਿਲਕਾ ਜ਼ਿਲ੍ਹਿਆਂ ਦੇ ਪਾਣੀ 'ਚ ਮਿਲਦੀ ਹੈ।

(7) ਸਾਡੀ ਖੋਜ ਦੇ ਸਿੱਟੇ ਸਿੱਧ ਕਰਦੇ ਹਨ ਕਿ ਪੰਜਾਬ ਦੀ ਧਰਤੀ ਹੇਠਲੇ ਪਾਣੀ 'ਚ ਜ਼ਹਿਰੀਲੇ ਰਸਾਇਣਕ ਤੱਤਾਂ ਦੀ ਮਾਤਰਾ ਭਾਰਤ ਦੇ ਬਾਕੀ ਸੂਬਿਆਂ ਦੇ ਪਾਣੀਆਂ ਨਾਲੋਂ ਕਿਤੇ ਵਧੇਰੇ ਹੈ। ਬੰਗਲਾ ਅਤੇ ਅਸਾਮ 'ਚ ਆਰਸੈਨਿਕ ਸੱਭ ਤੋਂ ਪਹਿਲਾਂ ਲੱਭੀ ਗਈ ਸੀ ਪ੍ਰੰਤੂ ਮਾਝੇ ਦੇ ਜ਼ਿਲ੍ਹਿਆਂ 'ਚ ਇਹ ਸਾਰੇ ਹੱਦਾਂ ਬੰਨ੍ਹੇ ਪਾਰ ਕਰ ਗਈ ਹੈ।

(8) ਪੰਜਾਬ ਸਰਕਾਰ ਨੇ ਅਕਾਲੀ ਰਾਜ ਵੇਲੇ ਕੇਂਦਰੀ ਸਰਕਾਰ ਦੀ ਮਦਦ ਨਾਲ ਮਾਲਵੇ ਦੇ ਪਿੰਡਾਂ 'ਚ ਆਰ.ਓ. ਪਲਾਂਟ ਪਾਣੀ ਦੀ ਸ਼ੁਧਤਾ ਲਈ ਲਗਾਏ ਸਨ ਪਰ ਲੋਕੀ ਮੁਫ਼ਤਖ਼ੋਰੇ ਹੋਣ ਕਰ ਕੇ ਇਹ ਪਲਾਂਟ ਨਕਾਰਾ ਹੋ ਗਏ ਹਨ।

ਮਾਝੇ ਦੇ ਪਿੰਡਾਂ 'ਚ ਆਰਸੈਨਿਕ ਤੋਂ ਖਹਿੜਾ ਛੁਡਾਉਣ ਲਈ ਨਹਿਰੀ ਪਾਣੀ ਦੀ ਵਰਤੋਂ ਹੋ ਰਹੀ ਹੈ। ਆਇਨ ਐਕਸਚੇਂਜ ਪਲਾਂਟ ਵੀ ਕੰਮ ਕਰ ਰਹੇ ਹਨ ਜਿਵੇਂ ਫ਼ੋਟੋ 'ਚ ਵਿਖਾਇਆ ਗਿਆ ਹੈ।

(9) ਦੂਸ਼ਿਤ ਪਾਣੀ ਦੇ ਮਸਲੇ ਦੇ ਹੱਲ ਲਈ ਸੱਭ ਤੋਂ ਸੌਖਾ ਤਰੀਕਾ ਨਹਿਰੀ ਪਾਣੀ ਦੀ ਵਰਤੋਂ ਹੈ। ਦੂਜਾ ਝੋਨੇ ਦੀ ਬਿਜਾਈ 'ਤੇ ਪਾਬੰਦੀ ਅਤੇ ਤੀਜਾ ਨਹਿਰੀ ਪਾਣੀ ਦੀ ਸਿੰਚਾਈ ਲਈ ਵਰਤੋ। ਮੁੱਖ ਮੰਤਰੀ ਭਗਵੰਤ ਮਾਨ ਮਾਲਵਾ ਨਹਿਰ ਦਾ ਉਦਘਾਟਨ ਕਰ ਚੁਕੇ ਹਨ ਜੋ ਇਕ ਸ਼ਲਾਘਾਯੋਗ ਕਦਮ ਹੈ।

ਪ੍ਰਦੂਸ਼ਤ ਪਾਣੀ ਦੇ ਖ਼ਤਰਿਆਂ ਤੋਂ ਸਾਵਧਾਨ ਕਰਨ ਲਈ ਅਗਲੇ ਕਿਸੇ ਲੇਖ 'ਚ ਜ਼ਿਕਰ ਕੀਤਾ ਜਾਵੇਗਾ। -0-



# ਨੰਨੇ ਦਾਸ

## ਗਰਮੀਆਂ ਵਿਚ ਘੁਟਣ ਕਿਉਂ ਹੁੰਦੀ ਹੈ?

**-ਕਰਨੈਲ ਸਿੰਘ ਰਾਮਗੜ੍ਹ 79864-99563**

ਬੱਚਿਓ! ਮਨੁੱਖ ਦੇ ਸਰੀਰ ਦਾ ਤਾਪਮਾਨ 37.50 ਸੈਲਸੀਅਸ ਹੁੰਦਾ ਹੈ। ਜਦੋਂ ਗਰਮੀਆਂ ਵਿੱਚ ਤਾਪਮਾਨ ਵਧ ਜਾਂਦਾ ਹੈ ਤਾਂ ਦਿਮਾਗ਼ ਦਾ ਤਾਪਮਾਨ ਕੰਟਰੋਲ ਕੇਂਦਰ ਚਮੜੀ ਦੀਆਂ ਪਸੀਨਾਂ ਗ੍ਰੰਥੀਆਂ ਨੂੰ ਪਸੀਨਾ ਪੈਦਾ ਕਰਨ ਲਈ ਸੁਨੇਹਾ ਭੇਜਦਾ ਹੈ ਤੇ ਉਹ ਪਸੀਨਾ ਪੈਦਾ ਕਰਦੀਆਂ ਹਨ। ਚਮੜੀ ’ਤੇ ਪਸੀਨੇ ਦਾ ਵਾਸ਼ਪੀਕਰਨ ਹੁੰਦਾ ਹੈ, ਜਿਸ ਕਾਰਨ ਸਰੀਰ ਦਾ ਤਾਪਮਾਨ ਸਥਿਰ ਰਹਿੰਦਾ ਹੈ।

ਗਰਮੀਆਂ ਵਿੱਚ ਹਵਾ ਵਿੱਚ ਨਮੀ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ। ਜੇ ਤਰੇਲ ਬਿੰਦੂ ਤਾਪਮਾਨ 160 ਸੈਲਸੀਅਸ ਹੈ ਤਾਂ ਮਨੁੱਖ ਚੰਗਾ ਅਨੁਭਵ ਕਰਦਾ ਹੈ। ਜੇ ਤਰੇਲ ਬਿੰਦੂ ਤਾਪਮਾਨ ਉੱਚਾ ਹੈ, ਯਾਨੀ 400 ਸੈਲਸੀਅਸ ਜਾਂ ਇਸਤੋਂ ਵਧ ਜਾਵੇ ਅਤੇ ਤਰੇਲ ਬਿੰਦੂ ਤਾਪਮਾਨ ਲਗਪਗ 210 ਸੈਲਸੀਅਸ ਅਤੇ ਹਵਾ ਵਿੱਚ ਨਮੀ ਦੀ ਮਾਤਰਾ 44 ਤੋਂ 52 ਫ਼ੀਸਦੀ ਹੋ ਜਾਵੇ ਤਾਂ ਮਨੁੱਖ ਘੁਟਨ ਮਹਿਸੂਸ ਕਰਦਾ ਹੈ। ਹਵਾ ਵਿੱਚ ਨਮੀ ਦੀ ਮਾਤਰਾ ਜ਼ਿਆਦਾ ਹੋਣ ਕਾਰਨ ਦਿਮਾਗ਼ ਦਾ ਤਾਪਮਾਨ ਕੰਟਰੋਲ ਕੇਂਦਰ ਘੱਟ ਕੰਮ ਕਰਨ ਲੱਗਦਾ ਹੈ। ਪਸੀਨੇ ਦਾ ਵਾਸ਼ਪੀਕਰਨ ਘੱਟ ਹੁੰਦਾ ਹੈ ਕਿਉਂਕਿ ਹਵਾ ਪਾਣੀ ਦੇ ਵਾਸ਼ਪਾਂ ਨੂੰ ਆਪਣੇ ਅੰਦਰ ਜਮ੍ਹਾਂ ਨਹੀਂ ਕਰ ਸਕਦੀ ਜਿਸ ਕਰਕੇ ਪਸੀਨੇ ਦਾ ਵਾਸ਼ਪੀਕਰਨ ਨਹੀਂ ਹੁੰਦਾ। ਚਮੜੀ ਦਾ ਤਾਪਮਾਨ ਵਧ ਜਾਂਦਾ ਹੈ। ਇਸ ਨਾਲ ਘੁਟਨ ਮਹਿਸੂਸ ਹੁੰਦੀ ਹੈ।

## ਮਨੁੱਖੀ ਦਿਮਾਗ਼ ਦਾ ਵਿਕਾਸ ਕਿਵੇਂ ਹੁੰਦਾ ਹੈ?

ਬੱਚਿਓ! ਪੁਲੀਸ ਜਾਂ ਫ਼ੌਜ ਵੱਲੋਂ ਲੋਕਾਂ ਦੀ ਭੀੜ ਨੂੰ ਖਿੰਡਾਉਣ ਲਈ ਅੱਥਰੂ ਗੈਸ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਭੀੜ ਨੂੰ ਖਿੰਡਾਉਣ ਦੀ ਸਭ ਤੋਂ ਵਧੀਆ ਵਿਧੀ ਹੈ। ਲੋਕਾਂ ’ਤੇ ਲਾਠੀਚਾਰਜ ਕਰਨ ਦੀ ਲੋੜ ਨਹੀਂ ਪੈਂਦੀ।

ਭੀੜ ਨੂੰ ਹਟਾਉਣ ਲਈ ਪੁਲੀਸ ਇੱਕ ਪ੍ਰਕਾਰ ਦੇ ਹੱਥ ਗੋਲੇ ਦੀ ਵਰਤੋਂ ਕਰਦੀ ਹੈ। ਹੱਥ ਗੋਲੇ ਵਿੱਚ ਰਸਾਇਣਿਕ ਪਦਾਰਥ ਭਰੇ ਹੁੰਦੇ ਹਨ। ਇਹ ਪਦਾਰਥ ਹੱਥ ਗੋਲੇ ਦੇ ਫਟਣ ’ਤੇ ਗਰਮੀ ਨਾਲ ਵਾਸ਼ਪਾਂ ਜਾਂ ਗੈਸਾਂ ਵਿੱਚ ਬਦਲ ਜਾਂਦੇ ਹਨ। ਇਸ ਗੈਸ ਨਾਲ ਅੱਖਾਂ ਵਿੱਚ ਜਲਣ ਪੈਦਾ ਹੁੰਦੀ ਹੈ ਜਿਸ ਕਾਰਨ ਅੱਥਰੂ ਗ੍ਰੰਥੀਆਂ ਜ਼ਿਆਦਾ ਉਤੇਜਿਤ ਹੋ ਜਾਂਦੀਆਂ ਹਨ। ਇਸ ਕਰਕੇ ਅੱਥਰੂ ਗ੍ਰੰਥੀਆਂ ਜ਼ਿਆਦਾ ਅੱਥਰੂ ਪੈਦਾ ਕਰਦੀਆਂ ਹਨ। ਅੱਖਾਂ ਤੋਂ ਅੱਥਰੂ ਵਹਿਣ ਲੱਗ ਜਾਂਦੇ ਹਨ, ਜਿਸ ਕਰਕੇ ਇਸ ਗੈਸ ਨੂੰ ਅੱਥਰੂ ਗੈਸ ਕਹਿੰਦੇ ਹਨ।



ਅੱਥਰੂ ਗੈਸ ਦੇ ਹੱਥ ਗੋਲੇ ਵਿੱਚ ਆਮ ਤੌਰ ’ਤੇ ਕਲੋਰੋਬੇਨਜ਼ਲਡੇਨ ਮੈਲੇਨੋਨਿਟਰਿਅਲ ਨਾਂ ਦੇ ਰਸਾਇਣ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਗੈਸ ਨਾਲ ਸਰੀਰ ’ਤੇ ਹੋਰ ਪ੍ਰਭਾਵ ਵੀ ਪੈਂਦੇ ਹਨ। ਚਮੜੀ ’ਤੇ ਖੁਜਲੀ ਹੋਣ ਲੱਗਦੀ ਹੈ। ਨੱਕ ਤੋਂ ਪਾਣੀ ਵਹਿਣ ਲੱਗ ਜਾਂਦਾ ਹੈ। ਗਲੇ ਵਿੱਚ ਜਲਣ ਹੋਣ ਲੱਗਦੀ ਹੈ। ਛਿੱਕਾਂ ਆਉਣ ਲੱਗ ਜਾਂਦੀਆਂ ਹਨ।

## ਬਾਲ ਕਹਾਣੀ ਕੋਸ਼ਿਸ਼

**-ਵਿਪਨ ਜਲਾਲਾਬਾਦੀ**
**ਸੰਪਰਕ: 97794-78900**

ਹਰਮੀਤ ਪੰਜਵੀਂ ਜਮਾਤ ਦੀ ਵਿਦਿਆਰਥਣ ਸੀ। ਪੜ੍ਹਾਈ ਪੱਖੋਂ ਉਹ ਕਾਫ਼ੀ ਵਧੀਆ ਸੀ। ਹਰਮੀਤ ਦੇ ਮਾਤਾ-ਪਿਤਾ ਬਹੁਤ ਗ਼ਰੀਬ ਸਨ। ਕਈ ਵਾਰੀ ਤਾਂ ਉਨ੍ਹਾਂ ਨੂੰ ਇੱਕ ਡੰਗ ਦੀ ਰੋਟੀ ਵੀ ਮੁਸ਼ਕਿਲ ਨਾਲ ਖਾਣ ਨੂੰ ਮਿਲਦੀ। ਘਰ ਦਾ ਗੁਜ਼ਾਰਾ ਬੜਾ ਔਖਾ ਚੱਲਦਾ ਸੀ। ਇਸ ਕਰਕੇ ਹਰਮੀਤ ਨੇ ਆਪਣੇ ਪਿਤਾ ਨੂੰ ਕਦੇ ਵੀ ਕਾਪੀਆਂ ਜਾਂ ਪੈੱਨ-ਪੈਨਸਿਲਾਂ ਲਿਆਉਣ ਬਾਰੇ ਨਹੀਂ ਕਿਹਾ ਸੀ। ਇਸ ਕਰਕੇ ਉਸ ਕੋਲ ਕਦੇ ਕਾਪੀ ਨਹੀਂ ਹੁੰਦੀ ਸੀ ਅਤੇ ਕਦੇ ਪੈੱਨ ਜਾਂ ਪੈਨਸਿਲ। ਜਮਾਤ ਵਿੱਚ ਸਾਰੇ ਬੱਚੇ ਕੰਮ ਕਰ ਰਹੇ ਹੁੰਦੇ ਤਾਂ ਉਹ ਬਿਨਾਂ ਕਾਪੀ ਤੋਂ ਜਮਾਤ ਵਿੱਚ ਬੈਠੀ ਹੁੰਦੀ। ਇਸ ਕਾਰਨ ਉਹ ਬਹੁਤ ਦੁਖੀ ਹੁੰਦੀ। ਦੁਖੀ ਹੋ ਕੇ ਉਹ ਕਈ-ਕਈ ਦਿਨ ਸਕੂਲ ਵੀ ਨਾ ਆਉਂਦੀ। ਇੱਕ ਦਿਨ ਉਸਨੇ ਆਪਣੀ ਮੰਮੀ ਨੂੰ ਕਿਹਾ, ‘ਮੰਮੀ ਜੀ! ਮੇਰੇ ਕੋਲ ਕਦੇ ਕਾਪੀ ਨਹੀਂ ਹੁੰਦੀ ਅਤੇ ਕਦੇ ਪੈੱਨ। ਮੈਂ ਜਮਾਤ ਵਿੱਚ ਬਿਨਾਂ ਕੰਮ ਕੀਤੇ ਹੀ ਬੈਠੀ ਰਹਿੰਦੀ ਹਾਂ ਜਦੋਂਕਿ ਬਾਕੀ ਸਾਰੇ ਬੱਚੇ ਕੰਮ ਕਰ ਰਹੇ ਹੁੰਦੇ ਹਨ, ਮੈਨੂੰ ਬੜੀ ਸ਼ਰਮ ਆਉਂਦੀ ਏ।’ ਉਸਦੇ ਮਾਤਾ ਜੀ ਵੀ ਇਸ ਗੱਲ ਤੋਂ ਦੁਖੀ ਹੋਏ, ਪਰ ਉਨ੍ਹਾਂ ਨੇ ਆਪਣੀ ਮਜਬੂਰੀ ਦੱਸਦੇ ਹੋਏ ਕਿਹਾ, ‘ਵੇਖ ਬੇਟਾ, ਆਪਣੇ ਕੋਲ ਤਾਂ ਰੋਟੀ ਜੋਗੇ ਪੈਸੇ ਮਸਾਂ ਬਣਦੇ ਹਨ, ਤੇਰੇ ਸਕੂਲ ਦੇ ਖ਼ਰਚੇ ਜੋਗੇ ਪੈਸੇ ਕਿੱਥੋਂ ਦਈਏ। ਛੱਡ ਦੇ ਸਕੂਲ ਜਾਣਾ, ਆਪਾਂ ਕਿਹੜਾ ਨੌਕਰੀਆਂ ਕਰਨੀਆਂ ਨੇ, ਆਪਾਂ ਨੂੰ ਤਾਂ ਸਾਰੀ ਉਮਰ ਮਿਹਨਤ-ਮਜ਼ਦੂਰੀ ਹੀ ਕਰਨੀ ਪੈਣੀ ਆ।’ ਆਪਣੀ ਮੰਮੀ ਦੀ ਗੱਲ ਸੁਣਦਿਆਂ ਹੀ ਸਕੂਲ ਛੱਡਣ ਦੀ ਗੱਲ ਉਸਦੇ ਮਨ ਵਿੱਚ ਘਰ ਕਰ ਗਈ।

## ਛੁੱਟੀਆਂ ਮੁੱਕੀਆਂ ਵਰਖਾ ਆਈ

**-ਜੋਧ ਸਿੰਘ ਮੋਗਾ**

ਛੁੱਟੀਆਂ ਮੁੱਕੀਆਂ, ਆਈ ਜੁਲਾਈ,
ਵਰਖਾ ਬੀਬੀ ਨਾਲ ਲਿਆਈ।
ਅਰਬ ਸਾਗਰ ’ਚੋਂ ਪੌਣਾਂ ਆਉਣ,
ਪਾਣੀ ਭਰੀਆਂ, ਮੀਂਹ ਬਰਸਾਉਣ।
ਪੱਛਮੀ ਤਟ, ਕਰ ਵਰਖਾ ਭਾਰੀ,
ਫੇਰ ਆਊਗੀ ਸਾਡੀ ਵਾਰੀ।
ਇਸ ਸਾਲ ਮੀਂਹ ਬਹੁਤਾ ਪੈਣਾਂ,
ਕੋਈ ਖੇਤ ਸੁੱਕਾ ਨਹੀਂ ਰਹਿਣਾ।
ਆਪਾਂ ਵੀ ਮੀਂਹ ਵਿੱਚ ਨਾਵਾਂਗੇ,
ਪਾਣੀ ਵਿੱਚ ਭੱਜ ਭੱਜ ਗਾਵਾਂਗੇ।
“ਕਾਲੀਆਂ ਇੱਟਾਂ ਕਾਲੇ ਰੋੜ,
ਮੀਂਹ ਵਰ੍ਹਾ ਦੇ ਜ਼ੋਰੋ ਜ਼ੋਰ,
ਰੱਬਾ ਰੱਬਾ ਮੀਂਹ ਵਰਸਾ,
ਸਾਡੀ ਕੋਠੀ ਦਾਣੇ ਪਾ,
ਖੱਖੜੀਆਂ ਖਰਬੂਜ਼ੇ ਲਾ।”
ਬਰਗਰ, ਪੀਜ਼ਾ ਛੱਡ ਕੇ ਕੁਝ ਦਿਨ,
ਖੀਰਾਂ ਪੂੜੇ ਖਾਵਾਂਗੇ।
ਗੁਲਮੋਹਰ ’ਤੇ ਪੀਂਘ ਪਾਈ ਹੈ
ਮੀਂਹ ਵਿੱਚ ਰੋਜ਼ ਚੜ੍ਹਾਵਾਂਗੇ।
ਛੁੱਟੀਆਂ ਦਾ ਕੰਮ ਵਧੀਆ ਕੀਤਾ,
ਰੰਗ ਬਰੰਗੀ ਛਤਰੀ ਲੈ ਕੇ,
ਖ਼ੁਸ਼ ਖ਼ੁਸ਼ ਸਕੂਲੇ ਜਾਵਾਂਗੇ।

ਸਾਲਾਨਾ ਇਮਤਿਹਾਨ ਨੇੜੇ ਹੋਣ ਕਾਰਨ ਵਿੱਦਿਅਕ ਮੁਕਾਬਲੇ ਸ਼ੁਰੂ ਹੋ ਗਏ ਸਨ ਤਾਂ ਜੋ ਬੱਚੇ ਆਪਣੇ ਕੀਤੇ ਕੰਮ ਦੀ ਦੁਹਰਾਈ ਕਰ ਸਕਣ। ਪਹਿਲੇ ਦਿਨ ਸੁੰਦਰ ਲਿਖਾਈ ਦਾ ਮੁਕਾਬਲਾ ਸੀ ਜਿਸ ਵਿੱਚ ਜਮਾਤ ਦੇ ਹਰ ਬੱਚੇ ਦਾ ਭਾਗ ਲੈਣਾ ਜ਼ਰੂਰੀ ਸੀ, ਪਰ ਹਰਮੀਤ ਉਸ ਵਿੱਚ ਹਿੱਸਾ ਨਹੀਂ ਲੈ ਰਹੀ ਸੀ। ਆਪਣੇ ਅਧਿਆਪਕ ਦੇ ਵਾਰ-ਵਾਰ ਪੁੱਛਣ 'ਤੇ ਉਸਨੇ ਆਪਣੇ ਅਧਿਆਪਕ ਨੂੰ ਆਪਣੀ ਮੰਮੀ ਵੱਲੋਂ ਕਹੀ ਗੱਲ ਦੱਸੀ ਅਤੇ ਸਕੂਲ ਛੱਡਣ ਬਾਰੇ ਵੀ ਦੱਸਿਆ। ਅਧਿਆਪਕ ਨੇ ਕੁਝ ਚਿੰਤਾ ਜ਼ਾਹਿਰ ਕੀਤੀ, ਪਰ ਬਿਨਾਂ ਕੁਝ ਬੋਲੇ ਉਸਨੂੰ ਇੱਕ ਕਾਗਜ਼-ਪੈੱਨ ਦਿੱਤਾ ਅਤੇ ਮੁਕਾਬਲੇ ਵਿੱਚ ਭਾਗ ਲੈਣ ਲਈ ਕਿਹਾ। ਕਾਗਜ਼-ਪੈੱਨ ਲੈ ਕੇ ਹਰਮੀਤ ਬੈਠ ਗਈ ਅਤੇ ਸੁੰਦਰ-ਸੁੰਦਰ ਲਿਖਣ ਲੱਗੀ। ਜਦੋਂ ਮੁਕਾਬਲੇ ਦਾ ਨਤੀਜਾ ਐਲਾਨਿਆ ਗਿਆ ਤਾਂ ਉਸ ਵਿੱਚੋਂ ਹਰਮੀਤ ਪਹਿਲੇ ਨੰਬਰ 'ਤੇ ਆਈ। ਉਸ ਦਿਨ ਉਸਨੂੰ ਇਨਾਮ ਵਜੋਂ ਇੱਕ ਪੈੱਨ ਅਤੇ ਇੱਕ ਪੈਨਸਿਲ ਮਿਲੀ। ਇਨਾਮ ਪ੍ਰਾਪਤ ਕਰਕੇ ਉਸਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਹੀਂ ਰਿਹਾ। ਇਸ ਤਰ੍ਹਾਂ ਉਹ ਲਗਾਤਾਰ ਮੁਕਾਬਲਿਆਂ ਵਿੱਚ ਭਾਗ ਲੈਂਦੀ ਗਈ ਅਤੇ ਇਨਾਮ ਪ੍ਰਾਪਤ ਕਰਦੀ ਗਈ। ਹੁਣ ਉਹ ਪੂਰੀ ਤਰ੍ਹਾਂ ਬਦਲ ਚੁੱਕੀ ਸੀ। ਸਕੂਲ ਛੱਡਣ ਦਾ ਖ਼ਿਆਲ ਉਸਨੇ ਆਪਣੇ ਦਿਲੋਂ ਕੱਢ ਦਿੱਤਾ ਸੀ। ਹੁਣ ਹਰਮੀਤ ਨੂੰ ਕੋਈ ਵੀ ਖਾਲੀ ਕਾਗਜ਼ ਜਾਂ ਪੈੱਨ-ਪੈਨਸਿਲ ਲੱਭਦਾ ਤਾਂ ਉਹ ਉਸ ਨੂੰ ਸਾਂਭ ਲੈਂਦੀ। ਉਹ ਇਨ੍ਹਾਂ ਉੱਪਰ ਹੀ ਸਕੂਲ ਦਾ ਕੰਮ ਅਤੇ ਦੁਹਰਾਈ ਕਰਦੀ।

ਉਸਦੇ ਅਧਿਆਪਕ ਵੀ ਖ਼ੁਸ਼ ਸਨ ਕਿ ਹਰਮੀਤ ਹੁਣ ਲਗਾਤਾਰ ਸਕੂਲ ਆ ਰਹੀ ਸੀ ਅਤੇ ਹੋਰ ਜ਼ਿਆਦਾ ਮਿਹਨਤ ਵੀ ਕਰ ਰਹੀ ਸੀ। ਉਸਦੇ ਅਧਿਆਪਕ ਸੋਚਦੇ ਕਿ ਜੇਕਰ ਇਸੇ ਤਰ੍ਹਾਂ ਇਹ ਲੜਕੀ ਹਿੰਮਤ ਨਾ ਹਾਰੇ ਤਾਂ ਉਹ ਬਹੁਤ ਅੱਗੇ ਤਕ ਪੜ੍ਹ ਸਕੇਗੀ। ਹਰਮੀਤ ਨੇ ਪੂਰੀ ਲਗਨ ਅਤੇ ਮਿਹਨਤ ਨਾਲ ਸਾਲਾਨਾ ਇਮਤਿਹਾਨ ਦਿੱਤੇ। ਉਸਦੇ ਸਾਰੇ ਪੇਪਰ ਬਹੁਤ ਵਧੀਆ ਹੋਏ ਅਤੇ ਉਹ ਚੰਗੇ ਅੰਕ ਲੈ ਕੇ ਪਾਸ ਹੋ ਗਈ। -0-

# ਡੱਡੂ ਭੋਜਨ ਨਿਗਲਣ ਸਮੇਂ ਅੱਖਾਂ ਕਿਉਂ ਬੰਦ ਕਰਦਾ ਹੈ?

**ਕਰਨੈਲ ਸਿੰਘ ਰਾਮਗੜ੍ਹ ਸੰਪਰਕ: 79864-99563**

ਬੱਚਿਓ! ਡੱਡੂ ਦੀਆਂ ਲਗਪਗ 500 ਕਿਸਮਾਂ ਹਨ। ਇਸਦੇ ਸਿਰ ਦੇ ਉੱਪਰ ਦੋ ਅੱਖਾਂ ਹੁੰਦੀਆਂ ਹਨ। ਅੱਖਾਂ ਸਿਰ ਦੇ ਉੱਪਰ ਹੋਣ ਕਾਰਨ ਇਹ ਇੱਕੋ ਸਮੇਂ ਅੱਗੇ, ਪਿੱਛੇ, ਪਾਸਿਆਂ ਵੱਲ ਅਤੇ ਉੱਪਰ ਵੱਲ ਦੇਖ ਸਕਦਾ ਹੈ। ਇਹ ਮਾਸਾਹਾਰੀ ਹੈ। ਇਹ ਕੀਟ, ਮੱਛਰ, ਮੱਖੀ ਅਤੇ ਕੀੜੇ ਆਦਿ ਖਾਂਦਾ ਹੈ।

ਡੱਡੂ ਦੇ ਮੂੰਹ ਵਿੱਚ ਦੰਦ ਨਹੀਂ ਹੁੰਦੇ, ਇਸ ਲਈ ਉਹ ਭੋਜਨ ਦੇ ਟੁਕੜੇ ਨਹੀਂ ਕਰ ਸਕਦਾ। ਇਸ ਦੀ ਜੀਭ ਮੂੰਹ ਦੇ ਅਗਲੇ ਪਾਸੇ ਨਾਲ ਜੁੜੀ ਹੁੰਦੀ ਹੈ। ਜਦੋਂਕਿ ਮਨੁੱਖ ਅਤੇ ਹੋਰ ਜੀਵਾਂ ਦੇ ਮੂੰਹ ਵਿੱਚ ਜੀਭ ਪਿਛਲੇ ਹਿੱਸੇ ਨਾਲ ਜੁੜੀ ਹੁੰਦੀ ਹੈ। ਇਹ ਆਪਣੀ ਜੀਭ ਨੂੰ ਬਾਹਰ ਕੱਢਕੇ ਕੀਟਾਂ ਨੂੰ ਫੜਦਾ ਹੈ ਅਤੇ ਮੂੰਹ ਅੰਦਰ ਲੈ ਜਾਂਦਾ ਹੈ। ਜਦੋਂ ਕੀਟ ਮੂੰਹ ਅੰਦਰ ਜਾਂਦਾ ਹੈ ਤਾਂ ਇਹ ਆਪਣੀਆਂ ਅੱਖਾਂ ਬੰਦ ਕਰ ਲੈਂਦਾ ਹੈ। ਡੱਡੂ ਦੇ ਉੱਪਰਲੇ ਜਬਾੜੇ ਵਿੱਚ ਅੱਖਾਂ ਹੇਠਾਂ ਹੱਡੀ ਨਹੀਂ ਹੁੰਦੀ। ਅੱਖਾਂ ਬੰਦ ਕਰਨ ਨਾਲ ਇਹ ਹੇਠਾਂ ਧਸ ਜਾਂਦੀਆਂ ਹਨ ਜੋ ਭੋਜਨ ਨੂੰ ਹੇਠਾਂ ਧੱਕ ਦਿੰਦੀਆਂ ਹਨ। ਭੋਜਨ ਆਸਾਨੀ ਨਾਲ ਮਿਹਦੇ ਵਿੱਚ ਚਲਾ ਜਾਂਦਾ ਹੈ। ਅੱਖਾਂ ਖੋਲ੍ਹਣ 'ਤੇ ਫਿਰ ਪਹਿਲੀ ਥਾਂ 'ਤੇ ਆ ਜਾਂਦੀਆਂ ਹਨ। ਡੱਡੂ ਹਰ ਵਾਰ ਭੋਜਨ ਨੂੰ ਅੰਦਰ ਨਿਗਲਣ ਲਈ ਅੱਖਾਂ ਬੰਦ ਕਰਦਾ ਹੈ।

-0-

# ਚਮਗਿੱਦੜ ਕਿਵੇਂ ਦੇਖਦੇ ਹਨ?

**ਕਰਨੈਲ ਸਿੰਘ ਰਾਮਗੜ੍ਹ ਸੰਪਰਕ: 79864-99563**

ਬੱਚਿਓ! ਚਮਗਿੱਦੜ ਇੱਕ ਥਣਧਾਰੀ ਜੀਵ ਹੈ। ਇਸ ਦੀਆਂ ਲਗਪਗ 1100 ਜਾਤੀਆਂ ਹਨ। ਇਹ ਮਨੁੱਖ ਦੀ ਤਰ੍ਹਾਂ ਦੇਖ ਸਕਦਾ ਹੈ। ਇਸ ਦੀ ਸੁਣਨ ਸ਼ਕਤੀ ਬਹੁਤ ਜ਼ਿਆਦਾ ਹੁੰਦੀ ਹੈ। ਇਹ ਕੀਟ ਖਾਂਦਾ ਹੈ।

ਇਹ ਰਾਤ ਨੂੰ ਸ਼ਿਕਾਰ ਕਰਦੇ ਹਨ। ਰਾਤ ਸਮੇਂ ਇਹ ਹਵਾ ਵਿੱਚ ਉੱਡਦਾ ਹੈ। ਰਾਤ ਨੂੰ ਦੇਖਣ ਲਈ ਇਹ ਅੱਖਾਂ ਦੀ ਨਹੀਂ ਬਲਕਿ ਕੰਨਾਂ ਦੀ ਵਰਤੋਂ ਕਰਦਾ ਹੈ। ਇਸ ਦੇ ਕੰਨ ਵੱਡੇ ਹੁੰਦੇ ਹਨ। ਰਾਤ ਸਮੇਂ ਇਹ ਲਗਾਤਾਰ ਚੀਕਾਂ ਮਾਰਦਾ ਹੈ। ਇਹ ਚੀਕਾਂ ਹਵਾ ਵਿੱਚ ਤਰੰਗਾਂ ਪੈਦਾ ਕਰਦੀਆਂ ਹਨ। ਇਹ ਤਰੰਗਾਂ ਉੱਚ ਆਵ੍ਰਿਤੀ ਦੀਆਂ ਹੁੰਦੀਆਂ ਹਨ। ਇਨ੍ਹਾਂ ਤਰੰਗਾਂ ਦੀ ਆਵ੍ਰਿਤੀ 20,000 ਹਰਡਜ਼ ਤੋਂ ਵੱਧ ਹੁੰਦੀ ਹੈ, ਪਰ ਮਨੁੱਖ ਇਨ੍ਹਾਂ ਤਰੰਗਾਂ ਨੂੰ ਸੁਣ ਨਹੀਂ ਸਕਦਾ। ਇਹ ਤਰੰਗਾਂ ਹਵਾ ਵਿੱਚ ਚੱਲਦੀਆਂ ਹਨ। ਇਹ ਕਿਸੇ ਕੀਟ ਜਾਂ ਵਸਤੂ ਨਾਲ ਟਕਰਾ ਕੇ ਵਾਪਸ ਮੁੜ ਆਉਂਦੀਆਂ ਹਨ। ਚਮਗਿੱਦੜ ਇਨ੍ਹਾਂ ਤਰੰਗਾਂ ਨੂੰ ਕੰਨਾਂ ਨਾਲ ਸੁਣ ਸਕਦਾ ਹੈ। ਇਨ੍ਹਾਂ ਵਾਪਸ ਮੁੜੀਆਂ ਆਵਾਜ਼ ਤਰੰਗਾਂ ਤੋਂ ਉਹ ਪਤਾ ਲਗਾ ਲੈਂਦਾ ਹੈ ਕਿ ਕੀਟ ਕਿੰਨੀ ਦੂਰ ਹੈ। ਉਸ ਦਾ ਆਕਾਰ ਕੀ ਹੈ। ਉਹ ਕਿਸ ਦਿਸ਼ਾ ਵੱਲ ਜਾ ਰਿਹਾ ਹੈ ਅਤੇ ਕਿੰਨੀ ਗਤੀ ਨਾਲ ਜਾ ਰਿਹਾ ਹੈ। ਚਮਗਿੱਦੜ ਇਨ੍ਹਾਂ ਤਰੰਗਾਂ ਨਾਲ 2 ਤੋਂ 10 ਮੀਟਰ ਤਕ ਦੇਖ ਸਕਦਾ ਹੈ।



# ਕਿਤਾਬਾਂ ਦਾ ਮਹੱਤਵ

- ਤੁਹਾਡੇ ਦੁਆਰਾ ਖਰੀਦੀ ਗਈ ਇਕ ਚੰਗੀ ਕਿਤਾਬ ਤੁਹਾਡੇ ਮਾਨਸਿਕ ਪੱਧਰ ਨੂੰ ਇਕ ਕਿਲੋਮੀਟਰ ਉੱਚਾ ਚੁੱਕ ਦਿੰਦੀ ਹੈ। -ਸਿਸਰੋ
- ਜੇਕਰ ਪੁਸਤਕਾਂ ਨਾ ਹੁੰਦੀਆਂ ਤਾਂ ਸੰਸਾਰ ਵਿਚ ਪਾਗਲਾਂ ਦੀ ਗਿਣਤੀ ਵੱਧ ਹੁੰਦੀ। -ਗੁਰਦਿਆਲ ਸਿੰਘ
- ਖੁਦ ਨੂੰ ਅਤੇ ਦੂਜਿਆਂ ਨੂੰ ਸਮਝਣ ਵਾਸਤੇ ਕਿਤਾਬਾਂ ਦੀ ਜ਼ਰੂਰਤ ਹੈ। -ਰਸੂਲ ਹਮਜ਼ਾਤੋਵ
- ਸਿਉਂਕ ਸੋਚਦੀ ਤਾਂ ਹੋਵੇਗੀ ਕਿ ਆਦਮੀ ਕਿੰਨਾ ਮੂਰਖ ਹੈ, ਜੋ ਕਿਤਾਬਾਂ ਖਾਂਦਾ ਹੀ ਨਹੀਂ। -ਰਸੂਲ ਹਮਜ਼ਾਤੋਵ



- ਮਨੁੱਖਤਾ ਨੇ ਜੋ ਕੁਝ ਸੋਚਿਆ ਅਤੇ ਹਾਸਲ ਕੀਤਾ, ਇਹ ਜਾਦੂ ਕਿਤਾਬਾਂ ਵਿਚ ਬੰਦ ਹੈ। -ਥਾਮਸ ਕਾਰਲਾਇਲ
- ਚੰਗੀਆਂ ਕਿਤਾਬਾਂ ਪੜ੍ਹਨਾ ਉਸੇ ਤਰ੍ਹਾਂ ਹੈ ਜਿਵੇਂ ਬੀਤੀਆਂ ਸਦੀਆਂ 'ਚ ਹੋਏ ਵਧੀਆ ਮਨੁੱਖਾਂ ਨਾਲ ਗੱਲਬਾਤ ਕਰਨਾ। -ਡਿਸਕੇਰਟਸ
- ਚੰਗੀ ਕਿਤਾਬ ਜਿਹਾ ਕੋਈ ਸੱਜਣ ਨਹੀਂ ਪਰ ਸੱਚ ਇਹ ਵੀ ਹੈ ਕਿ ਭੈੜੇ ਸਾਹਿਤ ਜਿਹਾ ਕੋਈ ਵੈਰੀ ਵੀ ਨਹੀਂ। -ਪ੍ਰੋ: ਸਾਹਿਬ ਸਿੰਘ

-ਧਰਵਿੰਦਰ ਸਿੰਘ ਔਲਖ
ਪਿੰਡ ਤੇ ਡਾਕ: ਕੋਹਾਲੀ, ਰਾਮ ਤੀਰਥ ਰੋਡ, ਅੰਮ੍ਰਿਤਸਰ।
ਮੋਬਾ: 98152-82283

# ਸਾਡਾ ਇਤਿਹਾਸ ਨੰ. 1

ਕਰਮ ਸਿੰਘ ਹਿਸਟੋਰੀਅਨ

## ਸਿੱਖ ਇਤਿਹਾਸ ਦੇ ਸੋਮੇਂ

ਸ੍ਰੀ ਦਸਮੇਸ਼ ਜੀ ਤੋਂ ਮਗਰੋਂ ਤੇ ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਦਾ ਇਹ ਸੌ ਸਾਲ ਦਾ ਸਮਾਂ ਸਿੱਖ ਇਤਿਹਾਸ ਦਾ ਬਹੁਤ ਹੀ ਅਦਭੁਤ ਸਮਾਂ ਹੈ। ਇਸ ਸਮੇਂ ਦਾ ਇਤਿਹਾਸ ਸਾਡੇ ਪਾਸ ਬਹੁਤ ਹੀ ਟੁੱਟੀ-ਫੁੱਟੀ ਹਾਲਤ ਵਿਚ ਹੈ, ਹਾਲਾਂ ਕਿ ਇਹ ਉਹ ਸਮਾਂ ਹੈ, ਜਿਸ ਦਾ ਇਤਿਹਾਸ ਸਾਡੇ ਪਾਸ ਪੂਰਾ-ਪੂਰਾ ਤੇ ਵਿਸਥਾਰ ਨਾਲ ਲਿਖਿਆ ਹੋਇਆ ਹੋਣਾ ਚਾਹੀਦਾ ਹੈ।

ਅੰਗਰੇਜ਼ ਅਜੇ ਕਲਕੱਤੇ ਹੀ ਸਨ ਕਿ ਖਾਲਸਈ ਤਲਵਾਰ ਦੀ ਚਮਕ ਉਨ੍ਹਾਂ ਦੀਆਂ ਅੱਖਾਂ ਨੂੰ ਚੁੰਧਿਆ ਰਹੀ ਸੀ, ਪਰ ਸਨ ਇਹ ਸਿਆਣੇ ਆਦਮੀ, ਇਹਨਾਂ ਦੂਰ ਦੀ ਸੋਚੀ ਅਤੇ ਸਿੱਖਾਂ ਸੰਬੰਧੀ ਆਪਣੀ ਵਾਕਫ਼ੀ ਵਧਾਉਣੀ ਸ਼ੁਰੂ ਕਰ ਦਿੱਤੀ, ਕਿਉਂਕਿ ਜਿਸ ਬਾਬਤ ਪੂਰਾ-ਪੂਰਾ ਪਤਾ ਨਾ ਹੋਵੇ, ਉਸ ਦੀਆਂ ਕਮਜ਼ੋਰੀਆਂ ਤੋਂ ਵੇਲੇ-ਕੁਵੇਲੇ ਲਾਭ ਨਹੀਂ ਉਠਾਇਆ ਜਾ ਸਕਦਾ।

੧. ਸਭ ਤੋਂ ਪਹਿਲਾਂ ਕਰਨਲ ਪੋਲੀਅਰ ਨੇ ਸਿੱਖਾਂ ਦੇ ਹਾਲਾਂ ਦਾ ਖਰੜਾ ਤਿਆਰ ਕੀਤਾ। ਇਹ ਖਰੜਾ ਅੱਜ ਤੀਕ ਨਹੀਂ ਛਪਿਆ। ਇਹ ਉਸ ਸਮੇਂ ਲਿਖਿਆ ਗਿਆ ਸੀ, ਜਦ ਕਿ ਸਿੱਖਾਂ ਦੀ ਤਲਵਾਰ ਦੀ ਧਾਂਕ ਸਾਰੇ ਹਿੰਦੁਸਤਾਨ ਵਿੱਚ ਪਈ ਹੋਈ ਸੀ।

੨. ਜਾਰਜ ਫਾਰਸਟਰ ਅੰਗਰੇਜ਼ੀ ਨੌਕਰ ਸੀ। ਇਹ ਜੇਠ ਸੰਮਤ ੧੮੩੯ ਬਿਕ੍ਰਮੀ (੧੭੮੨ ਈ.) ਨੂੰ ਕਲਕੱਤੇ ਤੋਂ ਤੁਰਿਆ ਅਤੇ ਪੰਜਾਬ ਥਾਣੀ ਹੋ ਕੇ ਰੂਸ ਦੇ ਰਾਹ ਇੰਗਲੈਂਡ ਪੁੱਜਾ। ਇਸ ਸਮੇਂ ਖਾਲਸਾ ਜੀ ਆਪਣੀ ਪੂਰੀ ਸ਼ਾਨ ਵਿਚ ਸਨ। ਫਾਰਸਟਰ ਨੇ ਕਰਨਲ ਪੋਲੀਅਰ ਦੇ ਖਰੜੇ ਤੋਂ ਜੋ ਸਹਾਇਤਾ ਲਈ ਸੀ ਅਤੇ ਜੋ ਕੁਝ ਆਪਣੀ ਅੱਖੀਂ ਦੇਖਿਆ ਤੇ ਕੰਨੀਂ ਸੁਣਿਆ ਸੀ, ਉਸ ਦਾ ਤੱਤ ਆਪਣੇ ਸਫਰਨਾਮੇ ਵਿੱਚ ਦਿੱਤਾ ਹੋਇਆ ਹੈ ਤੇ ਆਮ ਮਿਲ ਜਾਂਦਾ ਹੈ।

੩. ਇਸ ਹੀ ਸਮੇਂ ਮੇਜਰ ਜੇਮਜ਼ ਬਰਾਊਨ ਨੇ ਦੋ ਹਿੰਦੂਆਂ ਨੂੰ ਸਿੱਖਾਂ ਦੇ ਹਾਲ ਲਿਖਣ ਲਈ ਹਿ। ਇਨ੍ਹਾਂ ਨੇ ਜੋ ਕੁਝ ਲਿਖਿਆ, ਬਰਾਊਨ ਨੇ ਉਸ ਦਾ ਉਲਥਾ ਕਰ ਕੇ ਸੰਮਤ 1845 ਬਿ: (1788 ਈ:) ਵਿੱਚ ਇੰਡੀਆ ਟਰੈਕਟਸ (ਇਨਦਿੳਨ ਠਰੳਚਟਸ) ਨਾਮੇ ਕਿਤਾਬ ਲੰਡਨ ਵਿੱਚ ਛਪਵਾਈ। ਇਹ ਸਭ ਤੋਂ ਪਹਿਲੀ ਕਿਤਾਬ ਹੈ, ਜਿਸ ਵਿੱਚ ਸਿਲਸਿਲੇਵਾਰ ਸਿੱਖਾਂ ਦੇ ਹਾਲ ਹਨ। ਮੈਂ ਬਥੇਰੇ ਹੱਥ ਪੈਰ ਮਾਰੇ ਹਨ, ਪਰ ਮੈਨੂੰ ਇਹ ਕਿਤਾਬ ਅੱਜ ਤੱਕ ਨਹੀਂ ਲੱਭ ਸਕੀ। ਸਿੱਖਾਂ ਦੀ ਲਾਇਬ੍ਰੇਰੀ ਵਿੱਚ ਇਸ ਦਾ ਹੋਣਾ ਜ਼ਰੂਰੀ ਹੈ।

4. ਸੰਮਤ 1862 (1805 ਈ:) ਵਿੱਚ ਜਦ ਅੰਗਰੇਜ਼ੀ ਫੌਜਾਂ ਹੁਲਕਰ ਦੇ ਮਗਰ ਮਗਰ ਪੰਜਾਬ ਤੱਕ ਆਈਆਂ ਤਾਂ ਮੈਲਕਮ ਨੇ ਸਿੱਖਾਂ ਸੰਬੰਧੀ ਮਸਾਲਾ ਇਕੱਠਾ ਕੀਤਾ ਅਤੇ ਏਸ਼ੀਆਟਿਕ ਰੀਸਰਚਿਜ਼, ਜਿਲਦ ਦੂਜੀ (ਅਸਇਟਚਿ ੍ਰੲਸੲੳਰਚਹੲਸ. ਙੋਲ. 2) ਵਿੱਚ ਸਿੱਖਾਂ ਦੇ ਹਾਲ ਛਪਵਾਏ। ਇਸ ਤੋਂ ਮਗਰੋਂ ਇਹ ਹਾਲ ਕਿਤਾਬ ਦੀ ਸ਼ਕਲ ਵਿੱਚ ਵੀ ਛਪ ਗਏ। ਇਹ ਕਿਤਾਬ ਆਮ ਮਿਲ ਜਾਂਦੀ ਹੈ ਤੇ ਇਸ ਵਿੱਚ ਸੋਹਣੇ ਹਾਲ ਹਨ।

5. ਹੁਣ ਅੰਗਰੇਜ਼ ਲੁਧਿਆਣੇ ਵੱਲ ਵੱਧ ਆਏ ਸਨ ਅਤੇ ਕਰਨਲ ਅਖਤਰ ਲੋਨੀ ਲੁਧਿਆਣੇ ਰਹਿੰਦਾ ਸੀ। ਇਸ ਨੇ ਖੁਸ਼ਵਕਤ ਰਾਏ ਨੂੰ ਸਿੱਖਾਂ ਦੇ ਹਾਲ ਲਿਖਣ ਲਈ ਕਿਹਾ, ਜੋ ਅੰਗਰੇਜ਼ ਵਲੋਂ ਲਾਹੌਰ ਦਾ ਅਖਬਾਰ ਨਵੀਸ ਸੀ। ਇਸ ਨੇ ਸੰਮਤ ੧੮੬੯ (੧੮੧੨ ਈ:) ਵਿਚ 'ਤਵਾਰੀਖ ਸਿੱਖਾਂ' ਫਾਰਸੀ ਵਿਚ ਲਿਖੀ। ਇਹ ਤਵਾਰੀਖ ਅੱਜ ਤੀਕ ਨਹੀਂ ਛਪੀ। ਇਸ ਦੀ ਇਕ ਕਾਪੀ ਪੰਜਾਬ ਪਬਲਿਕ ਲਾਇਬਰੇਰੀ ਲਾਹੌਰ ਵਿਚ ਹੈ।

6. ਅਖਤਰ ਲੋਨੀ ਤੋਂ ਮਗਰੋਂ ਮਰੇ ਸਾਹਿਬ ਸਿੱਖ ਇਲਾਕੇ ਦਾ ਏਜੰਟ ਹੋਇਆ। ਇਸ ਨੇ ਸਿੱਖਾਂ ਸੰਬੰਧੀ ਸਵਿਸਥਾਰ ਹਾਲ ਲਿਖਣੇ ਚਾਹੇ ਤੇ ਸਰਕਾਰੀ ਤੌਰ 'ਤੇ ਬੜੀ ਮਿਹਨਤ ਨਾਲ ਹਾਲ ਇਕੱਠੇ ਕਰਵਾਏ ਅਤੇ ਆਪਣੇ ਰਿਸ਼ਤੇਦਾਰ ਬੂਟੇ ਸ਼ਾਹ ਨੂੰ ਇਸ ਕੰਮ ਉੱਤੇ ਲਾਇਆ। ਬੂਟੇ ਸ਼ਾਹ ਨੇ ਸਭ ਮਸਾਲਾ ਇਕੱਠਾ ਕਰ ਕੇ 'ਤਵਾਰੀਖ ਪੰਜਾਬ' ਫਾਰਸੀ ਵਿਚ ਲਿਖੀ। ਸੱਚ ਪੁੱਛੋ ਤਾਂ ਸਿੱਖ-ਇਤਿਹਾਸ ਦਾ ਸਾਡੇ ਪਾਸ ਕੇਵਲ ਇਹ ਇਕੋ ਖਜ਼ਾਨਾ ਹੈ। ਇਸ ਦੀ ਇਕ ਕਾਪੀ ਪੰਜਾਬ ਪਬਲਿਕ ਲਾਇਬਰੇਰੀ ਲਾਹੌਰ ਵਿਚ ਹੈ। ਕੋਈ ਸਿੱਖ ਲਾਇਬਰੇਰੀ ਬੂਟੇ ਸ਼ਾਹ ਤੇ ਖੁਸ਼ਵਕਤ ਰਾਏ ਦੀਆਂ ਤਵਾਰੀਖ਼ਾਂ ਤੋਂ ਖਾਲੀ ਨਹੀਂ ਰਹਿਣੀ ਚਾਹੀਦੀ। ਮੇਰੇ ਪਾਸ ਇਹ ਦੋਵੇਂ ਤਵਾਰੀਖਾਂ ਸਨ, ਪਰ ਮੇਰੇ ਕਾਗਜ਼ ਰੁਲ ਜਾਣ ਕਰ ਕੇ ਉਨ੍ਹਾਂ ਦਾ ਕੁਝ ਪਤਾ ਨਹੀਂ ਲੱਗਦਾ।

7. ਜਦ ਬੂਟੇ ਸ਼ਾਹ ਇਸ ਤਵਾਰੀਖ ਨੂੰ ਲਿਖ ਰਿਹਾ ਸੀ ਤਾਂ ਸਰਦਾਰ ਰਤਨ ਸਿੰਘ ਜੀ ਭਿੜੀ ਵਾਲਿਆਂ ਨੇ ਵੀ ਸੁਣ ਲਿਆ। ਆਪ ਨੇ ਮਰੇ ਸਾਹਿਬ ਨੂੰ ਕਿਹਾ ਕਿ ਸਿੱਖਾਂ ਦੇ ਹਾਲ ਸਿੱਖਾਂ ਤੋਂ ਬਿਨਾਂ ਹੋਰ ਕੋਈ ਨਹੀਂ ਲਿਖ ਸਕਦਾ ਅਤੇ ਮੁਸਲਮਾਨਾਂ ਨੇ ਤਾਂ ਕੀ ਲਿਖਣੇ ਹਨ। ਸੋ ਬੂਟੇ ਸ਼ਾਹ ਦੇ ਟਾਕਰੇ ਉੱਤੇ ਆਪ ਨੇ 'ਪੰਥ-ਪ੍ਰਕਾਸ਼' ਲਿਖਿਆ। ਮੈਂ ਹੱਥ ਚੁੰਮ ਲਵਾਂ ਉਸ ਸਰਦਾਰ ਦਾ, ਜਿਸ ਨੇ ਪੰਥ ਪ੍ਰਕਾਸ਼' ਲਿਖਿਆ। ਮੈਂ ਸੱਚ ਕਹਿੰਦਾ ਹਾਂ ਕਿ ਜੇ ਇਹ 'ਪੰਥ ਪ੍ਰਕਾਸ਼' ਨਾ ਹੁੰਦਾ ਤਾਂ ਅੱਜ ਸਾਡਾ ਇਤਿਹਾਸ ਹੀ ਨਾ ਹੁੰਦਾ। ਭਾਵੇਂ ਸਰਦਾਰ ਰਤਨ ਸਿੰਘ ਜੀ ਨੇ ਕੇਵਲ ਆਪਣੇ ਖਾਨਦਾਨ ਦੇ ਹਾਲ ਹੀ ਲਿਖੇ ਹਨ ਅਤੇ ਹੋਰ ਹਾਲ ਸਹਿਜ ਸੁਭਾਉ ਹੀ ਆਉਂਦੇ ਗਏ ਹਨ, ਪਰ ਤਦ ਵੀ ਸਿੱਖ ਇਤਿਹਾਸ ਦੀ ਦਾਬ ਵੇਲ ਲਾ ਦਿੱਤੀ ਹੈ। ਇਹ ਪੰਥ ਪ੍ਰਕਾਸ਼' ਛਪਿਆ ਹੋਇਆ ਹੈ, ਪਰ ਬੜਾ ਹੀ ਅਸ਼ੁੱਧ ਛਪਿਆ ਹੈ। ਕੋਈ ਸਿੱਖ ਜੋ ਸਿੱਖ ਅਖਵਾਉਣ ਦਾ ਹੱਕਦਾਰ ਹੈ, ਇਸ ਪੰਥ ਪ੍ਰਕਾਸ਼ ਤੋਂ ਵਿਰਵਾ ਨਹੀਂ ਰਹਿਣਾ ਚਾਹੀਦਾ।

8. ਮਰੇ ਸਾਹਿਬ ਦੇ ਮਰ ਜਾਣ ਕਰ ਕੇ ਉਸ ਦੇ ਸਾਰੇ ਮਸਾਲੇ ਨੂੰ ਪਰਿੰਸਪ ਸਾਹਿਬ ਨੇ ਸਾਂਭਿਆ ਅਤੇ ਅੰਗਰੇਜ਼ੀ ਵਿਚ ਹਿਸਟਰੀ ਔਫ ਰਣਜੀਤ ਸਿੰਘ ਲਿਖੀ। ਇਹ ਵੀ ਚੰਗੀ ਸਹਾਇਤਾ ਦੇਣ ਵਾਲੀ ਹੈ।

ਇਹ ਹੈ ਰਾਮ-ਕਹਾਣੀ ਸਾਡੇ ਸਿੱਖ-ਇਤਿਹਾਸ ਦੀ, ਜਿਸ ਨੂੰ ਸਿੱਖ ਕੌਮ ਨੇ ਕਦੋਂ ਪੂਰਾ ਕਰਨਾ ਹੈ। ਹੁਣ ਮੈਂ ਉਹਨਾਂ ਇਤਿਹਾਸਾਂ ਦਾ ਨਾਮ ਪਤਾ ਦੱਸਦਾ ਹਾਂ, ਜਿਨ੍ਹਾਂ ਤੋਂ ਸਿੱਖ-ਇਤਿਹਾਸ ਲਿਖਣ ਵਾਲਿਆਂ ਨੂੰ ਬਹੁਤ ਸਹਾਇਤਾ ਮਿਲ ਸਕਦੀ ਹੈ।

9. ਉਮਦਾੱ-ਤੁ-ਤਵਾਰੀਖ ਜਿਲਦ ਪਹਿਲੀ।

ਇਸ ਦਾ ਲੇਖਕ ਸੋਹਣ ਲਾਲ ਮਹਾਰਾਜਾ ਰਣਜੀਤ ਸਿੰਘ ਜੀ ਦੇ ਦਰਬਾਰ ਦਾ ਸ਼ਾਹੀ ਇਤਿਹਾਸਕਾਰ ਸੀ। ਇਸ ਨੇ ਲਾਹੌਰ ਦਾ ਇਤਿਹਾਸ ਸੋਹਣਾ ਲਿਖਿਆ ਹੈ, ਪਰ ਕਿਤੇ ਕਿਤੇ ਭੁੱਲਾਂ ਵੀ ਕੀਤੀਆ ਹਨ।

10. 'ਤਵਾਰੀਖ ਅਹਿਮਦ ਸ਼ਾਹ' (ਫਾਰਸੀ)।

ਇਸ ਨੂੰ ਅਹਿਮਦ ਸ਼ਾਹ ਵਟਾਲੀਏ ਨੇ ਸੰਮਤ ੧੮੮੧ ਬਿ: (੧੮੨੪ ਈ:) ਵਿਚ ਲਿਖਿਆ ਸੀ। ਬਟਾਲੇ ਵੱਲ ਦੇ ਹਾਲ ਇਸ ਵਿਚ ਬਹੁਤ ਸੋਹਣੇ ਹਨ। ਰਾਮਗੜੀਆਂ ਤੇ ਘਣੱਈਆਂ ਦੀਆਂ ਮਿਸਲਾਂ ਦਾ ਹਾਲ ਜਿਹੋ ਜਿਹਾ ਇਸ ਨੇ ਦਿੱਤਾ ਹੈ ਹੋਰ ਕਿਸੇ ਤਵਾਰੀਖ ਵਿਚ ਨਹੀਂ। ਇਹ ਹਾਲ ਉਮਦਾੱ-ਤੁ-ਤਵਾਰੀਖ ਜਿਲਦ ਪਹਿਲੀ ਦੇ ਜ਼ਮੀਮੇ ਦੇ ਤੌਰ 'ਤੇ ਛਪੇ ਹੋਏ ਹਨ।

11. 'ਚਹਾਰ ਗੁਲਸ਼ਨੇ ਪੰਜਾਬ'।

ਇਸ ਨੂੰ ਗਣੇਸ਼ ਦਾਸ ਗੁਜਰਾਤੀਏ ਨੇ ਸੰਮਤ ੧੯੦੬ ਬਿ: (੧੮੪੯ ਈ.) ਦੇ ਲਗ-ਭਗ ਲਿਖਿਆ ਸੀ। ਚੂੰਕਿ ਇਸ ਦਾ ਸੰਬੰਧ ਪੁਰਾਣੇ ਕਾਨੂੰਗੋਆਂ ਦੇ ਖਾਨਦਾਨ ਨਾਲ ਸੀ, ਇਸ ਲਈ ਇਸ ਪਾਸ ਪੁਰਾਣਾ ਮਸਾਲਾ ਬਹੁਤ ਸੀ। 'ਰਾਵੀ' ਤੋਂ ਅਟਕ ਤੀਕ ਦੇ ਇਲਾਕੇ ਦੇ ਵਿਸਥਾਰ ਨਾਲ ਹਾਲ ਜਿਹੇ ਇਸ ਤਵਾਰੀਖ ਵਿਚ ਹਨ, ਹੋਰ ਕਿਸੇ ਤਵਾਰੀਖ ਵਿਚ ਨਹੀਂ ਹਨ। ਇਸ ਦੀ ਇਕ

ਕਾਪੀ ਮੇਰੇ ਪਾਸ ਵੀ ਹੈ।

12. 'ਜੰਗ ਨਾਮਾ' ਇਸ ਨੂੰ ਨੂਰ ਮੁਹੰਮਦ ਨੇ ਸੰਮਤ ੧੮੨੨ ਬਿ: (੧੭੬੫ ਈ:) ਵਿਚ ਲਿਖਿਆ ਸੀ। ਜਦ ਸੰਮਤ ੧੮੨੦ ਬਿ: ਵਿਚ ਖਾਲਸਾ ਜੀ ਨੇ ਸਰਹੱਦ ਮਾਰੀ ਅਤੇ ਕਰਨਾਲ ਤੀਕ ਸਭ ਇਲਾਕਾ ਰੋਕ ਲਿਆ, ਤਾਂ ਅਹਿਮਦ ਸ਼ਾਹ ਸੱਤਵੀਂ ਵਾਰ ਗੁੱਸਾ ਖਾ ਕੇ ਪੰਜਾਬ ਵੱਲ ਆਇਆ। ਇਸ ਸਮੇਂ ਨੂਰ ਮੁਹੰਮਦ ਵੀ ਇਸ ਸੈਨਾ ਦੇ ਨਾਲ ਸੀ। ਇਸ ਨੇ ਇਸ ਹਮਲੇ ਦੇ ਅੱਖੀਂ ਡਿੱਠੇ ਹਾਲ ਲਿਖੇ ਹਨ। ਹਾਲ ਬੜੇ ਹੀ ਸਵਾਦਲੇ ਹਨ। ਹਾਲ ਹੋਰ ਕਿਸੇ ਤਵਾਰੀਖ ਵਿਚ ਨਹੀਂ ਮਿਲਦੇ। ਇਸ ਦੀ ਇਕ ਕਾਪੀ ਮੇਰੇ ਪਾਸ ਸੀ, ਪਰ ਉਹ 'ਚਹਾਰ ਗੁਲਸ਼ਨ' ਤੇ ਹੋਰ ਕਾਗਜ਼ਾਂ ਦੇ ਨਾਲ ਹੀ ਕਿਤੇ ਗਵਾਚੀ ਹੋਈ ਹੈ। ਇਸ ਜੰਗਨਾਮੇ ਦੀ ਇਕ ਨਕਲ ਮੈਂ ਸੰਤ ਜਵਾਲਾ ਸਿੰਘ ਜੀ ਨੂੰ ਦਿੱਤੀ ਸੀ, ਸ਼ਾਇਦ ਸੰਤ ਜੀ ਪਾਸ ਉਹ ਕਾਪੀ ਅਜੇ ਹੋਵੇਗੀ।

ਪਿੱਛੇ ਦੱਸੀਆਂ ਦਸ ਤਵਾਰੀਖਾਂ ਦੀ ਸਹਾਇਤਾ ਨਾਲ ਬਹੁਤ ਸੋਹਣਾ ਦਾਲ ਦਲੀਆ ਕੀਤਾ ਜਾ ਸਕਦਾ ਹੈ, ਪਰ ਸਿੱਖ-ਇਤਿਹਾਸ ਨੂੰ ਹੋਰ ਅਨੇਕ ਤਵਾਰੀਖਾਂ ਤੋਂ ਬਹੁਤ ਭਾਰੀ ਸਹਾਇਤਾ ਮਿਲ ਸਕਦੀ ਹੈ, ਜਿਨ੍ਹਾਂ ਦਾ ਸੰਖੇਪ ਵੇਰਵਾ ਮੈਂ ਹੇਠਾਂ ਦੇਂਦਾ ਹਾਂ :-

13. ਇਬਰਤ ਨਾਮਾ' (ਮੁਹੰਮਦ ਕਾਸਮ ਲਾਹੌਰੀ)।

ਇਹ ਬੰਦਾ ਬਹਾਦਰ ਦਾ ਸਮਕਾਲੀ ਸੀ। ਬਹੁਤ ਸੋਹਣੇ ਹਾਲ ਹਨ। ਇਸ ਦੀ ਇਕ ਬਹੁਤ ਸੋਹਣੀ ਲਿਖੀ ਹੋਈ ਕਾਪੀ ਭਾਈ ਤਖ਼ਤ ਸਿੰਘ ਜੀ ਫੀਰੋਜ਼ਪੁਰ ਪਾਸ ਹੈ।

14. 'ਇਬਰਤ ਨਾਮਾ' (ਮਿਰਜ਼ਾ ਮੁਹੰਮਦ ਹਰੀਸੀ)।

15. 'ਤਾਰੀਖ ਮੁਹੰਮਦੀ' (ਮਿਰਜ਼ਾ ਮੁਹੰਮਦ ਹਰੀਸੀ)

ਇਹ ਵੀ ਬੰਦਾ ਬਹਾਦਰ ਦਾ ਸਮਕਾਲੀ ਸੀ।

16. 'ਸ਼ਾਹਨਾਮਾ' (ਮੀਰ ਮੁਹੰਮਦ ਐਹਸਨ ਈਜਾਜ ਸਾਮਾਨਵੀ) ਬੰਦਾ ਬਹਾਦਰ ਦਾ ਸਮਕਾਲੀ ਸੀ। ਬੰਦਾ ਬਹਾਦਰ ਸੰਬੰਧੀ ਬਹੁਤ ਸੋਹਣੇ ਹਾਲ ਹਨ।

17. 'ਫਤੂਹਾਤ ਨਾਮਾ-ਏ ਸਮਦੀ' (ਗੁਲਾਮ ਮੁਹਈਉਦੀਨ) ਇਹ ਵੀ ਬੰਦਾ ਬਹਾਦਰ ਦਾ ਸਮਕਾਲੀ ਸੀ।

18. 'ਤਜ਼ਕਰਾ-ਤੁਲ-ਸੁਲਾਤੀਨ ਚੁਗਤਾਈਆਂ (ਕਾਮਵਰ ਖਾਂ)। ਇਹ ਬਹਾਦਰ ਸ਼ਾਹ ਤੇ ਫਰੁੱਖਸ਼ੀਅਰ ਦਾ ਰੋਜ਼ਨਾਮਚਾ ਹੈ। ਬੰਦਾ ਬਹਾਦਰ ਸਬੰਧੀ ਬਹੁਤ ਸੋਹਣੇ ਹਾਲ ਹਨ।

19. 'ਮਿਰਾਤ-ਏ-ਵਾਰਦਾਤ' (ਮੁਹੰਮਦ ਸ਼ਫੀ ਵਾਰਦ)। ਇਹ ਵੀ ਬੰਦਾ ਬਹਾਦਰ ਦਾ ਸਮਕਾਲੀ ਸੀ।

20. 'ਤਜ਼ਕਰਾ-ਤੁਲ-ਮਲੂਕ' (ਯਹੀਆ ਖਾਂ)। ਇਹ ਵੀ ਬੰਦਾ ਬਹਾਦਰ ਦਾ ਸਮਕਾਲੀ ਸੀ।

21. 'ਨਾਦੁਰੁੱਜ਼ਮਾਨੀ' (ਖੁਸ਼ਹਾਲ ਚੰਦ)। ਇਸ ਵਿਚ ਬੰਦਾ ਬਹਾਦਰ ਸੰਬੰਧੀ ਬਹੁਤ ਸੋਹਣੇ ਹਾਲ ਹਨ।

22. 'ਤਵਾਰੀਖ ਹਿੰਦੀ' (ਰਸਤਮ ਅਲੀ)।

23. 'ਤਵਾਰੀਖ ਅਰਾਦਤ ਖਾਂ (ਅਰਾਦਤ ਖਾਂ)।

24. ਮਨੱਵਰ-ਉਲ-ਕਲਾਮ (ਸ਼ਿਵ ਦਾਸ)।

25. 'ਇਬਰਤ ਨਾਮਾ' (ਕਾਮ ਰਾਜ)। ਇਹ ਸਭ ਲਿਖਤੀ ਤਵਾਰੀਖਾਂ ਹਨ, ਜਿਹਨਾਂ ਵਿਚ ਬੰਦਾ ਬਹਾਦਰ ਦਾ ਸੋਹਣਾ ਹਾਲ ਹੈ।

26. 'ਦਸਤੂਰ-ਉਲ-ਇਨਸ਼ਾ' (ਯਾਰ ਮੁਹੰਮਦ)।

27. 'ਮੁਨਤਖ਼ਿਬ-ਉਲ-ਲੁਬਾਬ' (ਖਾਫੀ ਖਾਂ)।

28. 'ਮੁਆਸਰੁਲ-ਉਮਰਾ' (ਸ਼ਾਹ ਨਿਵਾਜ਼ ਖਾਂ)। ਇਹ ਤਿੰਨੇ ਛਪੀਆਂ ਹੋਈਆਂ ਹਨ। ਪਿਛਲੀਆਂ ਦੋਵੇਂ ਤਾਂ ਆਮ ਮਿਲਦੀਆਂ ਹਨ, ਪਹਿਲੀ ਘੱਟ ਮਿਲਦੀ ਹੈ।

29. ਅਰਲੀ ਬ੍ਰਿਟਿਸ਼ ਰੀਕਾਰਡਜ਼ (ਓਉਰਲੇ ਭਰਟਿਸਿਹ੍ਰਏਚੋਰਦਸ)। ਇਹ ਵੀਲਰ ਸਾਹਿਬ ਦਾ ਸੰਗ੍ਰਹਿ ਹੈ। ਇਸ ਵਿਚ ਵੀ ਬੰਦਾ ਬਹਾਦਰ ਸੰਬੰਧੀ ਹਾਲ ਹਨ।

ਉੱਤੇ ਦੱਸੀਆਂ ਤਵਾਰੀਖਾਂ ਤੋਂ ਬੰਦਾ ਬਹਾਦਰ ਸੰਬੰਧੀ ਸੋਹਣੇ ਹਾਲ ਮਾਲੂਮ ਹੁੰਦੇ ਹਨ। ਹੋਰ ਤਵਾਰੀਖਾਂ, ਜਿਹਨਾਂ ਤੋਂ ਸਿੱਖ-ਇਤਿਹਾਸ ਨੂੰ ਸਹਾਇਤਾ ਮਿਲ ਸਕਦੀ ਹੈ, ਇਹ ਹਨ-

30. 'ਕਲਕੱਤਾ ਰੀਵੀਊ ਜਿਲਦ ੯੦ ਇਸ ਵਿਚ ਵਿਲੀਅਮ ਸਾਹਿਬ ਨੇ ਗੰਗਦੁਵਾਬ ਵਿੱਚ ਸਿੱਖਾਂ ਦੇ ਹਮਲਿਆਂ ਦਾ ਸੋਹਣਾ ਹਾਲ ਦਿੱਤਾ ਹੈ।

31. 'ਵਕਾਇਆ ਸ਼ਾਹ ਆਲਮ ਸਾਨੀ'। ਇਹ ਜਾਦੂ ਨਾਥ ਸਰਕਾਰ ਪਾਸ ਹੈ।

32. 'ਅਮਾਦ-ਉਲ-ਸਆਦਤ' (ਮੀਰ ਗੁਲਾਮ ਅਲੀ)। ਇਹ ਛਪੀ ਹੋਈ ਨਵਲ ਕਿਸ਼ੋਰ ਪ੍ਰੈਸ ਤੋਂ ਮਿਲਦੀ ਹੈ।

33. 'ਸ਼ਾਹ ਆਲਮ ਨਾਮਾ' (ਗੁਲਾਮ ਅਲੀ ਖਾਂ)। ਇਸ ਦੀਆਂ ਦੋ ਜਿਲਦਾਂ ਛਪੀਆਂ ਹੋਈਆਂ ਹਨ, ਬਾਕੀ ਅਜੇ ਨਹੀਂ ਛਪੀਆਂ।

34. 'ਮੁਕੱਦਮਾ-ਏ-ਸ਼ਾਹ-ਆਲਮ' (ਗੁਲਾਮ ਅਲੀ ਖਾਂ)। ਇਹ ਗੁਲਾਮ ਅਲੀ ਖਾਂ ਭਿਖਾਰੀ ਦਾ ਪੁੱਤਰ ਹੈ, ਜਿਸ ਨੂੰ ਮੀਰ ਮੰਨੂੰ ਦੀ ਬੇਗਮ ਨੇ ਲਾਹੌਰ ਮਰਵਾ ਦਿੱਤਾ ਸੀ। ਇਸ ਨੇ ਲਾਹੌਰ ਵੱਲ ਦੇ ਹਾਲ ਸੋਹਣੇ ਦਿੱਤੇ ਹਨ।

35. ਬਿਆਨ-ਏ-ਵਾਕਈ' (ਅਬਦੁਲ ਕਰੀਮ ਕਸ਼ਮੀਰੀ)।

36. ਉਤਿ ਘੜਾ (ਸਰ ਧੂਮੀਰ)।

37. ਗੁਲਿਸਤਾਨ-ਏ-ਰਹਿਮਤ (ਮੁਸਤਜਾਬ ਖਾ)।

38. ਹਦੀਕਾ ਤੁਲ ਅਕਾਲੀਮ ਇਹ ਛਪੀ ਹੋਈ ਹੈ।

39. ਸੈਰੁਲ ਮਤਾਖਰੀਨ (ਗੁਲਾਮ ਹੁਸੈਨ) ਇਹ ਵੀ ਛਪੀ ਹੋਈ ਹੈ।

40. ਖ਼ਜ਼ਾਨਾ-ਏ ਆਮਰਾ (ਮੀਰ ਗੁਲਾਮ ਅਲੀ) ਇਹ ਵੀ ਛਪੀ ਹੋਈ ਹੈ। ਵੱਡੇ ਘੱਲੂਘਾਰੇ ਦੀ ਤਰੀਕ ਕੇਵਲ ਇਸ ਨੇ ਦਿੱਤੀ ਹੈ। ਇਹ ਉਸੇ ਸਾਲ ਲਿਖੀ ਗਈ ਸੀ। ਨੰ: ੩੨ ਵਾਲਾ ਗੁਲਾਮ ਅਲੀ ਤੇ ਇਹ ਗੁਲਾਮ ਅਲੀ ਅੱਡੋ-ਅੱਡ ਹਨ।

41. ਮਿਰਾਤ-ਏ-ਆਫਤਾਬ ਨੁਮਾ (ਸ਼ਾਹ ਨਵਾਜ਼ ਖਾ)।

42. ਤਾਰੀਖੇ ਮੁਜ਼ਫਰ (ਮੁਹੰਮਦ ਅਲੀ ਖਾਂ)।

43. ਚਹਾਰ ਗੁਲਸ਼ਨ ਸੁਜ਼ਾਈ (ਹਰਚਰਨ ਦਾਸ)।

44. ਇਬਰਤ ਨਾਮਾ (ਖੈਰ ਉਲ ਦੀਨ) ।

ਮੁੱਕਦੀ ਗੱਲ ਇਹ ਕਿ ਸ਼ਾਹ ਆਲਮ ਸਾਨੀ ਦੇ ਸਮੇਂ ਦੀਆਂ ਜਿਤਨੀਆਂ ਤਵਾਰੀਖਾਂ ਵੀ ਹਨ, ਉਹ ਸਭ ਸਹਾਇਤਾ ਦੇਣ ਵਾਲੀਆਂ ਹਨ।

45. ਛਪੀਆਂ ਤਵਾਰੀਖਾਂ, ਜਿਹਨਾਂ ਦਾ ਸੰਬੰਧ ਸਿੱਖ ਰਿਆਸਤਾਂ ਨਾਲ ਹੈ, ਉਹ ਵੀ ਬਹੁਤ ਸਹਾਈ ਹਨ। ਜਿਹਾ ਕਿ-

46. ਤਵਾਰੀਖ ਪਟਿਆਲਾ, ਪੁਰਾਣੀ ਫਾਰਸੀ ਵਿਚ।

47. ਆਈਨਾ-ਏ-ਬੈਰਾੜ ਬੰਸ।

48. ਤਵਾਰੀਖ ਕਪੂਰਥਲਾ।

49. ਰਾਜਗਾਨੇ-ਪੰਜਾਬ।

50. ਹਿਸਟਰੀ ਆਫ ਦੀ ਜਾਟਸ। (History of the Jats) ਪ੍ਰੋਫੈਸਰ ਕਾਨੂੰਗੋ ਲਿਖਤ।

51. ਵਕਾਇਆ ਏ ਰਾਜਪੂਤਾਨਾ (ਜਵਾਲਾ ਸਹਾਏ)।

52. ਮਰਾਠੀ ਰਿਆਸਤ ਜਿਲਦ ਚੌਥੀ, ਪਾਣੀਪਤ ਪ੍ਰਕਰਣ (ਸਰ ਦੇਸਾਈ)।

ਇਨ੍ਹਾਂ ਤੋਂ ਬਿਨਾਂ ਹੇਠਾਂ ਲਿਖੀਆਂ ਅੰਗਰੇਜ਼ੀ ਤਵਾਰੀਖਾਂ ਵੀ ਜ਼ਰੂਰੀ ਹਨ-

53. Military Memoirs of Mr. George Thomas (Franklin)

54. Rise and progress of the regular corps (Smith)

55. Memoir of the War in India (Thern)

56. Military Memoir of James Skinna.

57. European Military Adventure in India (Comoton).

ਇਹਨਾਂ ਤੋਂ ਬਿਨਾਂ ਤਵਾਰੀਖ ਝੱਜਰ ਅਤੇ ਤਵਾਰੀਖ ਹਿਸਾਰ ਆਦਿ ਹੋਰ ਕਈ ਤਵਾਰੀਖਾਂ ਹਨ, ਜਿਨ੍ਹਾਂ ਵਿਚੋਂ ਥੋੜ੍ਹੀ ਬਹੁਤੀ ਸਹਾਇਤਾ ਮਿਲ ਜਾਂਦੀ ਹੈ।

**ਬਾਕੀ ਸਫਾ 28 'ਤੇ**

# ਕਿਤੇ ਇਹ ਨਾ ਹੋਵੇ ਕਿ ਅਸੀਂ ਨੈੱਟ ਨੂੰ ਵਰਤਦੇ ਰਹੀਏ ਨੈੱਟ ਸਾਨੂੰ ਹੀ ਵਰਤ ਜਾਵੇ!

ਜਦੋਂ ਕਿਸੇ ਨੂੰ ਕਿਸੇ ਪਾਸਿਉਂ ਤੋੜਨਾ ਹੋਵੇ ਤਾਂ ਉਸ ਨੂੰ ਦੂਜੇ ਪਾਸੇ ਜੋੜਨ ਦਾ ਪ੍ਰਬੰਧ ਵੀ ਕਰਨਾ ਪੈਂਦਾ ਹੈ, ਜਿਵੇਂ ਕਿ ਕਿਸੇ ਦੇ ਹੱਥ ਵਿੱਚੋਂ ਪਹਿਲੀ ਵਸਤੂ ਛੁਡਾਉਣ ਲਈ ਉਸ ਦੇ ਹੱਥ ਵਿੱਚ ਦੂਜੀ ਨਵੀਂ ਵਸਤੂ ਦੇਣੀ ਪੈਂਦੀ ਹੈ, ਇਸੇ ਤਰ੍ਹਾਂ ਸਾਡੇ ਕੋਲੋਂ ਵੀ ਅਸਲੀ ਧਰਤੀ, ਕਿਰਤ ਅਤੇ ਸਾਡਾ ਸੱਭਿਆਚਾਰ ਛੁਡਾਉਣ ਲਈ ਸਾਨੂੰ ਨੈੱਟ ਦੀ ਨਕਲੀ ਧਰਤੀ ਨਕਲੀ ਕਿਰਤ ਅਤੇ ਬਿਗਾਨੇ ਸੱਭਿਆਚਾਰ ਨਾਲ ਜੋੜਿਆ ਜਾ ਰਿਹਾ ਹੈ। ਬੇਸ਼ੱਕ ਵੱਡੀਆਂ ਕੰਪਨੀਆਂ ਦੇ ਮਾਲਕ ਹੁਣ ਵੀ ਆਪਣੀਆਂ ਵਸਤੂਆਂ ਦੇ ਭਾਅ ਆਪਣੀਆਂ ਮਨਮਰਜੀਆਂ ਅਨੁਸਾਰ ਤੈਅ ਕਰਕੇ ਅੰਨੀ ਲੁੱਟ ਕਰਦੇ ਹੋਏ ਸਮੇਂ ਸਮੇਂ ਦੀਆਂ ਸਰਕਾਰਾਂ ਨੂੰ ਖਰੀਦ



ਕੇ ਦੇਸ਼ ਦੇ ਸਮੁੱਚੇ ਪ੍ਰਬੰਧ ਉੱਤੇ ਕਾਬਜ ਹੋ ਚੁੱਕੇ ਹਨ ਪਰ ਹਾਲੇ ਵੀ ਅਜਿਹੀ ਨੀਤੀ ਵਾਲਿਆਂ ਦੀ ਭੁੱਖ ਨਹੀਂ ਮਿਟਦੀ, ਹੁਣ ਉਹ ਚਾਹੁੰਦੇ ਹਨ ਕਿ ਦੇਸ਼ ਦੀ ਸਮੁੱਚੀ ਧਰਤੀ ਦੇ ਮਾਲਕ ਵੀ ਅਸੀਂ ਹੀ ਹੋਈਏ, ਕਿਉਂਕਿ ਧਰਤੀ ਹੀ ਸੱਭ ਤੋਂ ਵੱਡਾ ਕੁਦਰਤੀ ਕਾਰਖਾਨਾ ਹੈ ਜਿਸ ਵਿੱਚ ਅਨੇਕਾਂ ਪ੍ਰਕਾਰ ਦਾ ਅਨਾਜ ਅਤੇ ਜੜੀਆਂ ਬੂਟੀਆਂ ਦੀ ਪੈਦਾਵਾਰ ਹੁੰਦੀ ਹੈ, ਧਰਤੀ ਵਾਲੀ ਅਜਿਹੀ ਉਪਜ ਹੋਰ ਕਿਸੇ ਵੀ ਤਰਾਂ ਦੇ ਕਾਰਖਾਨੇ ਵਿੱਚ ਪੈਦਾ ਨਹੀਂ ਕੀਤੀ ਜਾ ਸਕਦੀ, ਕੋਈ ਵੀ ਕਾਰਖਾਨਾ ਧਰਤੀ ਦੀ ਉਪਜ ਤੋਂ ਬਗੈਰ ਚੱਲ ਨਹੀਂ ਸਕਦਾ, ਕਾਰਖਾਨਿਆਂ ਨੂੰ ਪੈਦਾਵਾਰ ਕਰਨ ਲਈ ਧਰਤੀ ਦੀ ਲੋੜ ਹੈ ਪਰ ਧਰਤੀ ਨੂੰ ਪੈਦਾਵਾਰ ਕਰਨ ਲਈ ਕਾਰਖਾਨਿਆਂ ਦੀ ਜਰੂਰਤ ਨਹੀਂ ਪੈਂਦੀ। ਬੇਸ਼ੱਕ ਕਾਰਖਾਨੇ ਵੀ ਅੱਜ ਸਾਡੀ ਮੁੱਢਲੀ ਲੋੜ ਬਣ ਚੁੱਕੇ ਹਨ ਪਰ ਧਰਤੀ ਦੀ ਕੁਦਰਤੀ ਉਪਜ (ਪੈਦਾਵਾਰ) ਉਹ ਨਿਆਮਤ ਹੈ ਜੋ ਆਦਿ ਮਾਨਵ ਤੋਂ ਲੈ ਕੇ ਅੱਜ ਤੱਕ ਦੇ ਅਧੁਨਿਕ ਮਨੁੱਖ ਸਮੇਤ ਹਰ ਤਰਾਂ ਦੇ ਜੀਵ ਜੰਤੂਆਂ, ਬਨਾਸਪਤੀ ਅਦਿ ਦਾ ਪਾਲਣ ਪੋਸਣ ਕਰ ਰਹੀ ਹੈ, ਸਮੁੱਚੀ ਧਰਤੀ ਦੇ ਜੀਵ ਜੰਤੂਆਂ ਨੂੰ ਜੀਵਤ ਰਹਿਣ ਲਈ ਧਰਤੀ ਦੀ ਲੋੜ ਹੈ ਨਾ ਕਿ ਕਾਰਖਾਨਿਆਂ ਦੀ। ਕਾਰਖਾਨਿਆਂ ਨੇ ਸਾਨੂੰ ਸੁੱਖ ਸਹੂਲਤਾਂ ਤਾਂ ਬਹੁਤ ਦਿੱਤੀਆਂ ਹਨ ਪਰ ਇਹਨਾ ਦੇ ਮਾੜੇ ਪ੍ਰਭਾਵਾਂ ਕਾਰਨ ਜਿੱਥੇ ਮਨੁੱਖਾਂ ਨੂੰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਉੱਥੇ ਬਹੁਤ ਸਾਰੇ ਕੁਦਰਤੀ ਜੀਵ ਜੰਤੂਆਂ ਦੀਆਂ ਨਸਲਾਂ ਨੂੰ ਵੀ ਸਦਾ ਲਈ ਖਤਮ ਕਰ ਦਿੱਤਾ ਹੈ। ਜਿਸ ਤਰਾਂ ਮਨੁੱਖ ਨੇ ਆਪਣੀ ਚਲਾਕ ਬੁੱਧੀ ਰਾਹੀਂ ਸਮੁੱਚੇ ਜੀਵ ਜੰਤੂਆਂ ਦੀ ਸਾਂਝੀ ਧਰਤੀ ਨੂੰ ਆਪਣੇ ਲਈ ਰਾਖਵੀਂ ਕਰਦਿਆਂ ਬਹੁਤੇ ਜੀਵ ਜੰਤੂਆਂ ਦੀਆਂ ਨਸਲਾਂ ਨੂੰ ਤਬਾਹ ਅਤੇ ਬਹੁਤਿਆਂ ਨੂੰ ਆਪਣੀਆਂ ਲੋੜਾਂ ਲਈ ਵਰਤਣਾ ਸ਼ੁਰੂ (ਗੁਲਾਮ) ਕਰ ਲਿਆ ਹੈ ਉਸੇ ਤਰਾਂ ਹੁਣ ਮਨੁੱਖਾਂ ਵਿੱਚੋਂ ਚਲਾਕ ਬੁੱਧੀ ਵਾਲੇ ਗਿਣਤੀ ਦੇ ਮਨੁੱਖ ਧਰਤੀ ਨੂੰ ਆਪਣੀ ਨਿੱਜੀ ਜਾਇਦਾਦ ਅਤੇ ਸਮੁੱਚੀ ਮਨੁੱਖਾ ਜਾਤੀ ਨੂੰ ਆਪਣੀ ਗੁਲਾਮ ਬਣਾਉਣਾ ਚਾਹੁੰਦੇ ਹਨ। ਅੱਜ ਸਾਡੇ ਦੇਸ਼ ਦੀ ਧਰਤੀ ਕਿਸੇ ਨਾ ਕਿਸੇ ਰੂਪ ਵਿੱਚ ਸਾਰੇ ਦੇਸ਼ ਵਾਸੀਆਂ ਦੀ ਸ਼ਾਂਝੀ ਧਰਤੀ ਹੈ, ਕਿਸੇ ਕੋਲ ਘੱਟ ਹੈ ਕਿਸੇ ਕੋਲ ਵੱਧ ਹੈ, ਆਪੋ ਆਪਣੀਆਂ ਲੋੜਾਂ ਅਨੁਸਾਰ ਵੱਖੋ ਵੱਖਰੀ ਪੈਦਾਵਾਰ ਹੋ ਰਹੀ ਹੈ, ਕੋਈ ਖੇਤੀ ਕਰ ਰਿਹਾ ਹੈ ਕੋਈ ਮਜ਼ਦੂਰੀ ਕਰ ਰਿਹਾ ਹੈ ਕੋਈ ਮਜ਼ਦੂਰ ਵੀ ਖੇਤੀ ਕਰ ਰਿਹਾ ਹੈ ਕੋਈ ਆਪਣੀ ਮਰਜੀ ਦੇ ਕੰਮ ਦੀ ਮਜ਼ਦੂਰੀ ਕਰ ਰਿਹਾ ਹੈ ਭਾਵ ਕਿ ਸੱਭ ਨੂੰ ਰੁਜਗਾਰ ਮਿਲ ਰਿਹਾ ਹੈ। ਜੇ ਇਸ ਦੇਸ਼ ਦੀ ਧਰਤੀ ਦਾ ਮਾਲਕ ਸਿਰਫ ਇੱਕ ਹੀ ਹੋਇਆ ਫਿਰ ਅਸੀਂ ਸਾਰੇ ਗੁਲਾਮ ਮਜ਼ਦੂਰ ਹੋਵਾਂਗੇ, ਮਾਲਕ ਆਪਣੀ ਮਰਜੀ ਦੀ ਫਸਲ ਪੈਦਾ ਕਰੇਗਾ ਆਪਣੀ ਮਨਮਰਜੀ ਨਾਲ ਫਸਲ ਅਤੇ ਮਜ਼ਦੂਰੀ ਦਾ ਭਾਅ ਤੈਅ ਕਰੇਗਾ, ਉਹ ਮਾਲਕ ਫਿਰ ਸਾਨੂੰ ਸਾਰਿਆਂ ਨੂੰ ਜਿਉਂਦੇ ਰੱਖਣ ਲਈ ਮਜ਼ਦੂਰੀ ਰਾਹੀਂ ਭੋਜਨ ਵੀ ਉਨੇ ਕੁ ਲੋਕਾਂ ਨੂੰ ਹੀ ਦੇਵੇਗਾ ਜਿੰਨੇ ਮਜ਼ਦੂਰਾਂ ਦੀ ਉਸ ਨੂੰ ਲੋੜ ਹੋਵੇਗੀ ਬਾਕੀਆਂ ਨੂੰ ਮਰਨ ਲਈ ਛੱਡ ਦੇਵੇਗਾ, ਸਾਡੇ ਕੋਲ ਕੋਈ ਹੱਕ ਵੀ ਨਹੀਂ ਹੋਣਗੇ, ਇਹ ਹੋਵੇਗੀ ਅਸਲੀ ਗੁਲਾਮੀ। ਗੁਲਾਮਾਂ ਦੀ ਨਾ ਕੋਈ ਆਪਣੀ ਧਰਤੀ ਹੁੰਦੀ ਹੈ, ਨਾ ਕਿਰਤ ਅਤੇ ਨਾ ਕੋਈ ਆਪਣਾ ਸੱਭਿਆਚਾਰ ਹੁੰਦਾ ਹੈ। ਸਾਡੇ ਲਈ ਅਜਿਹੀ ਗੁਲਾਮੀ ਦਾ ਤਾਣਾ ਬਾਣਾ ਨੈੱਟ ਰਾਹੀਂ ਬੁਣਿਆ ਜਾ ਰਿਹਾ ਹੈ, ਇਸ ਨੈੱਟ ਰਾਹੀਂ ਜਿੱਥੇ ਸਾਨੂੰ ਆਪਣੀ ਧਰਤੀ, ਕਿਰਤ ਅਤੇ ਸੱਭਿਆਚਾਰ ਨਾਲੋਂ ਤੋੜਿਆ ਜਾ ਰਿਹਾ ਹੈ ਉੱਥੇ ਸਾਡੇ ਸਮੇਂ, ਸ਼ਰਮ ਅਤੇ ਮਿਲ ਵਰਤਣ ਵਾਲੇ ਸੰਸਕਾਰਾਂ ਨੂੰ ਵੀ ਖਤਮ ਕੀਤਾ ਜਾ ਰਿਹਾ ਹੈ, ਅਫਸੋਸ ਕਿ ਅਸੀਂ ਬਿਨਾ ਸੋਚੇ ਸਮਝੇ ਨੈੱਟ ਦੀ ਇਸ ਚਾਲ ਵਿੱਚ ਬੁਰੀ ਤਰ੍ਹਾਂ ਫਸਦੇ ਜਾ ਰਹੇ ਹਾਂ। ਅਸੀਂ ਲੋੜੀਂਦੀ ਖੇਤੀ ਜਾਂ ਲੋੜੀਂਦੇ ਕਾਰਖਾਨਿਆਂ ਵਿੱਚ ਸਰੀਰਕ ਮਿਹਨਤ ਵਾਲਾ ਕੰਮ ਕਰਕੇ ਕਮਾਈ ਕਰਨ ਦੀ ਥਾਂ ਨੈੱਟ ਤੇ ਬਣੇ ਵੱਖਰੇ ਵੱਖਰੇ ਬੇਲੋੜੇ ਸਾਧਨਾਂ (ਫੇਸਬੁੱਕ ਇੰਸਟਾਗ੍ਰਾਮ ਅਦਿ) ਰਾਹੀ ਚੰਗੀ, ਮੰਦੀ ਅਤੇ ਬੇਲੋੜੀ ਸਮੱਗਰੀ ਸਾਂਝੀ ਕਰਕੇ ਕਮਾਈ ਕਰਨ ਵੱਲ ਨੂੰ ਦੌੜ ਰਹੇ ਹਾਂ, ਯਾਦ ਰੱਖਿਓ ਇਸ ਨੈੱਟ ਤੇ ਪੈਸੇ ਕਮਾਏ ਜਾ ਸਕਦੇ ਹਨ ਪਰ ਭੋਜਨ ਪੈਦਾ ਨਹੀਂ ਕੀਤਾ ਜਾ ਸਕਦਾ, ਸਾਨੂੰ ਨੈੱਟ ਤੋਂ ਕਮਾਏ ਪੈਸਿਆਂ ਨਾਲ ਭੋਜਨ ਵੀ ਤਾਂ ਹੀ ਮਿਲ ਰਿਹਾ ਹੈ ਕਿਉਂਕਿ ਹਾਲੇ ਬਹੁਤ ਸਾਰੇ ਲੋਕ ਅੰਨ ਪੈਦਾ ਕਰ ਰਹੇ ਹਨ, ਸਾਡੀਆਂ ਮੁਢਲੀਆਂ ਲੋੜਾਂ ਲਈ ਸਾਜੋ ਸਮਾਨ ਵੀ ਸਰੀਰਕ ਮਿਹਨਤ ਰਾਹੀਂ ਹੀ ਤਿਆਰ ਹੁੰਦਾ ਨਾ ਕਿ ਨੈੱਟ ਰਾਹੀਂ। ਨੈੱਟ ਇੱਕ ਵਧੀਆ ਸੰਚਾਰ ਸਾਧਨ ਤਾਂ ਹੈ ਜਿਸ ਰਾਹੀਂ ਤੁਸੀਂ ਆਡੀਓ, ਵੀਡੀਓ ਜਾਂ ਲਿਖਤੀ ਸਮੱਗਰੀ ਇੱਕ ਦੂਜੇ ਕੋਲ ਭੇਜ ਸਕਦੇ ਹੋਂ, ਪਰ ਮਨੁੱਖ ਦੀਆਂ ਮੁਢਲੀਆਂ ਲੋੜਾਂ ਰੋਟੀ, ਕੱਪੜਾ ਅਤੇ ਮਕਾਨ ਲਈ ਸਮੱਗਰੀ ਨਾ ਤਾਂ ਨੈੱਟ ਦੀ ਧਰਤੀ ਤੇ ਪੈਦਾ ਹੁੰਦੀ ਹੈ ਨਾ ਇਹ ਨੈੱਟ ਰਾਹੀਂ ਇੱਕ ਥਾਂ ਤੋਂ ਦੂਜੀ ਥਾਂ ਤੇ ਭੇਜੀ ਜਾ ਸਕਦੀ ਹੈ ਜਿਸ ਹਿਸਾਬ ਨਾਲ ਅਸੀਂ ਨੈੱਟ ਦੀ ਖੇਤੀ ਵੱਲ ਦੌੜ ਰਹੇ ਹਾਂ ਅਤੇ ਸਾਨੂੰ ਇਸ ਤੋਂ ਕਮਾਈ ਹੋ ਰਹੀ ਹੈ ਉਸ ਹਿਸਾਬ ਨਾਲ ਖੇਤੀ ਜਾਂ ਕਾਰਖਾਨਿਆਂ ਦੇ ਸਰੀਰਕ ਮਿਹਨਤ ਵਾਲੇ ਕੰਮ ਤਾਂ ਕਿਸੇ ਨੇ ਵੀ ਨਹੀਂ ਕਰਨੇ, ਸਰੀਰਕ ਮਿਹਨਤ ਵਾਲੇ ਕੰਮ ਕਰਕੇ ਅਸੀਂ ਰਾਜੀ ਨਹੀਂ ਹਾਂ, ਜਮੀਨਾਂ ਨਾਲ ਸਾਡਾ ਪਿਆਰ ਨਹੀਂ ਰਿਹਾ, ਜਮੀਨਾਂ ਨਾਲ ਪਿਆਰ ਵੀ ਉਹਨਾਂ ਨੂੰ ਹੀ ਹੁੰਦਾ ਹੈ ਜੋ ਕਿਸੇ ਨਾ ਕਿਸੇ ਰੂਪ ਵਿੱਚ ਜਮੀਨਾਂ ਨਾਲ ਜੁੜੇ ਹੋਏ ਹੋਣ, ਜਮੀਨਾਂ ਵੇਚ ਕੇ ਅਸੀਂ ਨੈੱਟ ਦੇ ਸਾਧਨ ਮੋਬਾਇਲ ਵਗੈਰਾ ਖਰੀਦਣ ਨੂੰ ਆਪਣੀ ਸ਼ਾਨ ਸਮਝਦੇ ਹਾਂ, ਕਾਰਪੋਰੇਟ ਘਰਾਣਿਆਂ ਤੋਂ ਜਮੀਨਾਂ ਨੂੰ ਬਚਾਉਣ ਲਈ ਵੱਡੀ ਉਮਰ ਦੇ ਲੋਕ ਜੋ ਮਿੱਟੀ ਨਾਲ ਜੁੜੇ ਹੋਏ ਹਨ ਉਹ ਮੋਦੀ ਵਰਗੇ ਦੇਸ਼ ਵੇਚੂ ਲੀਡਰਾਂ ਵਿਰੁੱਧ ਧਰਨਿਆਂ ਮੁਜਾਹਰਿਆਂ ਰਾਹੀਂ ਲੜ ਰਹੇ ਹਨ, ਨਵੀਂ ਪੀੜ੍ਹੀ ਕੁੱਝ ਕੁ ਤਾਂ ਦੇਸ਼ ਦੀ ਧਰਤੀ ਉੱਤੇ ਹੀ

ਰਹਿਣਾ ਪਸੰਦ ਨਹੀਂ ਕਰਦੀ ਜੋ ਦੇਸ਼ ਵਿੱਚ ਰਹੇਗੀ ਉਹ ਆਪਣੀ ਅਸਲੀ ਧਰਤੀ ਉੱਤੇ ਰਹਿਣ ਦੀ ਥਾਂ ਨੈੱਟ ਦੀ ਉਸਾਰੀ ਨਕਲੀ ਧਰਤੀ ਤੇ ਸਵਾਰ ਹੋ ਚੁੱਕੀ ਹੈ, ਬਜੁਰਗ ਕਿੰਨਾ ਕੁ ਚਿਰ ਲੜਨਗੇ? ਜਿਸ ਤਰਾਂ ਅਸੀਂ ਨੈੱਟ ਨਾਲ ਜੁੜਦੇ ਜਾ ਰਹੇ ਇਸ ਨੂੰ ਵੇਖ ਕੇ ਤਾਂ ਮੈਨੂੰ ਇਹ ਨੈੱਟ ਚਿੱਟੇ (ਨਸ਼ਿਆਂ) ਨਾਲੋਂ ਵੀ ਵੱਧ ਖਤਰਨਾਕ ਲੱਗ ਰਿਹਾ ਹੈ, ਕਿਤੇ ਇਹ ਨਾ ਹੋਵੇ ਕਿ ਸਾਨੂੰ ਇਸ ਨੈੱਟ ਦੀ ਨਕਲੀ ਧਰਤੀ ਅਤੇ ਕਮਾਈ ਨਾਲ ਜੋੜ ਕੇ ਕਾਰਪੋਰੇਟ ਸਾਡੇ ਕੋਲੋਂ ਸਾਡੀ ਅਸਲੀ ਧਰਤੀ ਤੇ ਕਮਾਈ ਹੀ ਨਾ ਖੋਹ ਲੈਣ, ਅਸੀਂ ਕਾਰਪੋਰੇਟਾਂ ਦੀਆਂ ਚਾਲਾਂ ਨੂੰ ਨਾ ਸਮਝਦੇ ਹੋਏ ਸਾਡੇ ਜਿਉਂਦੇ ਰਹਿਣ ਲਈ ਲੋੜੀਂਦੇ ਖੇਤੀ ਅਤੇ ਕਾਰਖਾਨਿਆਂ ਦੇ ਕੰਮ ਦੀ ਕਿਰਤ ਨੂੰ ਛੱਡ ਕੇ ਨੈੱਟ ਤੇ ਪਾਉਣ ਲਈ ਬੇਲੋੜੀ ਸਮੱਗਰੀ ਤਿਆਰ ਕਰਨ ਵਾਲੀ ਬੇਲੋੜੀ ਕਿਰਤ ਕਰਨ ਨੂੰ ਪਹਿਲ ਦੇ ਕੇ ਅਮੀਰ ਬਣਨ ਦੀ ਦੌੜ ਵਿੱਚ ਅੰਨੇਵਾਹ ਦੌੜ ਰਹੇ ਹਾਂ, ਨੈੱਟ ਸਮੱਗਰੀ ਨੂੰ ਮੈਂ ਬੇਲੋੜੀ ਇਸ ਲਈ ਕਹਿ ਰਿਹਾ ਹਾਂ ਕਿ ਸਾਨੂੰ ਜਿਉਂਦੇ ਰਹਿਣ ਲਈ ਇਸ ਦੀ ਲੋੜ ਨਹੀਂ ਹੈ, ਖੇਤੀ ਅਤੇ ਕਾਰਖਾਨਿਆਂ ਦਾ ਕੰਮ ਸਾਡੀ ਜਿੰਦਗੀ ਦੀ ਲੋੜ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਸਾਨੂੰ ਜਿਉਂਦੇ ਰਹਿਣ ਲਈ ਨੈੱਟ ਦੀ ਲੋੜ ਹੀ ਨਹੀਂ ਹੈ, ਦੂਜੀ ਗੱਲ ਕਿ ਇਸ ਹਵਾ ਵਿੱਚ ਚੱਲ ਰਹੇ ਨੈੱਟ ਕਾਰਖਾਨੇ ਦਾ ਮਾਲਕ ਇੱਕ ਹੈ ਉਹ ਕਦੇ ਵੀ ਇਸ ਨੂੰ ਬੰਦ ਕਰ ਸਕਦਾ ਹੈ ਜਾਂ ਇਹ ਵੀ ਕਹਿ ਸਕਦਾ ਹੈ ਕਿ ਤੁਸੀਂ ਨੈੱਟ ਤੇ ਸਮੱਗਰੀ ਪਾਓ ਜਾਂ ਨਾ ਪਾਓ ਪਰ ਇਸ ਦਾ ਤੁਹਾਨੂੰ ਪੈਸਾ ਕੋਈ ਨਹੀ ਮਿਲੇਗਾ, ਫਿਰ ਤੁਹਾਡੇ ਕੋਲ ਇਸ ਦਾ ਕੀ ਬਦਲ ਹੋਵੇਗਾ, ਕੀ ਇਹ ਬਿਗਾਨੀ ਛਾਹ ਤੇ ਮੁੱਛਾਂ ਮੁੰਨਵਾਉਣ ਵਾਲੀ ਗੱਲ ਨਹੀਂ ਹੈ? ਸਾਨੂੰ ਸਾਡੀ ਧਰਤੀ ਨਾਲੋਂ ਤੋੜਨ ਲਈ ਜੋ ਸਾਡੇ ਜਿਉਂਦੇ ਰਹਿਣ ਲਈ ਅਤੀ ਜਰੂਰੀ ਹੈ ਉਸ ਖੇਤੀ ਅਤੇ ਇਸ ਦੇ ਸਹਾਇਕ ਧੰਦਿਆਂ ਨੂੰ ਘਾਟੇ ਦੇ ਸੌਦੇ ਕਹਿ ਕੇ ਬਦਨਾਮ ਕੀਤਾ ਜਾ ਰਿਹਾ ਹੈ, ਹੱਥੀਂ ਕੰਮ ਕਰਨ ਨੂੰ ਬੇਇੱਜਤੀ ਸਮਝਿਆ ਜਾ ਰਿਹਾ ਹੈ, ਸਾਡੇ ਦੇਸ਼ ਦੀ ਧਰਤੀ ਨੂੰ ਬਦਨਾਮ ਕੀਤਾ ਜਾ ਰਿਹਾ ਹੈ ਕਿ ਇਹ ਤਾਂ ਰੇਹਾਂ ਸਪ੍ਰੇਹਾਂ ਨਾਲ ਪ੍ਰਦੂਸ਼ਤ ਹੋ ਚੁੱਕੀ ਹੈ, ਸਾਡੇ ਦੇਸ਼ ਦੇ ਨੌਜੁਆਨ ਆਪਣੇ ਘਰ ਰਹਿ ਕੇ ਸੌਖੀ ਕਿਰਤ ਕਰਨ ਦੀ ਥਾਂ ਆਪਣੀਆਂ ਕੀਮਤੀ ਜਮੀਨਾ ਵੇਚ ਕੇ ਜਾਂ ਕੋਈ ਹੋਰ ਹੀਲਾ ਵਸੀਲਾ ਵਰਤ ਕੇ ਆਪਣੀ ਬਹੁਮੁੱਲੀ ਛੇ ਰੁੱਤਾਂ ਦੇ ਵਾਤਾਵਰਣ ਵਾਲੀ ਧਰਤੀ ਨੂੰ ਛੱਡ ਕੇ ਠੰਡੇ ਜਾਂ ਤੱਤੇ ਵਾਤਾਵਰਣਾਂ ਵਾਲ਼ੇ ਵਿਦੇਸ਼ਾਂ ਵਿੱਚ ਜਾ ਕੇ ਔਖੀ ਤੋਂ ਔਖੀ ਮਜ਼ਦੂਰੀ ਕਰਨ ਨੂੰ ਪਹਿਲ ਦੇ ਰਹੇ ਹਨ। ਸਾਨੂੰ ਆਪਣੀ ਧਰਤੀ ਅਤੇ ਕਿਰਤ ਨਾਲ਼ੋਂ ਤੋੜਨ ਲਈ ਨੈੱਟ ਰਾਹੀਂ ਚੱਲੀ ਜਾ ਰਹੀ ਇਸ ਚਾਲ ਵਿੱਚੋਂ ਨਿਕਲ ਕੇ ਨੈੱਟ ਲਈ ਬੇਲੋੜੀ ਸਮੱਗਰੀ ਤਿਅਰ ਕਰਨ ਦੀ ਥਾਂ ਖੇਤੀ, ਖੇਤੀ ਦੇ ਸਹਾਇਕ ਧੰਦਿਆਂ ਅਤੇ ਕਾਰਖਾਨਿਆਂ ਵਿੱਚ ਲੋੜੀਂਦੀ ਹੱਥੀਂ ਮਿਹਨਤ ਕਰਨੀ ਚਾਹੀਂਦੀ ਹੈ ਤਾਂ ਕਿ ਇਸ ਸੱਚੀ ਕਿਰਤ ਰਾਹੀਂ ਅਸੀਂ ਆਪਣੇ ਆਪ ਨੂੰ ਅਤੇ ਅਪਣੇ ਦੇਸ਼ ਨੂੰ ਖੁਸ਼ਹਾਲ ਬਣਾ ਸਕੀਏ। ਅਸੀਂ ਹਰ ਉਮਰ ਦੇ ਲੋਕ ਦਿਨ ਰਾਤ ਨੈੱਟ ਚਲਾ ਕੇ ਬੈਠੇ ਰਹਿੰਦੇ ਹਾਂ ਚੰਗੀ, ਮੰਦੀ ਅਤੇ ਬੇਲੋੜੀ ਸਮੱਗਰੀ ਨੈੱਟ ਉੱਤੇ ਚਾੜ੍ਹਦੇ ਰਹਿੰਦੇ ਹਾਂ, ਫਿਰ ਉਹਨਾ ਤੇ ਬੇਲੋੜੀਆਂ ਪਸੰਦਾ, ਬੇਪਸੰਦਾਂ, ਟਿੱਪਣੀਆਂ, ਫਾਲਤੂ ਦੀਆਂ ਬਹਿਸਾਂ ਕਰਨ ਅਤੇ ਉਹਨਾ ਨੂੰ ਸਾਂਝੀਆਂ ਕਰਨ ਤੇ ਆਪਣਾ ਕੀਮਤੀ ਸਮਾਂ ਬਰਬਾਦ ਕਰਦੇ ਰਹਿੰਦੇ ਹਾਂ, ਜਦੋਂ ਅਸੀਂ ਨੈੱਟ ਚਲਾ ਕੇ ਬੈਠ ਜਾਂਦੇ ਹਾਂ ਤਾਂ ਉਸੇ ਸਮੇਂ ਅਸੀਂ ਵਰਤੇ ਜਾਣੇ ਸ਼ੁਰੂ ਹੋ ਜਾਂਦੇ ਹਾਂ, ਅਸੀਂ ਬਿਨਾ ਮਜ਼ਦੂਰੀ ਤੋਂ ਕਿਸੇ ਲਈ ਕੰਮ ਕਰਨਾ ਸ਼ੁਰੂ ਕਰ ਦਿੰਦੇ ਹਾਂ, ਸਾਡਾ ਸਮਾਂ ਸੱਭ ਤੋਂ ਵੱਧ ਕੀਮਤੀ ਹੁੰਦਾ ਹੈ, ਨੈੱਟ ਵਾਲੇ ਵੀ ਉਸੇ ਸਮੱਗਰੀ (ਪੋਸਟ) ਦੇ ਵੱਧ ਪੈਸੇ ਦਿੰਦੇ ਹਨ ਜਿਸ ਤੇ ਵੱਧ ਗਿਣਤੀ ਲੋਕਾਂ ਦਾ ਜਿਆਦਾ ਸਮਾਂ ਖਰਾਬ ਹੋਇਆ ਹੁੰਦਾ ਹੈ ਭਾਵ ਕਿ ਜੋ ਸਮੱਗਰੀ ਲੋਕਾਂ ਨੂੰ ਵੱਧ ਤੋਂ ਸਮਾਂ ਨੈੱਟ ਨਾਲ ਜੋੜ ਕੇ ਰੱਖਦੀ ਹੈ। ਇਸ ਲਈ ਆਪਣੀ ਕਿਰਤ ਨੂੰ ਛੱਡ ਕੇ ਨੈੱਟ ਨੂੰ ਆਪਣੀ ਜਿੰਦਗੀ ਦਾ ਹਿੱਸਾ ਨਾ ਬਣਾਓ, ਜੇ ਤੁਸੀਂ ਨੈੱਟ ਨੂੰ ਆਪਣੇ ਜੀਵਨ ਦਾ ਹਿੱਸਾ ਬਣਾ ਰਹੇ ਹੋਂ ਤਾਂ ਨੈੱਟ ਤੁਹਾਡੇ ਜੀਵਨ ਦੇ ਹਿੱਸੇ ਨੂੰ ਖਾ ਜਾਵੇਗਾ, ਨਾ ਹੀ ਨੈੱਟ ਨੂੰ ਆਪਣੀ ਕਮਾਈ ਦਾ ਸਾਧਨ ਬਣਾਓ, ਜੇ ਤੁਸੀਂ ਨੈੱਟ ਤੋਂ ਕਮਾਈ ਕਰ ਰਹੇ ਹੋਂ ਤਾਂ ਤੁਸੀਂ ਆਪਣੇ ਚਾਹੁਣ ਵਾਲਿਆਂ ਦੇ ਸਮੇਂ ਨੂੰ ਬਰਬਾਦ ਕਰਨ ਦਾ ਕਮੀਸ਼ਨ (ਦਲਾਲੀ) ਖਾ ਰਹੇ ਹੋ ਅਤੇ ਨੈੱਟ ਮਾਲਕਾਂ ਦੀ ਕਮਾਈ ਦਾ ਸੰਦ ਬਣ ਰਹੇ ਹੋਂ। ਇਹ ਨੈੱਟ ਤੁਹਾਨੂੰ ਤੁਹਾਡੀ ਧਰਤੀ, ਕਿਰਤ ਅਤੇ ਤੁਹਾਡੇ ਸੱਭਿਆਚਾਰ ਨਾਲੋਂ ਤੋੜਨ ਦੀ ਵੱਧ ਕੀਮਤ ਵੀ ਦੇ ਦੇਵੇਗਾ ਤਾਂ ਕਿ ਤੁਸੀਂ ਜਲਦੀ ਆਪਣੀ ਧਰਤੀ, ਕਿਰਤ ਅਤੇ ਸੱਭਿਆਚਾਰ ਨਾਲ਼ੋਂ ਟੁੱਟ ਕੇ ਇਸ ਉੱਤੇ ਨਿਰਭਰ ਹੋ ਜਾਵੋਂ, ਪਰ ਜਦੋਂ ਇਸ ਨੈੱਟ ਨੇ ਤੁਹਾਡੀ ਧਰਤੀ ਅਤੇ ਕਿਰਤ ਕਰਨ ਦੀ ਸ਼ਕਤੀ ਖੋਹ ਲਈ ਫਿਰ ਤੁਸੀਂ ਆਪਣੀ ਇਸ ਧਰਤੀ ਤੇ ਕਿਰਤ ਕਰਨ ਅਤੇ ਖੁਲ੍ਹ ਕੇ ਤੁਰਨ ਨੂੰ ਵੀ ਤਰਸੋਂਗੇ, ਨੈੱਟ ਚਲਾਉਣਾ ਤਾਂ ਦੂਰ ਦੀ ਗੱਲ ਹੈ, ਤੁਹਾਨੂੰ ਆਪਣਾ ਪੇਟ ਪਾਲਣਾ ਵੀ ਔਖਾ ਹੋ ਜਾਵੇਗਾ, ਹੁਣ ਵੀ ਕਿੰਨੀਆਂ ਕੁ ਕੰਪਨੀਆਂ ਹਨ ਜੋ ਆਪਣੇ ਮਜ਼ਦੂਰਾਂ ਨੂੰ ਫੋਨ ਅੰਦਰ ਲੈ ਕੇ ਜਾਣ ਦੀ ਇਜਾਜਤ ਦਿੰਦੀਆਂ ਹਨ? ਜਦੋਂ ਖੇਤੀ ਸਮੇਤ ਸਮੁੱਚੇ ਕਾਰਖਾਨਿਆਂ ਦਾ ਮਾਲਕ ਇੱਕ ਹੋਇਆ ਫਿਰ ਇਹ ਫੋਨ ਅਤੇ ਨੈੱਟ ਨਹੀਂ ਚੱਲਣੇ ਨਾ ਹੀ ਫਿਰ ਧਰਨੇ ਮੁਜਾਹਰੇ ਹੋਣੇ ਹਨ ਫਿਰ ਤਾਂ ਮਜ਼ਦੂਰੀ ਮੰਗਣ ਲਈ ਵੀ ਬੇਨਤੀਆਂ ਹੀ ਕਰਨੀਆਂ ਪੈਣਗੀਆਂ ਫਿਰ ਪਤਾ ਲੱਗੇਗਾ ਕਿ ਅਸਲੀ ਗੁਲਾਮੀ ਕੀ ਹੁੰਦੀ ਹੈ, ਪਹਿਲਾਂ ਤਾਂ ਅੰਗ੍ਰੇਜਾਂ ਨੇ ਸਾਡੇ ਤੇ ਧੱਕੇ ਨਾਲ ਕਬਜਾ ਕੀਤਾ ਸੀ ਜੋ ਲੋਕਾਂ ਨੇ ਛੁਡਾ ਵੀ ਲਿਆ ਸੀ, ਹੁਣ ਅਗਲਿਆਂ ਨੇ ਕਬਜ਼ਾ ਨਹੀਂ ਕਰਨਾ ਹੁਣ ਤਾਂ ਤੁਹਾਡੀ ਜਮੀਨ ਤੁਹਾਡੇ ਕੋਲੋਂ ਮੁੱਲ ਖਰੀਦਣੀ ਹੈ ਵੇਚੀ ਹੋਈ ਵਸਤੂ ਤੇ ਵੇਚਣ ਵਾਲੇ ਦਾ ਹੱਕ ਸਦਾ ਲਈ ਖਤਮ ਹੋ ਜਾਂਦਾ ਹੈ। ਮੇਰਾ ਇਸ ਤਰ੍ਹਾਂ ਕਹਿਣ ਤੋ ਭਾਵ ਇਹ ਨਹੀਂ ਹੈ ਕਿ ਆਪਾਂ ਨੈੱਟ ਨੂੰ ਤਿਆਗ ਹੀ ਦੇਈਏ, ਨਹੀਂ ਤਿਆਗਣਾ ਨਹੀਂ ਹੈ ਪਰ ਇਸ ਦੀ ਵਰਤੋਂ ਆਪਣੀ ਜਰੂਰੀ ਲੋੜ ਲਈ ਹੀ ਕਰੀਏ, ਕਿਤੇ ਇਹ ਨਾ ਹੋਵੇ ਕਿ ਅਸੀਂ ਨੈੱਟ ਨੂੰ ਬੇਲੋੜਾ ਵਰਤਦੇ ਰਹੀਏ ਨੈੱਟ ਸਾਨੂੰ ਹੀ ਵਰਤ ਜਾਵੇ। ਅੱਜ ਦੇਸ਼ ਦੀ ਵਾਂਗਡੋਰ ਉਹਨਾ ਮਾੜੇ ਲੀਡਰਾਂ ਦੇ ਹੱਥ ਵਿੱਚ ਆ ਚੁੱਕੀ ਹੈ ਜੋ ਕਾਰਪੋਰੇਟਾਂ ਦੀਆਂ ਕਠਪੁਤਲੀਆਂ ਬਣ ਕੇ ਦੇਸ਼ ਦੀ ਜੰਤਾ ਦੇ ਭਲੇ, ਨੌਜੁਆਨੀ ਨੂੰ ਆਪਣੇ ਦੇਸ਼ ਨਾਲ ਜੋੜਨ ਅਤੇ ਖੇਤੀ ਨੂੰ ਲਾਹੇਬੰਦ ਧੰਦਾ ਬਣਾਉਣ ਦੀ ਥਾਂ ਸਾਨੂੰ ਜਾਤਾਂ, ਧਰਮਾਂ, ਸੂਬਿਆਂ ਦੇ ਝਗੜਿਆਂ ਅਤੇ ਇੱਕ ਦੂਜੇ ਦੇ ਵਿਰੁੱਧ ਲੜਵਾ ਕੇ ਖੁਦ ਦੇਸ਼ ਨੂੰ ਵੇਚਣ ਤੇ ਲੱਗੇ ਹੋਏ ਹਨ। ਇਸ ਲਈ ਸਾਨੂੰ ਸਾਰੀਆਂ ਜਾਤਾਂ, ਧਰਮਾਂ, ਸੂਬਿਆਂ ਦੇ ਝਗੜਿਆਂ ਅਤੇ ਇੱਕ ਦੂਜੇ ਦੇ ਵਿਰੋਧਾਂ ਨੂੰ ਛੱਡ ਕੇ ਸਾਡੇ ਦੇਸ਼ ਦੀ ਸਮੁੱਚੀ ਮਨੁੱਖਤਾ ਦੇ ਭਲੇ ਲਈ ਇੱਕ ਹੋ ਕੇ ਖੁਦ ਸੋਚਣਾ ਪਵੇਗਾ ਕਿ ਅਸੀਂ ਆਪਣੀ ਧਰਤੀ, ਹੋਂਦ, ਕਿਰਤ ਅਤੇ ਸੱਭਿਆਚਾਰ ਨੂੰ ਕਿਵੇਂ ਬਚਾਉਣਾ ਹੈ। -0-

**ਸਫਾ 16 ਦਾ ਬਾਕੀ**

ਆਦਰਸ਼ਾਂ ਦੀ ਸਫਲਤਾ ਵਾਸਤੇ ਲੋੜੀਂਦੇ ਪ੍ਰਬੰਧਕੀ ਢਾਂਚੇ ਦੀ ਗੁਣਕਾਰੀ-ਸਮਰੱਥਾ, ਪ੍ਰਭਾਵਸ਼ਾਲੀ ਯੋਗਤਾ ਤੇ ਕੁਸ਼ਲ-ਨਿਪੁੰਨਤਾ ਦੀ ਕਾਇਮੀ ਅਤੇ ਸੁਚਾਰੂ-ਪ੍ਰਵਾਹ ਦੀ ਜ਼ਿੰਮੇਵਾਰੀ ਪੰਥਪ੍ਰਸਤ ਗੁਰਸਿੱਖਾਂ ਦੇ ਸਿਰ 'ਤੇ ਹੈ।

ਅਜੋਕੇ ਸਮੇਂ ਇਸ ਸੰਦਰਭ ਵਿਚ 'ਖਾਲਸਾ ਏਡ' ਨਾਮੀ ਸੰਸਥਾ ਦੇ ਪ੍ਰਸੰਸਾਯੋਗ ਉਦਮਾਂ ਨੂੰ ਦੁਨੀਆ ਭਰ ਵਿਚ ਸਾਲਾਹਿਆ ਜਾ ਰਿਹੈ। ਸੱਚੇ ਸਿੱਖ ਸੇਵਕ ਸ. ਰਵੀ ਸਿੰਘ ਤੇ ਉਨ੍ਹਾਂ ਦੇ ਸਹਿਯੋਗੀਆਂ ਨੇ ਕੁਦਰਤੀ ਆਫਤਾਂ 'ਚ ਫਸੇ ਹਰੇਕ ਮਨੁੱਖੀ ਵਰਗ ਨੂੰ ਬਿਨਾਂ ਕਿਸੇ ਭੇਦਭਾਵ ਤੋਂ ਬਹੁਪੱਖੀ ਲੋੜੀਂਦੀ ਮਦਦ ਪਹੁੰਚਾਈ ਹੈ। ਭਾਵੇਂ ਭਾਰਤ ਦੀ ਮੁੰਬਈ ਮਹਾਂਨਗਰੀ ਹੋਵੇ ਜਾਂ ਬੰਗਲਾਦੇਸ਼, ਇਸਲਾਮਿਕ ਦੇਸ਼ ਸੀਰੀਆ ਵਿਚ ਭਾਵੇਂ ਵਰ੍ਹਦੀ ਗੋਲੀਬਾਰੀ ਹੋਵੇ ਜਾਂ ਕੇਰਲਾ ਪ੍ਰਾਂਤ ਵਿਚ ਹੜ੍ਹਾਂ ਕਾਰਨ ਤਬਾਹੀ, ਬਿਪਤਾ ਦੀ ਮਾਰ ਝੱਲ੍ਹ ਰਹੀ ਲੋਕਾਈ ਨੂੰ ਇਨ੍ਹਾਂ ਸਮਾਜ ਸੇਵੀਆਂ ਨੇ ਨਿਰਭਉ ਤੇ ਨਿਰਵੈਰ ਹੋ ਕੇ ਸਾਂਭਿਆ ਹੈ। ਮਾਨਵ ਸਮਾਜ ਸੇਵਾਵਾਂ ਵਾਸਤੇ ਹੋਰਾਂ ਸੰਸਥਾਵਾਂ ਨੂੰ ਵੀ ਅੱਗੇ ਆਉਣਾ ਚਾਹੀਦਾ ਹੈ। ਸਮਾਜ ਵਿਗਿਆਨੀ ਬਾਬਾ ਨਾਨਕ ਜੀ ਨੇ ਅਜਿਹੇ ਨਵੇਂ-ਨਿਰਾਲੇ ਅਧਿਆਤਮੋ-ਸਮਾਜਿਕ ਪੰਥ ਦੀ ਨੀਂਹ ਰੱਖੀ:

**ਮਾਰਿਆ ਸਿਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ।**

-0-

# ਸੀਨੀਅਰ ਵਿਦਿਆਰਥੀਆਂ ਦੇ ਮਾਪਿਆਂ ਦੀ ਮਿਲਣੀ

**-ਗੁਰਪ੍ਰੀਤ ਕੌਰ 93176-77301**

10 ਅਗਸਤ 2024 ਨੂੰ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਿਖੇ 27ਵੇਂ ਬੈਚ ਵਾਲੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਬੁਲਾਇਆ ਗਿਆ। ਇਸ ਸਮੇਂ ਅਧਿਆਪਕ, ਪ੍ਰਬੰਧਕ, ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪਿਆਂ ਵਿਚਕਾਰ ਵਿਚਾਰ ਸਾਂਝੇ ਕੀਤੇ ਗਏ। ਵੀਰ ਮਨਜੀਤ ਸਿੰਘ ਜੀ ਨੇ ਸਟੇਜ ਦੀ ਸੇਵਾ ਸੰਭਾਲੀ।

ਮੀਟਿੰਗ ਦੀ ਸ਼ੁਰੂਆਤ ਵਿੱਚ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਦੇ ਵਾਈਸ ਪ੍ਰਿੰਸੀਪਲ ਵੀਰ ਸੁਖਵਿੰਦਰ ਸਿੰਘ ਜੀ ਨੇ ਮਾਪਿਆਂ ਨੂੰ ਜੀ ਆਇਆ ਕਿਹਾ ਅਤੇ ਧੰਨਵਾਦ ਕਰਦਿਆਂ ਹੋਇਆਂ ਉਨ੍ਹਾਂ ਨੂੰ ਸੁਚੇਤ ਵੀ ਕੀਤਾ ਕਿ ਆਪ ਦਾ ਸਭ ਤੋਂ ਵੱਡਾ ਸਹਿਯੋਗ ਹੋਵੇਗਾ ਤਾਂ ਹੀ ਤੁਹਾਡੇ ਬੱਚੇ ਵਧੀਆ ਪ੍ਰਚਾਰਕ ਬਣ ਸਕਣਗੇ।



ਕੈਪਟਨ ਅਵਤਾਰ ਸਿੰਘ ਜੀ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਕੋਰਸ ਖਤਮ ਹੋਣ ਤੋਂ ਬਾਅਦ ਆਪਣੇ ਬੱਚਿਆਂ ਨੂੰ ਪ੍ਰਚਾਰ ਕਰਨ ਵਿੱਚ ਸਹਿਯੋਗ ਦੇਣ ਅਤੇ ਦੂਰ ਦੁਰਾਡੇ ਵੀ ਡਿਊਟੀ'ਤੇ ਜਾਣ ਵਾਸਤੇ ਹੱਲਾਸ਼ੇਰੀ ਦਿਉ ਜੀ। ਉਹਨਾਂ ਨੇ ਬੱਚਿਆਂ ਨੂੰ ਇਨ੍ਹਾਂ ਤਿੰਨ ਚੀਜਾਂ ਚੁਗਲੀ, ਚੋਰੀ ਤੇ ਚਾਪਲੂਸੀ ਤੋਂ ਦੂਰ ਰਹਿ ਕੇ ਸਾਰਿਆਂ ਦਾ ਸਤਿਕਾਰ ਕਰਨ ਦੀ ਪ੍ਰੇਰਨਾ ਦਿੱਤੀ।

ਡਾਇਰੈਕਟਰ ਸ. ਪ੍ਰਭਸ਼ਰਨ ਸਿੰਘ ਜੀ ਨੇ ਬੱਚਿਆਂ ਨੂੰ ਦੱਸਿਆ ਕਿ ਪੜ੍ਹਨਾ ਕਿਸ ਤਰ੍ਹਾਂ ਹੈ। ਤਿੰਨ ਗੱਲਾਂ ਬਹੁਤ ਵਧੀਆ ਦੱਸੀਆਂ - ਪਹਿਲੀ ਗੱਲ ਪੜ੍ਹਾਈ ਦੌਰਾਨ ਗੈਰਹਾਜ਼ਰ ਨਾ ਹੋਵੋ, ਦੂਜੀ ਗੱਲ ਅਧਿਆਪਕ ਦੀ ਗੱਲ ਧਿਆਨ ਨਾਲ ਸੁਣੋ ਅਤੇ ਤੀਜੀ ਗੱਲ ਰਾਤ ਨੂੰ ਸੌਣ ਤੋਂ ਪਹਿਲਾਂ ਸਾਰੇ ਦਿਨ ਵਿੱਚ ਜੋ ਪੜ੍ਹਿਆ ਹੈ, ਉਸ ਨੂੰ ਯਾਦ ਕਰੋ। ਇਹ ਗੱਲਾਂ ਅਪਣਾ ਕੇ ਹਰ ਕੋਈ ਕਾਮਯਾਬ ਹੋ ਸਕਦਾ ਹੈ। ਉਹਨਾਂ ਨੇ ਮਾਪਿਆਂ ਨੂੰ ਜੀ ਆਇਆ ਕਿਹਾ ਤੇ ਇਥੇ ਆਉਣ ਲਈ ਉਹਨਾਂ ਦਾ ਧੰਨਵਾਦ ਕੀਤਾ।

ਗਿਆਨੀ ਗੁਰਬਚਨ ਸਿੰਘ ਪੰਨਵਾਂ ਨੇ ਮਾਪਿਆਂ ਨੂੰ ਜੀ ਆਇਆ ਕਿਹਾ। ਉਨ੍ਹਾਂ ਨੇ ਮਾਪਿਆਂ ਦਾ ਆਪਣੇ ਬੱਚਿਆਂ ਨੂੰ ਤਿੰਨ ਸਾਲਾ ਡਿਪਲੋਮਾ ਗੁਰਮਤਿ ਕੋਰਸ ਕਰਨ ਵਾਸਤੇ ਕਾਲਜ ਭੇਜਣ 'ਤੇ ਧੰਨਵਾਦ ਕੀਤਾ। ਗਿਆਨੀ ਜੀ ਨੇ ਜ਼ਿਕਰ ਕੀਤਾ ਕਿ ਤੁਹਾਡੇ ਬੱਚਿਆਂ ਨੂੰ ਅਸੀਂ ਸਾਰਿਆਂ ਨੇ ਧਰਮ ਦੇ ਰਾਹ 'ਤੇ ਤੁਰਨ ਦਾ ਤਰੀਕਾ ਸਿਖਾਉਣ ਦੀ ਕੋਸ਼ਿਸ਼ ਕੀਤੀ ਹੈ, ਜਿਸ ਵਿਚ ਆਪ ਦਾ ਵੱਡਾ ਸਹਿਯੋਗ ਹੈ ਅਤੇ ਆਸ ਕਰਦੇ ਹਾਂ ਕਿ ਅੱਗੇ ਵੀ ਸਹਿਯੋਗ ਰਹੇਗਾ।

ਵਿਦਿਆਰਥੀ ਅਵਤਾਰ ਸਿੰਘ, ਗੁਰਸੇਵਕ ਸਿੰਘ, ਰਣਜੀਤ ਸਿੰਘ, ਗੁਰਧਿਆਨ ਸਿੰਘ ਅਤੇ ਸਾਹਿਬਵੀਰ ਸਿੰਘ ਨੇ ਦਸਿਆਂ ਕਿ ਕਾਲਜ ਆਉਣ ਤੋਂ ਪਹਿਲਾਂ ਸਾਡੀ ਜਿੰਦਗੀ ਹੋਰ ਸੀ ਅਤੇ ਇਥੇ ਆ ਕੇ ਬਦਲ ਗਈ ਹੈ। ਉਹਨਾਂ ਕਿਹਾ ਕਿ ਇਥੇ ਸਾਨੂੰ ਗੁਰਬਾਣੀ, ਸਿੱਖ ਰਹਿਤ ਮਰਿਯਾਦਾ ਅਤੇ ਇਤਿਹਾਸ ਬਾਰੇ ਜਾਣਕਾਰੀ ਮਿਲੀ ਹੈ। ਵਿਦਿਆਰਥੀਆਂ ਨੇ ਆਪਣੇ ਜੀਵਨ ਵਿਚ ਆਏ ਬਦਲਾਅ ਬਾਰੇ ਖੁੱਲ੍ਹ ਕੇ ਵਿਚਾਰਾਂ ਕੀਤੀਆਂ ਅਤੇ ਸਾਰੇ ਅਧਿਆਪਕਾਂ ਅਤੇ ਪ੍ਰਬੰਧਕਾਂ ਦਾ ਧੰਨਵਾਦ ਕਰਦੇ ਹੋਏ ਕਾਲਜ ਦੇ ਦਿਨਾਂ ਨੂੰ ਨਾ ਭੁੱਲਣ ਵਾਲਾ ਸਮਾਂ ਦੱਸਿਆ।

ਮਾਪਿਆਂ ਵਲੋਂ ਵੀ ਕਿਹਾ ਗਿਆ ਕਿ ਵੱਡੀ ਚੀਜ ਇਸ ਕਾਲਜ ਵਿੱਚ ਬੱਚੇ ਨੂੰ ਫੋਨ ਨਹੀ ਵਰਤਣ ਦਿੱਤਾ ਜਾਂਦਾ। ਉਹਨਾਂ ਕਿਹਾ ਕਿ ਜਿਵੇਂ ਫੌਜ ਵਿੱਚ ਅਨੁਸ਼ਾਸਨ ਹੁੰਦਾ ਹੈ, ਇਥੇ ਵੀ ਅਨੁਸ਼ਾਸਨ ਬਹੁਤ ਹੈ, ਸਾਰੇ ਟਾਈਮ ਦੇ ਪਾਬੰਦ ਹਨ। ਇਥੇ ਆ ਕੇ ਬੱਚੇ ਨਸ਼ਿਆਂ ਤੋਂ ਬਚੇ ਰਹਿਣਗੇ। ਮਾਪਿਆਂ ਨੇ ਕਿਹਾ ਕਿ ਉਹ ਕਾਲਜ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਨ।

ਅਖੀਰ ਵਿਚ ਚੇਅਰਮੈਨ ਰਾਣਾ ਇੰਦਰਜੀਤ ਸਿੰਘ ਜੀ ਨੇ ਸਾਰੇ ਮਾਪਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਬੱਚੇ ਨੂੰ ਜੋ ਪੜ੍ਹਾਇਆ ਗਿਆ, ਉਸ ਉਤੇ ਵਿਸ਼ਵਾਸ ਕਰਨਾ ਅਤਿ ਜ਼ਰੂਰੀ ਹੈ। ਮਾਂ ਪਿਓ ਬੱਚਿਆਂ ਦੇ ਰੁਜ਼ਗਾਰ ਪ੍ਰਤੀ ਫਿਕਰਮੰਦ ਹੁੰਦੇ ਹਨ, ਪਰ ਇਥੇ ਪਹਿਲਾ ਮੰਤਵ ਪ੍ਰਚਾਰ ਹੋਵੇ। ਉਨ੍ਹਾਂ ਨੇ ਸੰਗਤਾਂ ਦਾ ਸਹਿਯੋਗ ਮੰਗਦੇ ਹੋਏ ਜ਼ੋਰ ਦੇ ਕੇ ਕਿਹਾ ਕਿ ਇਹ ਸਾਰੇ ਕਾਰਜ ਤੁਹਾਡੇ ਸਹਿਯੋਗ ਤੋਂ ਬਿਨਾਂ ਨਹੀਂ ਚਲਾਏ ਜਾ ਸਕਦੇ ਅਸੀਂ ਇਕ ਵਾਰ ਫਿਰ ਆਪ ਜੀ ਦਾ ਧੰਨਵਾਦ ਕਰਦੇ ਹਾਂ।

ਇਸ ਸਮੇਂ ਬਾਪੂ ਜਗਤਾਰ ਸਿੰਘ 'ਅਕਾਲੀ', ਚੇਅਰਮੈਨ ਵੀਰ ਰਾਣਾ ਇੰਦਰਜੀਤ ਸਿੰਘ, ਡਾਇਰੈਕਟਰ ਪ੍ਰਭਸ਼ਰਨ ਸਿੰਘ, ਪ੍ਰਿੰਸੀਪਲ ਗੁਰਬਚਨ ਸਿੰਘ, ਕੈਪਟਨ ਅਵਤਾਰ ਸਿੰਘ, ਵਾਈਸ ਪ੍ਰਿੰਸੀਪਲ ਸੁਖਵਿੰਦਰ ਸਿੰਘ ਦਦੇਹਰ ਜੀ, ਰਘਬੀਰ ਸਿੰਘ, ਚਤਰਪਾਲ ਸਿੰਘ, ਅਮਰ ਸਿੰਘ, ਰਜਿੰਦਰ ਸਿੰਘ, ਰੋਹਿਤ ਸਿੰਘ, ਕੁਲਵਿੰਦਰ ਸਿੰਘ ਅਤੇ ਬੀਬੀ ਇੰਦਰ ਰਾਜ ਕੌਰ, ਬੀਬੀ ਗੁਰਮੀਤ ਕੌਰ, ਬੀਬੀ ਰਜਿੰਦਰ ਕੌਰ ਅਤੇ ਬੀਬੀ ਗੁਰਪ੍ਰੀਤ ਕੌਰ ਜੀ ਨੇ ਸਾਰੇ ਹੀ ਵਿਦਿਆਰਥੀਆਂ ਦੇ ਮਾਤਾ-ਪਿਤਾ ਨੂੰ ਕਾਲਜ ਵੱਲੋ ਯਾਦਗਿਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ।

-0-

**ਸਫਾ 24 ਦਾ ਬਾਕੀ**

ਇਤਿਹਾਸਕਾਰ ਲਈ ਤਾਂ ਜ਼ਰੂਰੀ ਹੈ ਕਿ ਉਹ ਹਰ ਪ੍ਰਕਾਰ ਦੀ ਕਿਤਾਬ ਨੂੰ ਅੱਖਾਂ ਵਿਚੋਂ ਦੀ ਕਢੇ। ਹੋਰ ਵੀ ਅਨੇਕਾਂ ਤਵਾਰੀਖਾਂ ਹੋਣਗੀਆਂ, ਜਿਨ੍ਹਾਂ ਤੋਂ ਇਸ ਸੌ ਸਾਲ ਦੇ ਸਿੱਖ-ਇਤਿਹਾਸ ਨੂੰ ਸਹਾਇਤਾ ਮਿਲ ਸਕਦੀ ਹੋਵੇ, ਪਰ ਜੇਕਰ ਉੱਤੇ ਦੱਸੀਆਂ ੫੭ ਤਵਾਰੀਖਾਂ ਨੂੰ ਹੀ ਗਹੁ ਨਾਲ ਪੜ੍ਹ ਲਿਆ ਜਾਵੇ ਤਾਂ ਸਿੱਖੀ-ਨਿਸ਼ਾਨ ਦਾ ਇਕ ਅਦੁਤੀ ਨਜ਼ਾਰਾ ਅੱਖਾਂ ਅੱਗੇ ਆ ਜਾਂਦਾ ਹੈ।

ਗੁਰੂ ਜੀ ਕਿਰਪਾ ਕਰਨ ਕਿ ਇਹ ਸਭ ਮਸਾਲਾ ਕਿਸੇ ਇਕ ਥਾਂ ਇਕੱਠਾ ਹੋ ਜਾਵੇ ਤਦ ਇਤਿਹਾਸ ਖੋਜ ਦਾ ਕੈਸਾ ਅਨੰਦ ਆਵੇ।

ਇਹ ਉਹ ਮਸਾਲਾ ਹੈ ਜੋ ਤਵਾਰੀਖਾਂ ਵਿਚ ਪਿਆ ਹੈ, ਪਰ ਸਿੱਖ-ਇਤਿਹਾਸ ਦਾ ਬਹੁਤ ਸਾਰਾ ਮਸਾਲਾ ਅਜੇ ਤੀਕ ਲਿਖਤ ਵਿਚ ਨਹੀਂ ਆਇਆ ਅਤੇ ਮੂੰਹ ਜਬਾਨੀ ਯਾਦ ਹੈ। ਬਹੁਤ ਥੋੜ੍ਹੇ ਸੱਜਣਾਂ ਨੂੰ ਸਿੱਖ ਇਤਿਹਾਸ ਦਾ ਖਿਆਲ ਹੈ। ਜੇ ਕੁਝ ਸੱਜਣ ਵੀ, ਸਿੱਖ-ਇਤਿਹਾਸ ਨੂੰ ਪੂਰਾ ਕਰਨ ਦਾ ਜਤਨ ਕਰਨ ਤਾਂ ਇਹ ਕੰਮ ਸੁਖਾਲ ਨਾਲ ਹੀ ਹੋ ਸਕਦਾ ਹੈ। ਕੌਮ ਦੇ ਸ਼ੁਭ-ਚਿੰਤਕਾਂ ਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਇਤਿਹਾਸ ਤੋਂ ਬਿਨਾਂ ਕੋਈ ਕੌਮ, ਕੌਮ ਅਖਵਾਉਣ ਦੀ ਹੱਕਦਾਰ ਨਹੀਂ। -0-

**ਕਾਵਿ ਕਿਆਰੀ**

# ਬੈਂਤ ਛੰਦ (ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ)

ਜਸਵਿੰਦਰ ਸਿੰਘ ਰੁਪਾਲ
# 98147-15796

1 . ਸ਼ਬਦ ਨਾਲ ਨਿਰੰਕਾਰ, ਆਕਾਰ ਕੀਤੇ
ਇਹਦੇ ਨਾਲ ਹੀ ਰਚਿਆ ਜਹਾਨ ਸਾਡਾ।
ਗੁਪਤ ਨਾਮ ਪ੍ਰਗਟ ਹੋਵੇ ਸ਼ਬਦ ਵਿਚੋਂ,
ਖੰਡਾਂ ਅਤੇ ਬ੍ਰਹਿਮੰਡਾਂ ਦਾ ਗਿਆਨ ਸਾਡਾ।
ਚੰਚਲ ਮਨ ਦੀ ਭਟਕਣਾ ਮੁੱਕ ਜਾਵੇ,
ਸ਼ਬਦ ਵਿੱਚ ਲੱਗੇ ਜੇਕਰਾਂ ਧਿਆਨ ਸਾਡਾ।
ਅੰਤਰ-ਆਤਮੇ ਸ਼ਬਦ ਦੀ ਧੁਨ ਗੂੰਜੇ,
ਹੋਵੇ ਬੰਦ ਸਭ ਬਾਹਰੀ ਬਿਖਿਆਨ ਸਾਡਾ।

ਸੋਮਾ ਸ਼ਬਦ ਦਾ ਨੇ ਗੁਰੂ ਗ੍ਰੰਥ ਸਾਹਿਬ
ਇਹੀ ਦੀਨ ਹੈ ਇਹੀ ਈਮਾਨ ਸਾਡਾ।
ਚਰਨੀਂ ਏਸ ਦੇ ਸੀਸ ਝੁਕਾ ਲਈਏ,
ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ।

2. ਜਗਤ-ਜਲ਼ਦਾ ਤੱਕਿਆ ਜਦ ਗੁਰੂ ਨਾਨਕ,
ਬਾਬਾ ਨਿਕਲਿਆ ਇਹਨੂੰ ਉਧਾਰ ਨੇ ਲਈ।
ਸੋਹਣੇ ਸ਼ਬਦ ਰਚੇ ਪ੍ਰਭੂ-ਪ੍ਰੇਮ ਵਾਲੇ
ਏਸ ਬਾਣ ਨਾਲ ਜ਼ੁਲਮ ਨੂੰ ਮਾਰਨੇ ਲਈ।
ਚਹੁੰ ਦਿਸ਼ਾਵਾਂ ਚ ਕਰੀਆਂ ਉਦਾਸੀਆਂ ਜਾਂ,
ਸੀਨੇ ਤਪਦੇ ਲੁੱਛਦੇ ਠਾਰਨੇ ਲਈ।
ਜਿਥੋਂ ਕਿਤੋਂ ਵੀ ਮਿਲੀ ਸੀ ਭਗਤ ਬਾਣੀ,
'ਕੱਠੀ ਕਰੀ ਸੀ ਜਗਤ ਦੇ ਤਾਰਨੇ ਲਈ।

ਗੱਦੀ ਦਿੰਦਿਆਂ ਲਹਿਣੇ ਨੂੰ ਦੇ ਪੋਥੀ,
ਕਿਹਾ ਸ਼ਬਦ ਹੈ ਗੁਣਾਂ ਦੀ ਖਾਨ ਸਾਡਾ।
ਚਹੁੰ ਪਾਸੇ ਨੇ ਗੂੰਜਦੇ ਬੋਲ ਤਾਹੀਂ,
ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ।

3. ਨਾਨਕ ਜੋਤ ਦੂਜੀ ਵਾਗ ਸ਼ਬਦ ਵਾਲੀ,
ਅਮਰਦਾਸ ਜੀ ਤਾਈਂ ਸੰਭਾਲ ਦਿੱਤੀ।
ਕਰਨਾ ਸਿੱਖੀ ਦਾ ਸਦਾ ਪ੍ਰਚਾਰ ਰਹਿਣਾ,
ਪੋਥੀ ਸ਼ਬਦ ਵਾਲੀ ਓਹੀ ਨਾਲ ਦਿੱਤੀ।
ਬਾਣੀ ਰਚੀ ਤੀਜੇ ਚੌਥੇ ਗੁਰੂ ਸਾਹਿਬ,
ਪੰਜਵੇਂ ਪਾਤਸ਼ਾਹ ਘਾਲਣਾ ਘਾਲ ਦਿੱਤੀ।
ਉਹਨੂੰ ਦੇ ਕੇ ਤਰਤੀਬ ਗ੍ਰੰਥ ਰਚਿਆ,
ਇਸ ਸੰਪਾਦਕ ਨੇ ਕਰ ਕਮਾਲ ਦਿੱਤੀ।

ਹਰੀਮੰਦਰ ਵਿੱਚ ਜਦੋ ਪ੍ਰਕਾਸ਼ ਹੋਇਆ,
ਧਰਤ ਮਉਲੀ ਤੇ ਟਹਿਕੇ ਅਸਮਾਨ ਸਾਡਾ।
ਏਸ ਸੂਰਜ ਨੇ ਚਾਨਣ ਖਿਲਾਰਿਆ ਏ,
ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ।

4. ਸਿੱਖਾਂ ਤਾਈਂ ਸੀ ਗੁਰੂ ਗੋਬਿੰਦ ਜੀ ਨੇ,
ਪੜ੍ਹਨ ਲਿਖਣ ਦੀ ਆਦਤ ਬਣਾਈ ਸੋਹਣੀ।
ਸੁਬਹ ਸ਼ਾਮ ਵਿਚਾਰ ਦਰਬਾਰ ਸੋਹੰਦੇ,
ਬਾਣੀ ਉਹਨਾਂ ਨੂੰ ਯਾਦ ਕਰਾਈ ਸੋਹਣੀ।
ਨੌਂਵੇਂ ਪਾਤਸ਼ਾਹ ਨੇ ਜੋ ਸੀ ਰਚੀ ਬਾਣੀ,
ਆਦਿ ਗ੍ਰੰਥ ਵਿੱਚ ਗੁਰਾਂ ਚੜ੍ਹਾਈ ਸੋਹਣੀ।
ਜੀਹਦੇ ਨਾਲ ਸੰਪੂਰਨ ਗ੍ਰੰਥ ਹੋਇਆ,
ਮਨੀ ਸਿੰਘ ਤੋਂ ਬੀੜ ਲਿਖਵਾਈ ਸੋਹਣੀ।

ਕਿਹਾ ਏਸ ਨੂੰ ਸੀਸ ਨਿਵਾਇ ਕੇ ਤੇ,
"ਸ਼ਬਦ ਗੁਰੂ ਹੀ ਸਦਾ ਪ੍ਰਧਾਨ ਸਾਡਾ"
ਇਹਦੀ ਜੋਤ ਤੋਂ ਜੋਤ ਜਗਾ ਓਸਾਰੇ,
ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ।

5. ਏਸ ਗ੍ਰੰਥ ਅੰਦਰ ਬਾਣੀਕਾਰ ਪੈਂਤੀ,
ਐਪਰ ਸਭ ਨੇ ਦਿੱਤਾ ਸੰਦੇਸ਼ ਇੱਕੋ।
ਜਾਤ, ਧਰਮ ਇਲਾਕੇ ਸਭ ਵੱਖਰੇ ਨੇ,
ਮਿੱਠੇ ਬੋਲ ਜਿਉਂ ਬੋਲੇ ਦਰਵੇਸ਼ ਇੱਕੋ।
ਦੁਆਰ ਸੱਚ ਦੇ ਆਣ ਸਭ ਹੋਏ ਕਠੇ
ਇਕ ਮੰਦਰ ਤੇ ਉਹਦਾ ਪ੍ਰਵੇਸ਼ ਇੱਕੋ।
ਇਥੇ ਅੱਲ੍ਹਾ ਵੀ ਉਹੀ ਤੇ ਰਾਮ ਓਹੀ,
ਠਾਕੁਰ, ਬੀਠੁਲ, ਖੁਦਾ ਹਮੇਸ਼ ਇੱਕੋ।

ਅਸੀਂ ਇੱਕੋ ਅਕਾਲ ਦੀ ਜੋਤ ਸਾਰੇ,
ਇੱਕੋ ਸ਼ਬਦ ਹੀ ਪੁਰਾਣ ਕੁਰਾਨ ਸਾਡਾ।
ਇਹਨੂੰ ਖੋਜ ਕੇ ਬ੍ਰਹਮ ਨੂੰ ਪਾ ਲਈਏ,
ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ।

6. ਜੀਵਨ ਜਿਊਣ ਦੀ ਜਾਚ ਗ੍ਰੰਥ ਦੱਸੇ,,
ਸੇਵਾ, ਨਿਮਰਤਾ, ਸੂਝ ਸਿਖਾਏ ਸਾਨੂੰ।
ਕਰਮ ਕਾਂਡ ਪਾਖੰਡ ਤੋਂ ਕਰ ਉੱਚਾ,
ਇੱਕੋ ਨੂਰ ਦੇ ਪ੍ਰੇਮੀ ਬਣਾਏ ਸਾਨੂੰ।
ਦਿਲ 'ਚੋਂ ਮੈਲ ਵਿਕਾਰਾਂ ਦੀ ਕੱਢਕੇ ਤੇ,
ਕੁੰਦਨ ਵਾਂਗਰਾਂ ਪਿਆ ਲਿਸ਼ਕਾਏ ਸਾਨੂੰ।
ਝੂਠੇ ਜੱਗ ਦੇ ਨਸ਼ੇ ਤਿਆਗ ਕੇ ਤੇ,
ਲੜਨਾ ਮਦਾ ਇੱਕੋ ਫੜਾਏ ਸਾਨੂੰ।
ਹੁਕਮਨਾਮੇ ਤੋਂ ਦਿਨ ਆਰੰਭ ਹੋਵੇ,
ਪੂਰਾ ਹੋਏ ਹਰ ਦਿਲੀ ਅਰਮਾਨ ਸਾਡਾ।
ਦੇਹ ਧਾਰੀਆਂ ਨੂੰ ਮੱਥਾ ਟੇਕਣਾ ਨਹੀਂ,
ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ।

7.ਸਿਦਕ ਧਾਰ ਕੇ ਗ੍ਰੰਥ ਨੂੰ ਪੜ੍ਹੇ ਜਿਹੜਾ,
ਰੱਬੀ ਧੁਨ ਉਹਦੇ ਦਿਲ ਵਿੱਚ ਵੱਜਦੀ ਏ।
ਸੁਰਤ ਜਾਏ ਖਿੱਚੀ ਨੈਣ ਬੰਦ ਹੋਵਣ,
ਮਾੜੀ ਬਿਰਤੀ ਫਿਰ ਆਪ ਹੀ ਭੱਜਦੀ ਏ।
ਮਿੱਠੀ ਜਿਹੀਆ ਨੰਦ ਦੀ ਹੋਏ ਬਾਰਸ਼,
ਪਿਆਸੀ ਜੁੱਗਾਂ ਦੀ ਰੂਹ ਹੁਣ ਰੱਜਦੀ ਏ।
ਸਹਿਜ ਵਿਚ ਵਿਸਮਾਦ ਦੀ ਬਣੀ ਚਾਦਰ,
ਪਾਪ- ਕਰਮ ਲੱਖਾਂ ਸਾਡੇ ਕੱਜਦੀ ਏ।
ਬਚਨ ਗੁਰਾਂ ਦੇ ਜਦੋਂ ਕਮਾਣ ਲੱਗੇ,
ਉਹਦੇ ਘਰ ਵਿਚ ਨਾਂ ਪ੍ਰਵਾਨ ਸਾਡਾ।
ਇਹਦੇ ਬਿਨਾਂ ਨਾ ਪਲ ਵੀ ਜੀਅ ਸਕੀਏ,
ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ।

8 .ਸ਼ਬਦ ਆਖਦਾ ਸੱਚ ਨੂੰ ਜਾਣ ਪਹਿਲਾਂ,
ਜੀਵਨ ਵਿਚ ਬਣਾ ਲੈ ਆਚਾਰ ਸੱਚਾ।
ਝੂਠੇ ਡਰ ਨੇ ਦਿਲੋਂ ਕਾਫ਼ੂਰ ਹੁੰਦੇ,
ਅੰਦਰ ਵੱਸ ਜਾਏ ਜਦੋਂ ਕਰਤਾਰ ਸੱਚਾ।
ਕਿਸੇ ਰਾਜ ਤੇ ਮੁਕਤੀ ਦੀ ਲੋੜ ਨਾ ਹੀ,
ਕਰਨਾ ਮਾਹੀ ਨਾਲ ਇਕੋ ਪਿਆਰ ਸੱਚਾ।
ਉਹਦੇ ਰੰਗ ਵਿੱਚ ਰੰਗਿਆ ਜਾਏ ਜੇਕਰ,
ਕੋਟ ਜਨਮ ਫਿਰ ਦਿੰਦਾ ਸਵਾਰ ਸੱਚਾ।
ਆਓ ਨਾਮ ਦੇ ਬੀਜੀਏ ਬੀਜ ਸਾਰੇ,
ਫੇਰ ਹੋਵੇਗਾ ਹਰ ਇੱਕ ਮੈਦਾਨ ਸਾਡਾ।
ਸਦਾ ਬਖਸ਼ਿਸ਼ਾਂ ਕਰਦਾ ਏ, ਕਰੇਗਾ ਵੀ,
ਗ੍ਰੰਥ ਗੁਰੂ ਹੈ ਗੁਰੂ ਮਹਾਨ ਸਾਡਾ।

9.ਗੁਰੂ ਬਣ ਕੇ ਉਦੋਂ ਤੋਂ ਅੱਜ ਤੀਕਰ,
ਇਹਨੇ ਕੀਤੀ ਹੈ ਰਹਿਨੁਮਾਈ ਸਾਡੀ।
ਸਦਾ ਕਿਰਤ ਕਰੀਏ ਕੁਝ ਵੰਡੀਏ ਵੀ,
ਹੋਈ ਜੱਗ ਵਿੱਚ ਖੂਬ ਵਡਿਆਈ ਸਾਡੀ।
ਸਾਦਾ ਰਹਿ ਕੇ ਹੋਰਾਂ ਦੇ ਕੰਮ ਆਉਣਾ,
ਸਤਿਗੁਰ ਬਚਨ ਦੀ ਇਹੋ ਕਮਾਈ ਸਾਡੀ।
ਬਾਣੀ ਧੁਰੋਂ ਅਕਾਲ ਨੇ ਆਪ ਭੇਜੀ,
ਚਿੰਤਾ ਜੜ੍ਹ ਤੋਂ ਇਸ ਨੇ ਮਿਟਾਈ ਸਾਡੀ।

ਸਦਾ ਮੰਗੀਏ ਭਲਾ ਸਰਬੱਤ ਵਾਲਾ,
ਤਦੇ ਹੌਂਸਲਾ ਬੜਾ ਬਲਵਾਨ ਸਾਡਾ।
ਰੋਮ ਰੋਮ ਤੋਂ ਇੱਕੋ ਪੁਕਾਰ ਉਠੇ,
ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ।

10.ਜਿੱਥੇ ਜਿੱਥੇ ਵੀ ਹੋਵੇ ਪ੍ਰਕਾਸ਼ ਇਹਦਾ,
ਲੱਗਦੀ ਸ਼ਬਦ ਦੀ ਸਦਾ ਬਹਾਰ ਉੱਥੇ।
ਓਥੇ ਕਰਤੇ ਦੀ ਸਿਫਤ ਸਲਾਹ ਹੁੰਦੀ,
ਸੋਹਣੇ ਸਾਜਾਂ ਦੀ ਰਹੇ ਟੁਣਕਾਰ ਉੱਥੇ।
ਲੰਗਰ ਸਦਾ ਲਈ ਉੱਥੇ ਅਟੁੱਟ ਚੱਲਣ,
ਹਰ ਇੱਕ ਆਏ ਨੂੰ ਮਿਲੇ ਸਤਿਕਾਰ ਉੱਥੇ।
ਲੋੜਵੰਦ ਦੀ ਲੋੜ ਹਰ ਹੋਏ ਪੂਰੀ,
ਕਾਇਮ ਗੁਰੂ ਦੇ ਦੱਸੇ ਮਿਆਰ ਉੱਥੇ।

ਜਿੱਥੇ ਗ੍ਰੰਥ ਹੈ ਦੇਸ਼ ਵਿਦੇਸ਼ ਅੰਦਰ,
ਝੂਲੈ ਕੇਸਰੀ ਉੱਥੇ ਨਿਸ਼ਾਨ ਸਾਡਾ।
ਮਾਣ ਨਾਲ"ਰੁਪਾਲ" ਤੂੰ ਆਖ ਉੱਚੀ,
ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ।

***

# ਹੁਜਰੇ ਸ਼ਾਹ ਮੁਕੀਮ ਦੇ....

ਗੁਰਤੇਜ ਸਿੰਘ # 9417871742

ਐਤਕੀਂ ਲੋਕਬਾਣੀ ਪੰਜਾਬ ਬਾਣੀ ਦਾ ਆਸਰਾ ਲੈ ਕੇ ਗੱਲ ਕਰੀਏ, ਕਿਉਂਕਿ ਕਈਆਂ ਨੂੰ ਗੁਰਬਾਣੀ "ਗਾਥਾ ਗੂੜ੍ਹ ਅਪਾਰੰ" ਲੱਗਦੀ ਹੈ। ਜਦੋਂ ਨੱਕ ਵਿੱਚ ਦਮ ਆ ਗਿਆ ਸੀ ਤਾਂ ਹਿੱਕ ਜੱਟੀ ਅਰਜ਼ ਕਰਨ ਸ਼ਾਹ ਮੁਕੀਮ ਦੇ ਹੁਜਰੇ ਪਹੁੰਚੀ ਸੀ। ਪਾਣੀ ਖੁਣੋਂ ਪੰਜਾਬ ਆਖ਼ਰੀ ਦਮਾਂ ਉੱਤੇ ਆ ਗਿਆ ਹੈ। ਮਾਹਰ ਆਖਦੇ ਹਨ ਹੁਣ ਕੇਵਲ 17 ਸਾਲਾਂ ਦਾ ਪਾਣੀ ਧਰਤੀ ਹੇਠ ਰਹਿ ਗਿਆ ਹੈ। ਆਖ਼ਰੀ ਹੰਭਲਾ ਜਾਣ ਕੇ ਪੰਜਾਬ ਦੇ ਬਾਬਿਆਂ ਦੇ ਦਰ ਪੁੱਜਾ ਹੈ। ਉਹਨਾਂ ਬਾਬਿਆਂ ਦੇ ਜਿਨ੍ਹਾਂ ਕੋਲ ਅਸੀਮ ਕਰਮਾਤਾਂ ਹਨ; ਜਿਨ੍ਹਾਂ ਦੀ ਕਿਰਪਾ ਦ੍ਰਿਸ਼ਟੀ ਨਾਲ ਗੰਭੀਰ ਬਿਮਾਰੀਆਂ ਅੱਖ ਦੇ ਫੋਰ ਵਿੱਚ ਮਿਟ ਜਾਂਦੀਆਂ ਹਨ; ਜਿਹੜੇ ਸੁਰਗਾਂ ਦੇ ਸੇਬ ਛਕਦੇ ਹਨ ਅਤੇ ਵੱਡੀ ਤਾਕਤ ਰੱਖਦੇ ਹਨ।

ਬਾਬਿਓ, ਹੁਣ ਪੰਜਾਬ ਹਰ ਸਾਲ 6 ਲੱਖ ਕਮਿਸ਼ਨ ਬੱਚਿਆਂ ਨੂੰ ਪ੍ਰਵਾਸ ਕਰਨ ਲਈ ਤਿਆਰ ਕਰ ਰਿਹਾ ਹੈ। ਇਹ ਆਖ ਕੇ ਕਿ: "ਨਜ਼ਾਅ ਕਾ ਵਕਤ ਹੈ ਉਠ ਜਾਉ ਮੇਰੇ ਪਹਿਲੂ ਸੇ ਤੁਮ। ਯਹ ਵੁਹ ਵਕਤ ਹੈ ਜਬ ਕਿ ਕਮਿਸ਼ਨ ਹਟਾਏ ਜਾਤ ਹੈ।" ਇਹ ਗਾਥਾ "ਓੜਕ ਵਕਤ ਕਹਿਰ ਦੀਆਂ ਕੂਕਾਂ ਸੁਣ ਪੱਥਰ ਢੱਲ ਜਾਵੇ" ਵਾਂਗ ਹੀ ਮਨੁੱਖੀ ਮਨ ਨੂੰ ਵਿੰਨ੍ਹਣ ਦੇ ਕਾਬਲ ਹੈ। ਤੁਹਾਡੇ ਤਾਂ ਮਨ ਬੜੇ ਕੋਮਲ ਦੱਸੀਦੇ ਹਨ; ਤੁਹਾਡੇ ਉੱਤੇ ਅਸਰ ਕਿਉਂ ਨਹੀਂ ਹੁੰਦਾ? ਜਾਂ ਕੀ ਤੁਸੀਂ ਵੀ ਸਾਡੇ ਵਰਗੇ ਨਿਤਾਣੇ, ਨਿਮਾਣੇ ਲੋਕਾਂ ਵਾਂਗ ਅੰਦਰ ਵੜ ਕੇ, ਰੋ ਕੇ ਸਾਰ ਲੈਂਦੇ ਹੋਂ? ਪਰ ਤੁਸੀਂ ਤਾਂ ਰਿੱਧੀਆਂ-ਸਿੱਧੀਆਂ ਦੇ ਮਾਲਕ ਹੋ!

ਜੇ ਗੱਲ ਚੱਲ ਹੀ ਪਈ ਹੈ ਤਾਂ ਇੱਕ ਹੋਰ ਖੁੱਲ੍ਹਾ ਰਾਜ ਤੁਹਾਡੇ ਨਾਲ ਸਾਂਝਾ ਕਰ ਲੈਂਦੇ ਹਾਂ। ਬਾਬਿਓ, ਇਹ ਜਮਨਾ ਪਾਰ ਵਾਲੇ ਸਾਡੇ ਲਈ ਗਜ-ਗਜ ਨਫ਼ਰਤ ਕਿਉਂ ਪਾਲਦੇ ਹਨ? ਪੰਜਾਬ ਨੇ ਦੇਹਾਂ ਦੀ ਕੰਧ ਬਣਾ ਕੇ ਇਹਨਾਂ ਉੱਤੇ ਹੋਣ ਵਾਲੇ "ਯਵਨਾਂ" ਦੇ ਹਮਲੇ ਰੋਕੇ; ਸਾਡਾ ਰਣਜੀਤ ਸਿੰਘ ਦੁਹਾਈ ਪਾਉਂਦਾ ਰਿਹਾ ਕਿ 'ਅੰਗ੍ਰੇਜ਼ੀ ਬਿੱਲੇ ਨੂੰ ਪੂਛੋਂ ਫੜ ਕੇ ਸੱਤ ਸਮੁੰਦਰੋਂ ਪਾਰ ਸਿੱਟਣ ਲਈ ਮੇਰੇ ਨਾਲ ਜੁੜੋ'। ਗ਼ਦਰੀ ਬਾਬਿਆਂ ਨੇ ਮਣਾਂ ਮੂੰਹੀਂ ਖ਼ੂਨ ਹਿੰਦੋਸਤਾਨ ਨੂੰ ਅਜ਼ਾਦ ਕਰਵਾਉਣ ਲਈ ਵਹਾਇਆ। ਸਾਡੇ ਕਿਰਸਾਨਾਂ ਨੇ ਠੂਠੇ ਫੜ ਕੇ ਪੀ.ਐਲ. 480 ਮੰਗਦਿਆਂ ਨੂੰ ਅੰਨ ਦੇ ਦਾਤੇ ਬਣਾਇਆ। ਸਾਡੇ ਫ਼ੌਜੀਆਂ ਨੇ ਦੁਸ਼ਮਣ ਦੇ ਟੈਂਕਾਂ ਨੂੰ ਸਰੀਰ ਦੀ ਅਹੂਤੀ ਦੇ ਕੇ ਠੱਲ੍ਹ ਪਾਈ । ਹਰ ਵਬਾ ਵੇਲੇ ਅਸੀਂ ਗੁਰੂ ਹਰਕ੍ਰਿਸ਼ਨ ਜੀ ਦੇ ਨਕਸ਼ੇ-ਕਦਮ 'ਤੇ ਚੱਲਦਿਆਂ ਆਪਣਾ ਆਪ ਝੋਕ ਕੇ ਰੋਗੀਆਂ ਨੂੰ ਬਚਾਉਣ ਲਈ ਜੁਝੇ। ਪਰ ਸਾਡੀ ਕੋਈ ਵੀ ਅਦਾ ਇਹਨਾਂ ਨੂੰ ਪਸੰਦ ਨਾ ਆਈ । ਇਹ "ਅਬਰੇ ਰਹਿਮਤ ਯੌਂ ਬਰਸਾ ਕਿ ਤੂਫਾਂ ਬਨ ਗਇਆ" ਰਟਦੇ ਰਹੇ। ਇਹਨਾਂ ਦੀ ਨਫ਼ਰਤ ਘਟਣ ਦੀ ਬਜਾਏ ਦਰਜੇ ਹਰਾਰਤ ਵਿੱਚ ਇੱਕ-ਇੱਕ ਦੋ-ਦੋ ਡਿਗਰੀਆਂ ਕਰ ਕੇ ਵੱਧਦੀ ਹੀ ਗਈ — ਹਨੂਮਾਨ ਦੀ ਪੂਛ ਵਾਂਗ।

ਪੈਰ-ਪੈਰ 'ਤੇ ਸਮਾਧੀਆਂ ਲਾ ਕੇ ਬੈਠੇ ਬਾਬਿਓ! ਕੀ ਕੋਈ 'ਕੀਲ ਦਾ ਮੰਤਰ' ਤੁਹਾਨੂੰ ਨਹੀਂ ਆਉਂਦਾ? ਕੀ ਤੁਸੀਂ ਮਾਈ ਹੀਰ ਤੋਂ ਵੀ ਨਿਤਾਣੇ ਹੋ ਜਿਸ ਨੂੰ ਵਾਰਸ ਸ਼ਾਹ ਨੇ ਮਿਹਣਾ ਮਾਰਿਆ ਸੀ: "ਜੇ ਕਰ ਮੰਤਰ ਕੀਲ ਦਾ ਨਾ ਆਵੇ ਐਡੇ ਪਿੱਟਣੇ ਨਾ ਸਹੇੜੀਏ ਨੀ।" ਚਮਕਦੇ ਡੇਰੇ, ਹੇੜ੍ਹਾਂ ਦੀਆਂ ਹੇੜ੍ਹਾਂ ਚੇਲਿਆਂ ਦੇ ਵੱਗ, ਚਾਂਦੀ ਦੇ ਚੋਗੇ, ਹੈਲੀਕਾਪਟਰਾਂ, ਜਹਾਜ਼ਾਂ ਤੋਂ ਥੱਲੇ ਪੈਰ ਨਾ ਧਰਨ ਵਾਲੇ; ਅੱਖ ਦੇ ਹਰ ਫੋਰ ਨਾਲ ਕਰਾਮਾਤਾਂ ਕਰਨ ਵਾਲੇ ਤੁਸੀ ਅਜੇ ਮਾਈ ਹੀਰ ਦੇ ਹਾਣ ਦੇ ਵੀ ਨਹੀਂ ਹੋਏ? ਗੁਰਪੁਰਬਾਂ ਨੂੰ ਵਿਸਾਰ ਕੇ ਜਿਨ੍ਹਾਂ ਕਰਾਮਾਤੀ "ਮਹਾਂਪੁਰਖਾਂ" ਦੀਆਂ ਤੁਸੀਂ ਬਰਸੀਆਂ ਮਨਾਉਂਦੇ ਹੋ, ਕੀ ਉਹ ਸਾਰੀਆਂ ਕਰਾਮਾਤਾਂ ਚੋਗਿਆਂ ਵਿੱਚ ਵਲ੍ਹੇਟ ਕੇ ਨਾਲ ਹੀ ਮੜ੍ਹੀਆਂ ਵਿੱਚ ਲੈ ਗਏ ਹਨ? ਇਹ ਮੰਨਣ ਲਈ ਤਾਂ ਖਾਸੇ-ਤਕੜੇ ਭੁੱਡੂ ਹੋਣ ਦੀ ਲੋੜ ਹੈ।

ਬਾਬਿਓ, ਤੁਸੀਂ ਹਵਾਈ ਜਹਾਜ਼ਾਂ ਵਿੱਚ ਉਡਦਿਆਂ, ਮਹਿੰਗਿਆਂ ਮੋਟਰਾਂ ਦੇ ਝੂਟੇ ਲੈਂਦਿਆਂ ਕਦੇ ਰਾਜਸਥਾਨ ਨਹਿਰ ਵੇਖੀ ਹੋਵੇਗੀ। ਕਿਵੇਂ ਵਲ਼ ਖਾਂਦੀ, ਮਟਕਦੀ, ਹੁਲਾਰੇ ਲੈਂਦੀ ਇਹ ਪੰਜਾਬ ਦੀ ਹਿੱਕ ਉੱਤੇ ਸਾਨੂੰ ਠੱਠੇ ਕਰਦੀ ਨੱਚਦੀ ਜਾਂਦੀ ਹੈ। ਕਦੇ ਸਾਡੇ ਕੌਮਿਊਨਿਸਟ ਗਾਉਂਦੇ ਹੁੰਦੇ ਸਨ "ਭਾਖੜੇ ਚੋਂ ਨਿਕਲੀ ਇੱਕ ਮੁਟਿਆਰ ਨੱਚਦੀ"। ਨਿਕਲੀ ਤਾਂ ਇਹ ਹਰੀਕੇ ਪੱਤਣ ਤੋਂ ਹੈ ਪਰ ਨਖ਼ਰਾ ਇਸ ਦਾ ਭਾਖੜੇ ਵਾਲੀ ਤੋਂ ਵੀ ਚੜ੍ਹਦਾ ਹੈ ਕਿਉਂਕਿ ਇਹ ਹਰ ਕਾਨੂੰਨ ਨੂੰ ਗੂਠਾ ਵਖਾ ਕੇ ਸਾਡੇ ਦਰਿਆਵਾਂ ਦਾ ਪਾਣੀ ਨਹੀਂ, ਸਾਡਾ ਖ਼ੂਨ ਮਾਰੂਥਲਾਂ ਨੂੰ ਢੋ ਰਹੀ ਹੈ — ਉਹਨਾਂ ਮਾਰੂਥਲਾਂ ਨੂੰ ਜਿਨ੍ਹਾਂ ਨੇ ਸਾਡੀ ਸੱਸੀ ਨੂੰ ਛਾਲੇ-ਛਾਲੇ ਕਰ ਦਿੱਤਾ ਸੀ: "ਥਲ ਵਿੱਚ ਭੁੜਥਾ ਹੋ ਗਈ ਸੱਸੀ ਪੁੰਨੂੰ-ਪੁੰਨੂੰ ਕਰਦੀ।"

ਹਿੰਦੋਸਤਾਨ ਸਮੇਤ ਹਰ ਮੁਲਕ ਵਿੱਚ ਲਾਗੂ ਰਾਇਪੇਰੀਅਨ ਕਾਨੂੰਨ ਏਸ ਦੀ ਚਾਲ ਮੱਠੀ ਨਾ ਕਰ ਸਕੇ। ਸੱਸੀ ਵੇਲੇ ਵੀ ਨਿਆਂ, ਧਰਮ ਅਤੇ ਯੂਨਾਨ ਦਾ ਸੂਰਜ ਤ੍ਰਹਿ ਗਏ ਸਨ: "ਸੂਰਜ ਭੱਜ ਵੜਿਆ ਵਿੱਚ ਬੱਦਲੀਂ ਤੇ ਡਰਦਾ ਲਸ਼ਕ ਨਾ ਮਾਰੇ"। ਪਰ ਸਾਡਾ ਇਹ ਹਾਲ ਕਿ, "ਵੇਦ ਕੁਰਾਨਾ ਪੜ੍ਹ-ਪੜ੍ਹ ਥੱਕੇ। ਸਿਜਦੇ ਕਰਦਿਆਂ ਘਸ ਗਏ ਮੱਥੇ। ਨਾ ਰੱਬ ਕਾਅਬੇ ਨਾ ਰੱਬ ਮੱਕੇ।" ਮਹਿੰਦੀ ਨਾਲ ਸ਼ਿੰਗਾਰੇ ਪੈਰਾਂ ਨਾਲ ਜਰਵਾਣਿਆਂ ਦੀਆਂ ਤਲਵਾਰਾਂ ਦੀਆਂ ਧਾਰਾਂ 'ਤੇ ਸਦੀਆਂ ਤੋਂ ਖੇਡਦਾ ਪੰਜਾਬ, ਗਾਨੇ ਬੰਨ੍ਹ-ਬੰਨ੍ਹ ਸਰਬੱਤ ਦੇ ਭਲੇ ਲਈ ਜੂਝਦਾ ਪੰਜਾਬ, ਗਊ-ਪੂਜਾ ਦੀ ਨਫ਼ਰਤ ਦਾ ਤੋੜ ਨਾ ਲੱਭ ਸਕਿਆ। "ਕੋਮਲ ਪੈਰ ਮਲੂਕ ਸੱਸੀ ਦੇ ਮਹਿੰਦੀ ਨਾਲ ਸ਼ਿੰਗਾਰੇ। ਬਾਲੂ ਰੇਤ ਤਪੇ ਵਿੱਚ ਥਲ ਦੇ ਜਿਉਂ ਜੌਂ ਭੁੰਨਣ ਭਠਿਆਰੇ।" ਪੰਜਾਬ ਨੂੰ ਗੁਰੂ ਦੀ ਨਿਰਛਲਤਾ ਨੇ ਬਾਬਾ ਬੁੱਲ੍ਹੇ ਸ਼ਾਹ ਦਾ ਅਣਮੋਲ ਨੀਤੀ-ਬਚਨ "ਕਿ ਬੁੱਲੇ ਸ਼ਾਹ ਦਿਲ ਓਥੇ ਦੇਈਏ ਜਿੱਥੇ ਅਗਲਾ ਵੀ ਕਦਰ ਪਛਾਣੇ" ਯਾਦ ਨਾ ਰਹਿਣ ਦਿੱਤਾ ਅਤੇ ਇਹ ਫੋਕੇ ਫ਼ਲਸਫ਼ੇ ਨਾਲ ਯੱਖ ਹੋਏ ਨਿਰਮੋਹੀ ਨਾਲ ਮੋਹ ਲਾ ਬੈਠਾ। ਖਾਸ ਕਰਕੇ 1947 ਤੋਂ ਬਾਅਦ ਪੰਜਾਬ ਸਿਰ ਲਾ ਕੇ ਮੋਹ ਪਾਲਦਾ ਰਿਹਾ। ਹਕੀਕਤ ਇਉਂ ਉੱਧੜਦੀ ਰਹੀ: "ਉਨ ਕੋ ਯਹ ਨਾਜ਼ ਕਿ ਕਤਲ ਕਰੇਂਗੇ ਤੁਝ ਕੋ। ਮੁਝ ਕੋ ਯਹ ਫ਼ਖ਼ਰ ਕਿ ਮੈਂ ਕਤਲ ਕੇ ਕਾਬਲ ਠਹਿਰਾ।"

ਅੱਜ ਪੰਜਾਬ ਵਿੱਚ ਅਣਖੀ ਗੱਭਰੂਆਂ ਦੀ ਘਾਟ ਰੜਕਦੀ ਹੈ — ਉਹਨਾਂ ਦੀ ਘਾਟ ਜਿਹੜੇ ਉੱਚੀ ਬਾਂਹ ਕਰ ਕੇ ਆਖਦੇ ਸਨ: "ਮੇਰੀ ਗ਼ਜ਼-ਗ਼ਜ਼ ਚੌੜੀ ਹਿੱਕ ਨੀ ਮੇਰੀ ਸ਼ੇਰਾਂ ਵਰਗੀ ਜਾਨ। ਮੈਨੂੰ ਚੋਬਰ ਕਹਿਣ ਪੰਜਾਬ ਦਾ, ਮੈਨੂੰ ਜਾਣੇ ਕੁੱਲ ਜਹਾਨ। .....ਮੇਰਾ ਸਰੂਆਂ ਵਰਗਾ ਕੱਦ ਨੀ, ਮੈਨੂੰ ਲੱਖਾਂ 'ਚੋਂ ਲੈਣ ਪਛਾਣ। ਮੇਰੀ ਉੱਠਦੀ ਤੀਰ ਕਮਾਣ ਜਾਂ ਓਦੋਂ ਵੈਰੀ ਲੁਕ ਛਿਪ ਜਾਣ।" ਇਸੇ ਲਈ ਬਾਬਿਓ, ਤੁਹਾਡੇ ਦਰ 'ਤੇ ਹਾਜ਼ਰ ਹਾਂ। ਇਹ ਘਾਟ ਪੂਰੀ ਕਰਨ ਲਈ ਤੁਸੀਂ, ਇੱਕੱਠੇ ਹੋ ਕੇ, ਸੰਗਤੀ ਰੂਪ ਵਿੱਚ ਅਰਦਾਸ ਕਰੋ। ਗੁਰੂ ਮਿਹਰਬਾਨ ਹੈ, ਤੁਹਾਡੀ ਜ਼ਰੂਰ ਸੁਣੇਗਾ। ਤੁਹਾਡੀ ਅਰਦਾਸ ਪੈਦਾ ਕਰੇਗੀ ਉਹ ਗੱਭਰੂ ਜੋ ਆਖਣਗੇ: "ਮੈਂ ਕਰਨੀ ਵਾਲਾ ਸਾਧ ਨੀ ਮੱਲਾਂ ਵਿੱਚੋਂ ਮੱਲ। ਮੈਂ ਪੂਰਨ ਵਰਗਾ ਜਤੀ ਨੀ ਮੈਂ ਪਰਬਤ ਵਾਂਗ ਅਟੱਲ।" ਪਰ ਅਰਜ਼ ਇੱਕ ਹੋਰ ਵੀ ਹੈ। ਕਿਉਂਕਿ ਤੁਹਾਡੀ ਡਾਢੇ ਨਾਲ ਬਣ ਆਉਂਦੀ ਹੈ — "ਕਹੈ ਹੁਸੈਨ ਫਕੀਰ ਸਾਈਂ ਦਾ ਸਾਡੀ ਡਾਢੇ ਨਾਲ ਬਣੀ" — ਤੁਹਾਡੀ ਅਰਦਾਸ ਸਦਕਾ ਜਦੋਂ ਗੱਭਰੂਆਂ ਦੀ ਨਵੀਂ ਫ਼ਸਲ ਆਈ ਤਾਂ ਲੋਕ ਆਖਣਗੇ 'ਤੁਸੀਂ ਸੁੱਚੇ, ਲੰਮੇ ਲੰਮੇ ਚੋਗੇ ਐਵੇਂ ਨਹੀਂ ਪਾਏ': "ਜੇ ਸਹੁ ਨਾਲ ਮੈਂ ਝੁਮਰ ਪਾਵਾਂ ਸਦਾ ਸੁਹਾਗਣ ਸੱਚੀ ਹਾਂ।"

ਪਰ "ਮੱਕੇ ਗਿਆਂ ਗੱਲ ਮੁੱਕਦੀ ਨਹੀਂਓਂ"। ਤੁਹਾਡੀ ਅਥਾਹ ਸ਼ਕਤੀ ਦੀ ਇੱਕ ਹੋਰ ਪਰਖ ਬਾਕੀ ਹੈ। ਇਹ ਰੂਪ-ਬਸੰਤ ਵਾਲੀ ਸਾਹ ਪੀਣੀ ਸਰਾਲ, ਇਹ ਲਹੂ ਦਾ ਵਗਦਾ ਦਰਿਆ, ਇਹ ਲੰਮੀ ਕੁਲਹਿਣੀ ਡਾਕਣੀ, ਪੰਜਾਬ ਨੂੰ ਨਿਗਲਣ ਲਈ ਤਿਆਰ ਬਰ ਤਿਆਰ ਹੈ। ਇਸ ਕਲਮੂਹੀ ਡੈਣ ਨੂੰ ਆਪਣੀਆਂ ਸਾਰੀਆਂ ਸ਼ਕਤੀਆਂ ਨੂੰ ਪ੍ਰਚੰਡ ਕਰ ਕੇ ਇੱਕ ਕਰਾਰਾ ਸਰਾਪ ਦੇ ਦਿਉ: ਆਖੋ, 'ਤੇਰੀ ਰਗ-ਰਗ ਵਿੱਚ ਸੁਰਾਖ ਹੋ ਜਾਣ; ਤੇਰੇ ਕੰਢੇ ਤੈਨੂੰ ਝੇਲਣ ਜੋਗੇ ਨਾ ਰਹਿਣ; ਤੇਰਾ ਵਜੂਦ ਮਿੱਟੀ ਵਿੱਚ ਮਿਲ ਜਾਵੇ; ਸਰਹੰਦ ਦੀ ਤਰਜ਼ ਉੱਤੇ ਤੇਰੀ ਇੱਟ ਨਾਲ ਇੱਟ ਖੜਕ ਜਾਵੇ; ਤੈਨੂੰ ਪਿੱਟਣ ਵਾਲਾ ਕੋਈ ਨਾ ਰਹੇ; ਇਸ ਜਹਾਨ ਉੱਤੇ ਤੇਰੇ ਵਰਗੀਆਂ ਸਾਰੀਆਂ ਦਾ ਨਾਮੋ- ਨਿਸ਼ਾਨ ਨਾ ਰਹੇ; ਤੇਰੇ ਕੰਢਿਆਂ ਉੱਤੇ ਜਿੰਨੇ ਕਿਰਸਾਨਾਂ ਨੇ ਖ਼ੁਦਕੁਸ਼ੀਆਂ ਕੀਤੀਆਂ ਹਨ, ਓਨੀਆਂ ਲਾਹਣਤਾਂ ਤੈਨੂੰ ਕੱਢਣ, ਤਾਮੀਰ ਕਰਨ ਵਾਲਿਆਂ ਨੂੰ ਰਸੀਦ ਹੋਣ; ਉਹਨਾਂ ਦਾ ਵੀ ਕੱਖ ਨਾ ਰਹੇ।' ਪੰਜਾਬ ਇਸ ਸਰਾਪ ਦੀ ਤੁਹਾਡੇ ਕੋਲੋਂ ਤਵੱਕੋਂ ਰੱਖਦਾ ਹੈ।

"ਜਿਸ ਡਾਚੀ ਮੇਰਾ ਪੁਨੂੰ ਖੜਿਆ, ਸ਼ਾਲਾ ਦੋਜ਼ਖ ਵਿੱਚ ਜਾਵੇ।
ਜਾਂ ਉਸ ਨਿਹੁੰ ਲਗੇ ਵਿੱਚ ਬਿਰਹੋਂ, ਵਾਂਗ ਸੱਸੀ ਖਰ ਜਾਵੇ।
ਹਾਸ਼ਮ ਮੌਤ ਪਵੇ ਕੁਰਵਾਨਾਂ, ਤੁਖ਼ਮ ਜਹਾਨੋਂ ਜਾਵੇ।"

-0-

# ਚੱਜ ਆਚਾਰ

-ਨਰਿੰਦਰ ਸਿੰਘ ਕਪੂਰ

**ਚੰਗਾ ਚੱਜ-ਆਚਾਰ ਚੰਗੇ ਵਿਚਾਰ ਨੂੰ ਉਤਸ਼ਾਹ ਦਿੰਦਾ ਹੈ, ਜਦੋਂ ਕਿ ਭੈੜੇ ਵਿਹਾਰ ਨਾਲ ਅਸੀਂ ਝਗੜੇ ਅਤੇ ਸਮੱਸਿਆਵਾਂ ਉਪਜਾਉਂਦੇ ਹੀ ਨਹੀਂ, ਆਪ ਹੀ ਸਮੱਸਿਆ ਬਣ ਜਾਂਦੇ ਹਾਂ। ਮੁੱਢਲਾ ਚੱਜ-ਆਚਾਰ ਘਰ ਵਿਚ, ਮਾਂ ਤੋਂ ਸਿੱਖਿਆ ਜਾਂਦਾ ਹੈ। ਇਸਤਰੀ ਆਪਣੇ ਨੈਣ-ਨਕਸ਼ਾਂ ਕਰਕੇ ਹੀ ਨਹੀਂ, ਚੱਜ-ਆਚਾਰ ਕਾਰਨ ਵੀ ਪ੍ਰਭਾਵਿਤ ਕਰਦੀ ਹੈ ਅਤੇ ਉਹ ਪੁਰਸ਼ ਨੂੰ ਚੱਜ-ਆਚਾਰ ਸਿਖਾ ਕੇ ਸਿਆਣਾ ਬਣਾ ਦਿੰਦੀ ਹੈ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਜੇ ਘਰ ਵਿਚ ਧੀ ਨਾ ਹੋਵੇ ਤਾਂ ਪੁਰਸ਼ ਵਿਚ ਪਿਤਾ ਵਾਲੇ ਗੁਣ ਹੀ ਨਹੀਂ ਉਪਜਦੇ।**

ਦਾਦਾ ਜੀ, ਪਿਤਾ ਜੀ ਕਿਤਨੇ ਵੀ ਲੰਮੇ ਰਹੇ ਹੋਣ, ਦੱਸਣ ਵੇਲੇ ਸਾਨੂੰ ਆਪਣਾ ਕੱਦ ਹੀ ਦੱਸਣਾ ਪਵੇਗਾ। ਜੇ ਜਾਣ ਵੇਲੇ ਦਰਵਾਜ਼ਾ ਅਰਾਮ ਨਾਲ ਬੰਦ ਕਰੀਏ ਤਾਂ ਹੀ ਅਗਲਾ ਦਰਵਾਜ਼ਾ ਅਰਾਮ ਨਾਲ ਖੁੱਲ੍ਹਦਾ ਹੈ।

ਚੱਜ-ਆਚਾਰ, ਵਰਤੋਂ-ਵਿਹਾਰ, ਸ਼ਿਸ਼ਟਾਚਾਰ ਆਦਿ ਦੀ ਮੁੱਢਲੀ ਸਿੱਖਿਆ ਸਾਨੂੰ ਆਪਣੇ ਘਰ ਅਤੇ ਪਰਿਵਾਰ ਵਿਚੋਂ ਮਿਲਦੀ ਹੈ। ਵਿਦਿਆ ਵਾਂਗ, ਚੱਜ ਆਚਾਰ ਦੇ ਪੱਖੋਂ ਵੀ, ਹਰ ਕਿਸੇ ਨੂੰ ਮੁੱਢੋਂ ਅਰੰਭ ਕਰਨਾ ਪੈਂਦਾ ਹੈ। ਘਰ ਉਸ ਥਾਂ ਨੂੰ ਕਹਿੰਦੇ ਹਨ, ਜਿੱਥੇ ਅਸੀਂ ਆਪ ਰਹਿੰਦੇ ਹਾਂ ਅਤੇ ਜਿਥੇ ਸਾਡੇ ਮਹਿਮਾਨ ਆਉਂਦੇ ਹਨ। ਮਹਿਮਾਨ ਸਾਨੂੰ ਆਪਣਾ ਚੱਜ-ਆਚਾਰ ਵਿਖਾਉਂਦੇ ਅਤੇ ਸਾਡਾ ਚੱਜ- ਆਚਾਰ ਪਰਖਦੇ ਹਨ।

ਜਦੋਂ ਤੱਕ ਅਸੀਂ ਦੂਜਿਆਂ ਦਾ ਅਨੋਖਾਪਣ ਨਹੀਂ ਵੇਖਦੇ, ਉਦੋਂ ਤੱਕ ਸਾਨੂੰ ਆਪਣੇ ਨਿਵੇਕਲੇਪਣ ਦੀ ਸੋਝੀ ਵੀ ਨਹੀਂ ਹੁੰਦੀ। ਚੱਜ-ਆਚਾਰ ਵਾਲੇ ਬੰਦੇ ਆਸ-ਉਮੀਦ ਦਾ ਹੁੰਗਾਰਾ ਹੁੰਦੇ ਹਨ, ਉਨ੍ਹਾਂ ਦੇ ਹੁੰਦਿਆਂ ਜ਼ਿੰਦਗੀ ਦੇ ਸੋਹਣੇ ਹੋਣ ਦੀ ਧਰਵਾਸ ਬਣੀ ਰਹਿੰਦੀ ਹੈ। ਚੱਜ-ਆਚਾਰ ਵਾਲਾ ਬੰਦਾ ਜੋ ਕੁਝ ਕਰਦਾ, ਕਹਿੰਦਾ ਹੈ, ਉਹ ਉਸ ਵਲੋਂ ਕੀਤੇ, ਕਹੇ ਅਤੇ ਦੱਸੇ ਜਾਣ ਕਾਰਨ ਚੰਗਾ ਲੱਗਦਾ ਹੈ। ਚੱਜ-ਆਚਾਰ ਦਾ ਉਦੇਸ਼ ਚੰਗੇ ਲੱਗਣਾ ਹੁੰਦਾ ਹੈ। ਚੰਗੇ ਬੰਦੇ ਦੇ ਜਾਣ ਮਗਰੋਂ ਵੀ ਉਸ ਦੇ ਚੰਗੇ ਹੋਣ ਦੀਆਂ ਹੀ ਗੱਲਾਂ ਹੁੰਦੀਆਂ ਹਨ।

ਚੱਜ-ਆਚਾਰ ਵਾਲੇ ਲੋਕ ਜ਼ਿੰਮੇਵਾਰ ਹੁੰਦੇ ਹਨ ਅਤੇ ਜ਼ਿੰਮੇਵਾਰੀਆਂ ਚੁੱਕਦੇ ਹਨ, ਜਿਸ ਕਾਰਨ ਹਰ ਕਿਸੇ ਨੂੰ ਉਨ੍ਹਾਂ ਦੀ ਲੋੜ ਅਤੇ ਉਡੀਕ ਹੁੰਦੀ ਹੈ। ਅਕਸਰ ਕਿਸੇ ਇਕ ਬੰਦੇ ਦੇ ਸੁਚੱਜੇ ਵਿਹਾਰ ਕਾਰਨ, ਉਸ ਦਾ ਛੋਟਾ ਜਿਹਾ ਪਿੰਡ, ਵੱਡਾ ਨਾਂ ਬਣ ਜਾਂਦਾ ਹੈ। ਸਮਾਜ ਜਾਂ ਅਰਥਚਾਰਾ ਕੋਈ ਵੀ ਹੋਵੇ, ਮਨੁੱਖ ਨਿਰੋਲ ਆਪਣੀ ਮਰਜ਼ੀ ਨਾਲ ਨਹੀਂ ਚੱਲ ਸਕਦਾ। ਹਰ ਕਿਸੇ ਨੂੰ ਸਮਾਜ ਵਲੋਂ ਉਸਾਰੇ ਵਿਹਾਰ ਦੇ ਸਾਂਝੇ ਨੇਮ ਮੰਨਣੇ ਪੈਂਦੇ ਹਨ, ਜਿਨ੍ਹਾਂ ਨੂੰ ਰੀਤੀ-ਰਿਵਾਜ ਕਿਹਾ ਜਾਂਦਾ ਹੈ।

ਰਸਮਾਂ-ਰੀਤਾਂ ਦੇ ਅਰਥ, ਇਨ੍ਹਾਂ ਦੇ ਬਾਹਰੀ ਰੂਪ ਵਿਚ ਨਹੀਂ ਹੁੰਦੇ, ਇਨ੍ਹਾਂ ਦੇ ਅੰਦਰ ਛੁਪੇ ਹੋਏ ਹੁੰਦੇ ਹਨ।

ਇਨ੍ਹਾਂ ਰਸਮਾਂ-ਰੀਤਾਂ ਤੋਂ ਬੇਮੁੱਖ ਹੋ ਕੇ ਮਨੁੱਖ ਸੁੰਗੜਦਾ ਹੈ। ਫੈਲਣ ਦੀ ਥਾਂ ਸੁੰਗੜਨ ਕਾਰਨ ਹੀ ਅਸੀਂ ਪਹਿਲਾਂ ਚਾਚੇ-ਤਾਏ ਘਰੋਂ ਕੱਢੇ, ਫਿਰ ਦਾਦਾ-ਦਾਦੀ ਵੀ ਕੱਢ ਦਿੱਤੇ। ਇਨ੍ਹਾਂ ਕਾਰਨਾਂ ਕਰਕੇ ਹੀ ਹੁਣ ਪਤੀ-ਪਤਨੀ, ਪਿਉ-ਪੁੱਤਰ ਝਗੜਦੇ ਹਨ ਅਤੇ ਮਾਂ-ਧੀ ਵੀ ਲੜੇ-ਝਗੜੇ ਨਹੀਂ ਰਹਿ ਸਕਦੀਆਂ।

ਚੱਜ-ਆਚਾਰ ਜ਼ਿੰਦਗੀ ਦੇ ਚਾਨਣੇ-ਪੱਖ ਨੂੰ ਹੋਰ ਚਮਕਾ ਦਿੰਦੇ ਹਨ, ਜਦੋਂ ਕਿ ਇਨ੍ਹਾਂ ਦੀ ਅਣਹੋਂਦ ਵਿਚੋਂ ਥੁੜ੍ਹਾਂ, ਅਪਮਾਨ, ਝਗੜੇ, ਵਿਰੋਧ ਅਤੇ ਸਾੜਾ-ਈਰਖਾ ਹੀ ਉਪਜਦੇ ਹਨ। ਪੰਜਾਬੀਆਂ ਵਿਚ ਵੱਡੇ ਗੁਣ ਹਨ। ਵਾਰਨ ਲੱਗਿਆਂ



ਇਹ ਜਾਨ ਦੀ ਵੀ ਪ੍ਰਵਾਹ ਨਹੀਂ ਕਰਦੇ, ਇਨ੍ਹਾਂ ਤੋਂ ਵੱਡੀਆਂ ਕੁਰਬਾਨੀਆਂ ਕੋਈ ਨਹੀਂ ਕਰ ਸਕਦਾ ਪਰ ਇਹ ਮੱਧਕਾਲੀ ਸਮਾਜ ਦੇ ਗੁਣ ਸਨ, ਆਧੁਨਿਕ ਸਮਾਜ ਵਿਚ ਕੰਮ ਆਉਣ ਵਾਲਾ ਚੱਜ-ਆਚਾਰ ਕਿਧਰੇ ਵੀ ਪੰਜਾਬੀਆਂ ਦਾ ਗੁਣ ਜਾਂ ਪਛਾਣ ਨਹੀਂ ਬਣਿਆ।

ਕਾਰਨ ਇਹ ਹੈ ਕਿ ਜਦੋਂ ਤੱਕ ਕੋਈ ਕੌਮ ਲੰਮਾ ਅਰਸਾ ਰਾਜ ਨਹੀਂ ਕਰਦੀ, ਉਸ ਕੌਮ ਵਿਚ ਚੱਜ-ਆਚਾਰ ਦੀ ਆਪਣੀ ਕੋਈ ਨਿਵੇਕਲੀ ਜਾਂ ਮੌਲਿਕ ਪ੍ਰੰਪਰਾ ਨਹੀਂ ਉਪਜਦੀ। ਪੰਜਾਬੀਆਂ ਦਾ ਇਤਿਹਾਸ ਰਾਜ ਕਰਨ ਵਾਲਿਆਂ ਦਾ ਇਤਿਹਾਸ ਨਹੀਂ, ਰਾਜ ਦਾ ਵਿਰੋਧ ਕਰਨ ਵਾਲਿਆਂ ਦਾ ਇਤਿਹਾਸ ਹੈ। ਸਾਡੇ ਕੋਲ ਵਿਰੋਧ ਪ੍ਰਗਟਾਉਣ ਵਾਲੀ ਸ਼ਬਦਾਵਲੀ ਹੈ, ਰਾਜ ਕਰਨ ਵਾਲੀ ਸਮਰੱਥਾ ਅਤੇ ਸ਼ਬਦਾਵਲੀ ਨਹੀਂ ਹੈ। ਚੱਜ-ਆਚਾਰ ਦੇ ਪੱਖੋਂ ਅਸੀਂ ਪਹਿਲਾਂ ਹੀ ਪੱਛੜ ਚੁੱਕੇ ਹਾਂ, ਇਸ ਲਈ ਸਾਨੂੰ ਵਧੇਰੇ ਸੁਚੇਤ ਹੋਣ ਦੀ ਲੋੜ ਹੈ। ਸਿੱਖਿਆ ਤੋਂ ਬਿਨਾ ਅਤੇ ਜੀਵਨ ਦੇ ਸ਼ਹਿਰੀਕਰਣ ਤੋਂ ਬਿਨਾ, ਚੱਜ-ਆਚਾਰ ਨਹੀਂ ਉਪਜਦਾ। ਸਿੱਖਿਆ ਤੋਂ ਬਿਨਾ ਪੰਜਾਬੀ ਕਿਸਾਨ, ਵੱਡੇ ਵਪਾਰੀ ਅਤੇ ਸਮਰੱਥ ਕਰਮਚਾਰੀ ਨਹੀਂ ਬਣ ਸਕਦੇ ਅਤੇ ਜਦੋਂ ਤੱਕ ਇਹ ਵਪਾਰੀ ਨਹੀਂ ਬਣਨਗੇ, ਇਹ ਕਾਰਖਾਨੇਦਾਰ ਨਹੀਂ ਬਣ ਸਕਦੇ।

ਕਿਸਾਨ ਤੋਂ ਵਪਾਰੀ-ਕਰਮਚਾਰੀ ਅਤੇ ਉਸ ਉਪਰੰਤ ਉਦਯੋਗਪਤੀ ਬਣਨਾ ਵਿਕਾਸ ਅਤੇ ਖੁਸ਼ਹਾਲੀ ਦਾ ਨਿਸਚਿਤ ਮਾਰਗ ਹੈ। ਇਸ ਮਾਰਗ ਨੂੰ ਅਪਨਾਏ ਬਿਨਾ ਜੀਵਨ-ਪੱਧਰ ਦਾ ਉੱਚਾ ਉੱਠਣਾ ਅਤੇ ਬਦਲਦੇ ਸੰਸਾਰ ਤੋਂ ਲਾਭ ਉਠਾਉਣਾ ਸੰਭਵ ਨਹੀਂ ਹੋਵੇਗਾ।

ਦੁਰਭਾਗ ਵਸ ਸਾਡੇ ਕਿਸਾਨੀ ਸਮਾਜ ਨੂੰ ਇਹ ਇਤਿਹਾਸਕ ਸੱਚ ਸਮਝ ਨਹੀਂ ਆ ਰਿਹਾ, ਜਿਸ ਕਾਰਨ ਕਿਸਾਨੀ ਪੱਛੜਦੀ ਜਾ ਰਹੀ ਹੈ। ਵਿਦੇਸ਼ਾਂ ਵਿਚ ਗਏ ਪੰਜਾਬੀ ਵੀ ਚੰਗੇ ਚੱਜ-ਆਚਾਰ ਦੀ ਅਣਹੋਂਦ ਕਾਰਨ ਅਨੇਕਾਂ ਸਮੱਸਿਆਵਾਂ ਦਾ ਸ਼ਿਕਾਰ ਹੁੰਦੇ ਹਨ ਅਤੇ ਉਨ੍ਹਾਂ ਦਾ ਵਿਹਾਰ ਪੰਜਾਬ ਵਿਚਲੇ ਪੰਜਾਬੀਆਂ ਨਾਲੋਂ ਵੀ ਨੀਵਾਂ ਅਤੇ ਮਾੜਾ ਹੁੰਦਾ ਹੈ।

ਚੱਜ-ਆਚਾਰ ਤੋਂ ਬਿਨਾ ਖੁਸ਼ਹਾਲੀ ਦੇ ਕੋਈ ਅਰਥ ਨਹੀਂ ਨਿਕਲਦੇ। ਇਹ ਆਮ ਭੁਲੇਖਾ ਹੈ ਕਿ ਅਮੀਰ ਹੋਣ ਨਾਲ ਸਾਡੇ ਵਿਚ ਚੱਜ-ਆਚਾਰ ਆਪੇ ਆ ਜਾਵੇਗਾ। ਚੱਜ-ਆਚਾਰ ਵਪਾਰ ਦੀ ਬੁਨਿਆਦੀ ਲੋੜ ਹੁੰਦੀ ਹੈ।

ਜਿਥੇ ਵਿਹਾਰ ਸਾਊ ਹੋਵੇਗਾ, ਉੱਥੇ ਸ਼ਾਂਤੀ ਹੋਵੇਗੀ, ਜਿਥੇ ਸ਼ਾਂਤੀ ਹੋਵੇਗੀ, ਉਥੇ ਵਪਾਰ ਵਧੇਗਾ, ਖੁਸ਼ਹਾਲੀ ਆਵੇਗੀ, ਰੋਜ਼ਗਾਰ ਵਧੇਗਾ। ਵਪਾਰ ਘਮੰਡੀ ਅਤੇ ਕਠੋਰ ਲੋਕਾਂ ਨੂੰ ਨਿਮਰ, ਸਹਿਯੋਗੀ ਅਤੇ ਸੇਵਾਭਾਵੀ ਬਣਾ ਦਿੰਦਾ ਹੈ। ਚੱਜ-ਆਚਾਰ ਵਾਲਾ ਵਿਅਕਤੀ ਦੂਜਿਆਂ ਨੂੰ ਮਾਣ-ਸਤਿਕਾਰ ਦਿੰਦਿਆਂ ਆਪ ਮਾਣ ਲੈਂਦਾ ਹੈ। ਚੱਜ-ਆਚਾਰ ਵਾਲਾ ਬੰਦਾ ਕੋਹਜਾ ਹੋ ਹੀ ਨਹੀਂ ਸਕਦਾ। ਕਿਸੇ ਦੀ ਸੁੰਦਰਤਾ ਸਾਡਾ ਕੇਵਲ ਧਿਆਨ ਹੀ ਖਿੱਚਦੀ ਹੈ, ਜਦੋਂ ਕਿ ਪ੍ਰਭਾਵਿਤ ਅਸੀਂ ਉਸ ਦੇ ਚੱਜ-ਆਚਾਰ ਤੋਂ ਹੁੰਦੇ ਹਾਂ।

ਭਾਰਤ ਵਿਚ ਵੀਹਵੀਂ ਸਦੀ ਦੇ ਅਰੰਭ ਤੱਕ ਲੋਕ ਸੜਕਾਂ ਦੇ ਵਿਚਕਾਰ ਚੱਲਦੇ ਸਨ। ਉਸ ਸਮੇਂ

ਦਾ ਇਕ ਅੰਗ੍ਰੇਜ਼ ਅਫਸਰ, ਸਵੇਰੇ ਘੋੜੇ 'ਤੇ ਚੜ੍ਹਕੇ, ਵੱਡੀ ਸੜਕ ਉੱਤੇ, ਦੂਰ-ਦੂਰ ਤੱਕ ਜਾ ਕੇ, ਜਿਹੜਾ ਖੱਬੇ ਪਾਸੇ ਨਹੀਂ ਚੱਲ ਰਿਹਾ ਹੁੰਦਾ ਸੀ, ਉਸ ਨੂੰ ਚਾਬਕਾਂ ਮਾਰਦਾ ਸੀ। ਉਸ ਦਾ ਅਸਲ ਉਦੇਸ਼ ਸੜਕਾਂ ਤੇ ਆਵਾਜਾਈ ਨੂੰ ਨੇਮਬੱਧ ਕਰਨਾ ਸੀ। ਅਜਿਹੇ ਵਿਹਾਰ ਕਾਰਨ ਉਸ ਨੂੰ ਤਾੜਨਾ ਵੀ ਹੋਈ ਪਰ ਉਹ ਜਿੱਥੇ-ਜਿੱਥੇ ਗਿਆ, ਲੋਕ ਉਸ ਤੋਂ ਡਰਦਿਆਂ ਖੱਬੇ ਪਾਸੇ ਚੱਲਣ ਲੱਗ ਪਏ। ਉਸ ਨੇ ਭਾਰਤ ਵਿਚ ਲੋਕਾਂ ਨੂੰ ਖੱਬੇ ਪਾਸੇ ਚੱਲਣ ਦੀ ਆਦਤ ਪਾਈ ਸੀ। ਉਸ ਦੇ ਚਲੇ ਜਾਣ ਮਗਰੋਂ, ਜਿਨ੍ਹਾਂ ਨੂੰ ਚਾਬਕਾਂ ਪਈਆਂ ਸਨ, ਉਹ ਵੀ ਉਸ ਦੀਆਂ ਸਿਫ਼ਤਾਂ ਕਰਦੇ ਸਨ।

ਸਮੇਂ ਦੀ ਪਾਬੰਦੀ ਚੱਜ-ਆਚਾਰ ਦਾ ਉਘੜਵਾਂ ਲੱਛਣ ਹੁੰਦੀ ਹੈ। ਸੰਸਾਰ ਵਿਚ ਜਿਹੜੇ ਮੁਲਕ ਖੁਸ਼ਹਾਲ ਹਨ, ਉਹ ਸਮੇਂ ਦੀ ਪਾਬੰਦੀ ਕਾਰਨ ਹੀ ਖੁਸ਼ਹਾਲ ਹਨ। ਯੋਰਪ ਵਿਚ ਚਰਚ ਨੇ ਉਦਯੋਗਿਕ ਕ੍ਰਾਂਤੀ ਤੋਂ ਪਹਿਲਾਂ ਹੀ ਵਕਤ ਦੀ ਪਾਬੰਦੀ ਲਾਗੂ ਕਰ ਦਿੱਤੀ ਸੀ।

ਸੰਸਾਰ ਦੇ ਗਰੀਬ ਦੇਸ਼ ਇਸ ਲਈ ਗਰੀਬ ਹਨ, ਕਿਉਂਕਿ ਉਹ ਸਮੇਂ ਦੇ ਮਹੱਤਵ ਤੋਂ ਅਵੇਸਲੇ ਹਨ। ਸਮੇਂ ਪ੍ਰਤੀ ਸਾਡੀ ਲਾਪ੍ਰਵਾਹੀ ਸਾਡੇ ਵਿਹਾਰ ਦਾ ਸਭ ਤੋਂ ਵੱਡਾ ਔਗੁਣ ਹੈ, ਜਿਸ ਵਿਚੋਂ ਝੂਠ ਬੋਲਣ, ਬਹਾਨੇ ਲਾਉਣ ਅਤੇ ਸੁਸਤ ਹੋਣ ਦੇ ਲੱਛਣ ਉਪਜਦੇ ਹਨ।

ਇਕ ਵਾਰੀ ਇਕ ਰੇਲਗੱਡੀ ਰੋਜ਼ ਵਾਂਗ ਥਾਂ-ਥਾਂ ਰੁਕਣ ਕਰਕੇ ਡੇਢ ਘੰਟਾ ਲੇਟ ਪਹੁੰਚੀ ਅਤੇ ਸਵਾਰੀਆਂ ਨੇ ਗਾਰਡ ਅਤੇ ਡਰਾਈਵਰ ਦੋਵੇਂ ਕੁੱਟ ਦਿੱਤੇ। ਵਾਪਸੀ 'ਤੇ ਉਹ ਗੱਡੀ ਉਸੇ ਡਰਾਈਵਰ-ਗਾਰਡ ਨਾਲ ਕਈ ਸਟੇਸ਼ਨਾਂ 'ਤੇ ਰੁਕੇ ਬਿਨਾ ਆਪਣੇ ਅੰਤਲੇ ਸਟੇਸ਼ਟ 'ਤੇ ਅੱਧਾ ਘੰਟਾ ਪਹਿਲਾਂ ਪਹੁੰਚ ਗਈ। ਜਿਹੜੇ ਰਹਿ ਗਏ ਸਨ, ਉਹ ਛੋਟੇ ਰਸਤੇ ਰਾਹੀਂ ਇਸ ਸਟੇਸ਼ਨ ਤੇ ਪਹੁੰਚ ਗਏ ਅਤੇ ਉਨ੍ਹਾਂ ਨੇ ਗਾਰਡ ਅਤੇ ਡਰਾਈਵਰ ਨਾਲ ਸਟੇਸ਼ਨ-ਮਾਸਟਰ ਵੀ ਕੁੱਟ ਦਿੱਤਾ।

ਸਮੇਂ ਦੀ ਪਾਬੰਦੀ ਨਾ ਹੋਣ ਕਾਰਨ ਗੱਡੀ ਚਲਾਉਣ ਦੇ ਇਹ ਦੋਵੇਂ ਢੰਗ ਗਲਤ ਸਨ। ਸਹੀ ਵਿਹਾਰ ਕਹਿੰਦਾ ਹੈ ਕਿ ਗੱਡੀ ਨਾ ਪਹਿਲਾਂ ਪਹੁੰਚੇ ਨਾ ਦੇਰ ਨਾਲ, ਗੱਡੀ ਆਪਣੇ ਨਿਸਚਿਤ ਸਮੇਂ ਤੇ ਪਹੁੰਚਣੀ ਚਾਹੀਦੀ ਹੈ। ਰਾਜਸੀ ਨੇਤਾਵਾਂ ਦਾ ਚੱਜ-ਆਚਾਰ ਉਨ੍ਹਾਂ ਵੱਲੋਂ ਵਿਖਾਈ ਸਮੇਂ ਦੀ ਪਾਬੰਦੀ ਨਾਲ ਮਾਪਿਆ ਜਾਂਦਾ ਹੈ।

ਆਪਣੀ ਗਲਤੀ ਨੂੰ ਮੰਨਣਾ ਚੱਜ-ਆਚਾਰ ਦਾ ਸੁਨਹਿਰੀ ਅਸੂਲ ਹੁੰਦਾ ਹੈ। ਇਕ ਵਾਰੀ ਯੂਨੀਵਰਸਿਟੀ ਦੀ ਇਕ ਲੜਕੀ ਆਪਣੀ ਸਹੇਲੀ ਨੂੰ ਬੱਸ ਚੜ੍ਹਾਉਣ ਵਾਸਤੇ ਆਪਣੀ ਕਾਰ, ਬੱਸ ਅੱਡੇ ਦੇ ਧੁਰ-ਅੰਦਰ, ਜਿਥੇ ਬੱਸ ਖਲੋਤੀ ਹੁੰਦੀ ਹੈ ਉਥੇ ਲੈ ਗਈ। ਡਿਊਟੀ ਉੱਤੇ ਸਿਪਾਹੀ ਨੇ ਚਲਾਨ ਕੱਟਣ ਲਈ ਰੋਕਿਆ ਤਾਂ ਕਹਿਣ ਲੱਗੀ: ਚਲਾਨ ਕਿਸ ਗੱਲ ਦਾ, ਮੈਂ ਕੋਈ ਗਲਤੀ ਨਹੀਂ ਕੀਤੀ, ਇਥੇ ਬੋਰਡ ਲਾਉਣਾ ਚਾਹੀਦਾ ਸੀ, ਮੈਂ ਤੁਹਾਡੀ ਸ਼ਿਕਾਇਤ ਕਰਾਂਗੀ। ਜਦੋਂ ਸਿਪਾਹੀ ਨੇ ਬੋਰਡ ਵਿਖਾਇਆ ਤਾਂ ਕਹਿਣ ਲੱਗੀ। ਗਲਤੀ ਹੋ ਗਈ ਹੈ, ਮੁਆਫ਼ ਕਰ ਦਿਓ। ਸਿਪਾਹੀ ਨੇ ਕਿਹਾ: ਜੋ ਤੁਸੀਂ ਅਖ਼ੀਰ ਵਿਚ ਕਹਿ ਰਹੇ ਹੋ, ਉਹ ਅਰੰਭ ਵਿਚ ਕਹਿਣਾ ਚਾਹੀਦਾ ਸੀ।

ਜੇ ਅਸੀਂ ਆਪਣੀਆਂ ਗਲਤੀਆਂ ਮੰਨਦੇ ਜਾਈਏ ਤਾਂ ਸਾਡੇ ਵਿਚ ਵਿਕਾਸ ਵਾਪਰਦਾ ਰਹਿੰਦਾ ਹੈ। ਆਪਣੀਆਂ ਘਾਟਾਂ ਤੋਂ ਸ਼ਰਮਸਾਰ ਹੋਣ ਦੀ ਲੋੜ ਨਹੀਂ, ਸਗੋਂ ਦੱਸੋ ਕਿ ਇਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਤੁਸੀਂ ਕਿਵੇਂ ਅਤੇ ਕਿਹੋ ਜਿਹੀ ਜਦੋ ਜਹਿਦ ਕਰ ਰਹੇ ਹੋ। ਇਵੇਂ ਦੂਜੇ ਵੀ ਆਪਣੀਆਂ ਘਾਟਾਂ ਦੱਸਣਗੇ ਅਤੇ ਸਾਰੇ ਇਕ-ਦੂਜੇ ਦੇ ਸਹਿਯੋਗੀ ਹੋ ਨਿਬੜਨਗੇ।

ਜਦੋਂ ਇਕ ਚੀਜ਼ ਠੀਕ ਹੋ ਜਾਵੇ ਤਾਂ ਬਾਕੀ ਚੀਜ਼ਾਂ ਆਪੇ ਠੀਕ ਹੋਣ ਲੱਗ ਪੈਂਦੀਆਂ ਹਨ। ਇਕ ਵਾਰੀ ਇਕ ਵਿਅਕਤੀ ਚਿੱਠੀ ਲਿਖ ਰਿਹਾ ਸੀ ਅਤੇ ਉਸ ਦਾ ਸਕੂਲ ਪੜ੍ਹਦਾ ਲੜਕਾ ਵਿਘਨ ਪਾ ਰਿਹਾ ਸੀ। ਪਿਤਾ ਨੇ ਪੁਰਾਣੇ ਪਏ ਦੁਨੀਆਂ ਦੇ ਨਕਸ਼ੇ ਨੂੰ ਪਾੜ ਕੇ ਟੋਟੇ ਕਰਕੇ ਪੁੱਤਰ ਨੂੰ ਕਿਹਾ ਕਿ ਉਹ ਕਾਤਰਾਂ ਨੂੰ ਜੋੜ ਕੇ ਨਕਸ਼ਾ ਬਣਾਵੇ। ਪਿਤਾ ਸਮਝਦਾ ਸੀ ਕਿ ਇਸ ਕਾਰਜ ਵਿਚ ਇਕ ਘੰਟਾ ਲਗੇਗਾ ਪਰ ਪੁੱਤਰ ਨੇ ਕੁਝ ਮਿੰਟਾਂ ਵਿਚ ਹੀ ਕਾਤਰਾਂ ਜੋੜ ਦਿੱਤੀਆਂ। ਜਦੋਂ ਪੁੱਛਿਆ ਗਿਆ ਕਿ ਕਿਵੇਂ ਕੀਤਾ ਤਾਂ ਪੁੱਤਰ ਨੇ ਕਿਹਾ ਕਿ ਨਕਸ਼ੇ ਦੇ ਦੂਜੇ ਪਾਸੇ ਇਕ ਮਨੁੱਖ ਦੀ ਤਸਵੀਰ ਸੀ, ਮੈਂ ਸੋਚਿਆ ਕਾਤਰਾਂ ਜੋੜ ਕੇ ਜੇ ਮਨੁੱਖ ਠੀਕ ਬਣ ਗਿਆ ਤਾਂ ਸੰਸਾਰ ਦਾ ਨਕਸ਼ਾ ਆਪੇ ਹੀ ਠੀਕ ਹੋ ਜਾਵੇਗਾ। ਚੱਜ-ਆਚਾਰ ਦੇ ਅਰਥ ਸਹੀ ਕਾਰਜ ਨੂੰ ਠੀਕ ਢੰਗ ਨਾਲ ਕਰਨ ਤੋਂ ਹਨ, ਕਿਸੇ ਨੂੰ ਪਤਾ ਲੱਗੇ ਭਾਵੇਂ ਨਾ ਲੱਗੇ; ਜਿਵੇਂ ਫੁੱਲ ਖਿੜਦੇ ਹਨ, ਕੋਈ ਵੇਖੇ ਭਾਵੇਂ ਨਾ ਵੇਖੇ। ਚੰਗੇ ਚੱਜ-ਆਚਾਰ ਵਿਚ ਉਚੇਚ ਨਹੀਂ ਹੁੰਦਾ, ਇਹ ਆਦਤ ਵਾਂਗ ਸੁਭਾਵਕ ਵਰਤਾਰਾ ਹੁੰਦਾ ਹੈ।

ਚੱਜ-ਆਚਾਰ ਜਬਰੀ ਸਿਖਾਇਆ ਨਹੀਂ ਜਾਂਦਾ, ਇਹ ਅਪਨਾਇਆ ਜਾਂਦਾ ਹੈ ਅਤੇ ਇਸ ਨਾਲ ਚੰਗੇ ਕਾਰਜਾਂ ਲਈ ਰਾਹ ਪੱਧਰਾ ਹੋ ਜਾਂਦਾ ਹੈ। ਪੁਸਤਕਾਂ ਪੜ੍ਹਨ ਨਾਲ ਚੱਜ ਆਚਾਰ ਨਹੀਂ ਉਪਜਦਾ ਪਰ ਪੁਸਤਕਾਂ ਪੜ੍ਹਨ ਨਾਲ ਨਿਮਰਤਾ ਉਪਜਦੀ ਹੈ, ਜਿਹੜੀ ਚੱਜ ਆਚਾਰ ਦੀ ਬੁਨਿਆਦ ਹੁੰਦੀ ਹੈ। ਕਈ ਵੀ ਸਮਾਜ ਉਦੋਂ ਤੱਕ ਵਿਕਾਸ ਨਹੀਂ ਕਰਦਾ ਜਦੋਂ ਤੱਕ ਉਸ ਵਿਚ ਇਸਤਰੀਆਂ ਖਿੜੇ-ਮੱਥੇ ਸ਼ਾਮਲ ਨਹੀਂ ਹੁੰਦੀਆਂ। ਇਸਤਰੀਆਂ ਵਿਚ ਚੱਜ-ਆਚਾਰ ਹੁੰਦਾ ਵੀ ਵਧੇਰੇ ਹੈ ਅਤੇ ਉਹ ਸਿੱਖਦੀਆਂ ਵੀ ਜਲਦੀ ਅਤੇ ਵਧੇਰੇ ਹਨ।

ਆਪਣੇ ਦੋਸਤਾਂ ਨਾਲ ਸਾਡਾ ਵਿਹਾਰ ਸੁਖਾਵਾਂ ਇਸ ਲਈ ਹੁੰਦਾ ਹੈ ਕਿਉਂਕਿ ਉਨ੍ਹਾਂ ਨਾਲ ਅਸੀਂ ਬਰਾਬਰੀ ਦੇ ਆਧਾਰ 'ਤੇ ਵਿਚਰਦੇ ਹਾਂ। ਸਾਡਾ ਅਨਿਆਂ ਪੂਰਨ ਅਤੇ ਨੀਵਾਂ ਵਿਹਾਰ ਅਕਸਰ ਉਨ੍ਹਾਂ ਨਾਲ ਹੁੰਦਾ ਹੈ, ਜਿਨ੍ਹਾਂ ਪ੍ਰਤੀ ਸਤਿਕਾਰ ਹੋਣਾ ਚਾਹੀਦਾ ਹੈ, ਜਿਵੇਂ ਪਤਨੀ ਨਾਲ, ਮਾਪਿਆਂ ਨਾਲ, ਭਰਾਵਾਂ ਨਾਲ, ਗੁਆਂਢੀਆਂ ਨਾਲ।

ਦੂਜਿਆਂ ਦੇ ਗੁਣਾਂ ਦੀ ਕਦਰ ਕਰਨੀ ਕੋਈ ਸਿਕੰਦਰ ਤੋਂ ਸਿੱਖੇ।

ਸਿਕੰਦਰ ਹੈ ਤਾਂ ਹਮਲਾਵਰ ਸੀ ਪਰ ਪੋਰਸ ਨਾਲ ਆਪਣੇ ਚੰਗੇ ਵਿਹਾਰ ਕਾਰਨ ਉਸ ਨੇ ਭਾਰਤੀਆਂ ਦੇ ਦਿਲ ਜਿੱਤ ਲਏ ਸਨ, ਜਦੋਂ ਕਿ ਚੰਗੇਜ਼ ਖਾਂ ਅਤੇ ਗਜ਼ਨਵੀ ਆਦਿ ਨੇ ਭਾਰਤੀਆਂ ਤੋਂ ਨਫ਼ਰਤ ਹੀ ਕਮਾਈ ਸੀ।

ਸਾਡੇ ਜੀਵਨ ਦੇ ਵਿਕਾਸ ਵਿਚ ਜਿਸ ਨੇ ਵੀ ਯੋਗਦਾਨ ਪਾਇਆ ਹੋਵੇ, ਉਸ ਦਾ ਧੰਨਵਾਦ ਕਰਨ ਨਾਲ ਅਸੀਸਾਂ ਹੀ ਮਿਲਣਗੀਆਂ। ਸਾਡੇ ਸ਼ੁੱਭ-ਚਿੰਤਕਾਂ ਦੀਆਂ ਅਸੀਸਾਂ, ਭੈੜੇ ਬੰਦਿਆਂ ਦੀਆਂ ਬਦਦੁਆਵਾਂ ਦਾ ਰਾਹ ਰੋਕ ਲੈਂਦੀਆਂ ਹਨ।

ਚੱਜ-ਆਚਾਰ ਦਾ ਇਹ ਸੁਨਹਿਰੀ ਅਸੂਲ ਹੈ ਕਿ ਜਦੋਂ ਕਿਸੇ ਨਾਲ ਚੰਗਾ ਵਿਹਾਰ ਕਰੋ ਤਾਂ ਉਸ ਦੀ ਆਸ ਨਾਲੋਂ ਵੱਧ ਚੰਗਾ ਕਰੋ ਤਾਂ ਕਿ ਉਸ ਨੂੰ ਮੋੜਵਾਂ ਚੰਗਾ ਵਿਹਾਰ ਕਰਦਿਆਂ ਕੋਈ ਦੁਚਿੱਤੀ ਨਾ ਹੋਵੇ।

ਜਿਵੇਂ ਕਿਸੇ ਵਲੋਂ ਬੂਹਾ ਖੜਕਾਉਣ ਦੇ ਢੰਗ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਕਿਹੋ ਜਿਹਾ ਮਹਿਮਾਨ ਆਇਆ ਹੈ, ਉਵੇਂ ਹੀ ਉਸ ਦੀ ਬੋਲਬਾਣੀ, ਸਾਨੂੰ ਉਸ ਦੀ ਬੌਧਿਕ ਪੱਧਰ ਦੀ ਸੂਚਨਾ ਦਿੰਦੀ ਹੈ। ਜੇ ਅਸੀਂ ਆਪਣੀ ਬੋਲਬਾਣੀ ਸੰਵਾਰ ਲਈਏ ਤਾਂ ਇਸ ਨਾਲ ਹੀ ਸਭ ਕੁਝ ਸੰਵਰਦਾ ਜਾਵੇਗਾ। ਕਿਸੇ ਨਾਲ ਵਰਤੀ ਬੋਲਬਾਣੀ ਨਾਲ ਹੀ, ਉਸ ਨਾਲ ਸਾਡੀ ਨੇੜਤਾ ਅਤੇ ਵਿੱਥ ਦਾ ਪਤਾ ਲੱਗਦਾ ਹੈ। ਇਨਸਾਨੀਅਤ


## ਲੇਖਕਾਂ ਨੂੰ ਬੇਨਤੀ

**ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।**

**ਰਚਨਾਵਾਂ ਭੇਜਣ ਲਈ ਪਤਾ:**
ਗੁਰਮਤਿ ਵਿਰਸਾ,
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ
**M:** 79733-70542
**Email:** gurmatvirsa@gmail.com

ਚੱਜ-ਆਚਾਰ ਦਾ ਹੀ ਦੂਜਾ ਨਾਂ ਹੈ। ਵਾਸਤਵ ਵਿਚ ਚੱਜ-ਆਚਾਰ ਦਾ ਪੈਮਾਨਾ ਇਹ ਹੈ ਕਿ ਕੋਈ ਇਸਤਰੀਆਂ, ਬੱਚਿਆਂ, ਬਜ਼ੁਰਗਾਂ, ਅਜਨਬੀਆਂ, ਨਿਆਸਰਿਆਂ ਨਾਲ ਕਿਵੇਂ ਵਰਤਦਾ ਹੈ।

ਉਦਾਹਰਣ ਵਜੋਂ ਕੀਤਾ ਵਾਅਦਾ ਪੂਰਾ ਨਾ ਕਰਨਾ ਕੁਚੱਜਾਪਣ ਹੁੰਦਾ ਹੈ। ਪੱਛੜ ਕੇ ਪਹੁੰਚਣਾ ਅਤੇ ਬਹਾਨਾ ਲਾਉਣਾ ਭੈੜੀ ਆਦਤ ਹੁੰਦੀ ਹੈ। ਰੌਲਾ ਪਾਉਣਾ, ਮਹਿਮਾਨਾਂ ਦੀ ਬੇਇੱਜ਼ਤੀ ਕਰਨ ਦਾ ਪ੍ਰਗਟਾਵਾ ਹੁੰਦਾ ਹੈ। ਉੱਚਾ ਬੋਲਣਾ ਅਤੇ ਉੱਚਾ ਹੱਸਣਾ ਬੇਸ਼ਰਮੀ ਦਾ ਐਲਾਨ ਹੁੰਦਾ ਹੈ। ਬਹੁਤੇ ਛਾਪਾਂ-ਛੱਲੇ ਪਾਉਣੇ ਹੋਛੇਪਣ ਦੀ ਨਿਸ਼ਾਨੀ ਹੁੰਦੀ ਹੈ।

ਕਿਸੇ ਇਸਤਰੀ ਬਾਰੇ ਅਵਾਰਾ ਜਿਹੀ ਰਾਇ ਦੇਣੀ, ਮਾਨਸਿਕ ਕੰਗਾਲੀ ਦਾ ਪ੍ਰਮਾਣ ਹੁੰਦਾ ਹੈ। ਕੰਧ ਦਾ ਸਹਾਰਾ ਲੈ ਕੇ ਖਲੋਣਾ, ਹੱਥ ਨਾਲ ਕੁਝ ਘੁੰਮਾਉਂਦੇ ਰਹਿਣਾ, ਨੱਕ ਵਿਚ ਉਂਗਲ ਮਾਰਦੇ ਰਹਿਣਾ, ਬੈਠਿਆਂ ਪੈਰ ਹਿਲਾਉਣਾ, ਕਿਸੇ ਦੇ ਘਰ ਪਏ ਯੰਤਰਾਂ ਨੂੰ ਆਪੇ ਚਲਾਉਣ ਲੱਗ ਜਾਣਾ, ਕਿਸੇ ਦੀ ਨਿੱਜੀ ਚੀਜ਼ ਦਾ ਮੰਗਣਾ, ਕਿਸੇ ਦੇ ਘਰ ਬੇਵਕਤ ਜਾਣਾ, ਜਾਣ ਵੇਲੇ ਗੇਟ-ਦਰਵਾਜ਼ਾ ਖੁੱਲ੍ਹਾ ਛੱਡ ਜਾਣਾ, ਕਿਸੇ ਦੀ ਚਿੱਠੀ ਨੂੰ ਪੜ੍ਹਨਾ ਆਦਿ ਕਿਸੇ ਵੀ ਸਭਿਆਚਾਰ ਵਿਚ ਚੰਗੇ ਚੱਜ-ਆਚਾਰ ਦੇ ਲੱਛਣ ਨਹੀਂ ਹੁੰਦੇ।

ਜੇ ਮਹਿਮਾਨ ਦੋ ਹਨ ਤਾਂ ਪਲੇਟ ਵਿਚ ਪਾਣੀ ਦੇ ਤਿੰਨ ਗਲਾਸ ਰੱਖ ਕੇ ਪੇਸ਼ ਕਰਨੇ ਚਾਹੀਦੇ ਹਨ। ਦਿਨ ਵੇਲੇ ਆਏ ਪਰ ਰਾਤ ਰਹਿਣ ਵਾਲੇ ਮਹਿਮਾਨ ਨੂੰ ਚੱਪਲਾਂ, ਤੌਲੀਆ ਦਿਓ ਅਤੇ ਗੁਸਲਖਾਨਾ ਵਿਖਾਓ। ਮਹਿਮਾਨ ਦੇ ਸਿਰਹਾਣੇ, ਰਾਤ ਲੋੜ ਪੈਣ ਵਾਲਾ, ਪੀਣ ਵਾਲਾ ਪਾਣੀ ਜ਼ਰੂਰ ਰੱਖੋ। ਵਸ ਲੱਗਦੇ ਵਿਉਂਤਿਆ ਪ੍ਰੋਗਰਾਮ ਮੁਲਤਵੀ ਨਹੀਂ ਕਰਨਾ ਚਾਹੀਦਾ। ਟੈਲੀਫੋਨ ਕਰਨ ਵੇਲੇ ਸੁਣਨ ਵਾਲੇ ਨੂੰ ਇਹ ਨਾ ਪੁੱਛੋ: ਪਛਾਣਿਐ? ਜਾਂ ਕੌਣ ਬੋਲਦੈ? ਸਗੋਂ ਤੁਸੀਂ ਦੱਸੋ ਕਿ ਤੁਸੀਂ ਕੌਣ ਬੋਲ ਰਹੇ ਹੋ ਅਤੇ ਤੁਸੀਂ ਕਿਸ ਨਾਲ ਗੱਲ ਕਰਨੀ ਹੈ।

ਸਿੱਖਣ ਦੀ ਲੋੜ ਹੈ ਕਿ ਭੈੜੀ ਖ਼ਬਰ ਕਿਵੇਂ ਦੇਣੀ ਹੈ। ਅਜਿਹੇ ਸਮੇਂ ਪਹਿਲਾਂ ਸੋਚ ਲਵੋ ਕਿ ਕੀ ਕਹਿਣਾ ਹੈ ਅਤੇ ਕਿਸ ਨੂੰ ਕਹਿਣਾ ਹੈ ਅਤੇ ਪੁੱਛੇ ਜਾਣ ਵਾਲੇ ਸਵਾਲਾਂ ਦਾ ਜਵਾਬ ਕੀ ਦੇਣਾ ਹੈ। ਕਿਸ ਸਮੇਂ ਭੈੜੀ ਸੂਚਨਾ ਦੇਣੀ ਹੈ, ਇਸ ਬਾਰੇ ਵੀ ਸੋਚਣਾ ਚਾਹੀਦਾ ਹੈ। ਚੰਗੀ ਸੂਚਨਾ ਹਰ ਕੋਈ ਦੇ ਸਕਦਾ ਹੈ, ਚੱਜ-ਆਚਾਰ ਭੈੜੀ ਸੂਚਨਾ ਦੇਣ ਵੇਲੇ ਪਰਖਿਆ ਜਾਵੇਗਾ।

ਜਦੋਂ ਸਾਨੂੰ ਕੋਈ ਚੰਗਾ ਲੱਗਦਾ ਹੈ ਤਾਂ ਸਾਡਾ ਆਪ-ਮੁਹਾਰੇ ਉਸ ਨਾਲ ਚੰਗਾ ਵਿਹਾਰ ਕਰਨ ਨੂੰ ਮਨ ਕਰੇਗਾ। ਕਿਸੇ ਨੂੰ ਪਸੰਦ ਕਰਦਿਆਂ ਅਸੀਂ ਆਪਣੇ ਆਪ ਨੂੰ ਵੀ ਪਸੰਦ ਕਰਦੇ ਹਾਂ। ਆਪਣੇ ਆਪ ਨਾਲ ਚੰਗਾ ਵਿਹਾਰ ਕਰੋ, ਦੂਜਿਆਂ ਨਾਲ ਚੰਗਾ ਵਿਹਾਰ ਕਰਨਾ ਆਪੇ ਆ ਜਾਵੇਗਾ। ਹਰ

**ਚੱਜ-ਆਚਾਰ ਤੋਂ ਬਿਨਾ ਖੁਸ਼ਹਾਲੀ ਦੇ ਕੋਈ ਅਰਥ ਨਹੀਂ ਨਿਕਲਦੇ। ਇਹ ਆਮ ਭੁਲੇਖਾ ਹੈ ਕਿ ਅਮੀਰ ਹੋਣ ਨਾਲ ਸਾਡੇ ਵਿਚ ਚੱਜ-ਆਚਾਰ ਆਪੇ ਆ ਜਾਵੇਗਾ। ਚੱਜ-ਆਚਾਰ ਵਪਾਰ ਦੀ ਬੁਨਿਆਦੀ ਲੋੜ ਹੁੰਦੀ ਹੈ।**

ਬੋਲੀ ਦੇ ਅਖਾਣ-ਮੁਹਾਵਰੇ ਚੱਜ-ਆਚਾਰ ਪ੍ਰਗਟਾਉਂਦੇ ਹਨ ਅਤੇ ਹਰ ਸਮਾਜ ਦੇ ਤਿਉਹਾਰ ਚੱਜ-ਆਚਾਰ ਸਿਖਾਉਂਦੇ ਹਨ। ਹਰੇਕ ਤਿਉਹਾਰ ਦੀਆਂ ਕੁਝ ਰਸਮਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਪੂਰੀਆਂ ਕਰਦਿਆਂ ਅਸੀਂ ਸਾਊ ਵਿਹਾਰ ਕਰਦੇ ਹਾਂ।

ਰਸਮ-ਰਿਵਾਜ, ਕਾਨੂੰਨ ਨਾਲੋਂ ਵੀ ਵਧੇਰੇ ਸ਼ਕਤੀਸ਼ਾਲੀ ਹੁੰਦੇ ਹਨ, ਇਸੇ ਕਰਕੇ ਇਹ ਸਾਡੇ ਵਿਹਾਰ ਨੂੰ ਨੇਮਬੱਧ ਕਰਦੇ ਹਨ।

ਅਨੇਕਾਂ ਵਾਰ ਕਿਸੇ ਇਕ ਵਿਅਕਤੀ ਦੀ ਬਹਾਦਰੀ ਜਾਂ ਸਿਆਣਪ ਨਾਲ, ਸੈਂਕੜੇ ਵਿਅਕਤੀਆਂ ਨੂੰ ਲਾਭ ਪਹੁੰਚਦਾ ਹੈ।

ਮੇਰੇ ਕਾਲਜ ਵਿਚ ਜਦੋਂ ਲੜਕੀਆਂ ਦਾ ਦਾਖਲਾ ਖੁੱਲ੍ਹਿਆ ਤਾਂ ਪਹਿਲੇ ਸਾਲ, ਮਲਕਾ ਨਾਂ ਦੀ ਕੇਵਲ ਇਕ ਹੀ ਲੜਕੀ ਦਾਖਲ ਹੋਈ, ਜਿਹੜੀ ਇਕੱਲੀ ਹੋਣ ਕਾਰਨ, ਪ੍ਰੇਸ਼ਾਨ ਹੋਣ ਕਰਕੇ, ਕਾਲਜ ਛੱਡਣ ਬਾਰੇ ਸੋਚ ਰਹੀ ਸੀ ਕਿ ਉਸ ਨੇ ਆਪਣੀ ਇਤਿਹਾਸ ਦੀ ਕਿਤਾਬ ਵਿਚ ਪੜ੍ਹਿਆ ਕਿ ਚਿੱਤੌੜ ਦੀ ਰਾਣੀ ਕਰਨਵਤੀ ਨੇ, ਗੁਜਰਾਤ ਦੇ ਬਹਾਦਰ ਸ਼ਾਹ ਤੋਂ ਆਪਣੀ ਰੱਖਿਆ ਲਈ, ਹਮਾਯੂੰ ਨੂੰ ਰੱਖੜੀ ਭੇਜੀ ਸੀ ਅਤੇ ਹਮਾਯੂੰ, ਬੰਗਾਲ ਦੀ ਮੁਹਿੰਮ ਵਿਚੇ ਛੱਡ ਕੇ, ਉਸ ਦੀ ਰੱਖਿਆ ਲਈ ਬਹੁੜਿਆ ਸੀ।

ਅਗਲੇ ਦਿਨ ਰੱਖੜੀ ਵਾਲੇ ਦਿਨ ਮਲਕਾ ਨੂੰ ਪਤਾ ਨਹੀਂ ਕੀ ਸੁੱਝੀ ਕਿ ਉਸ ਨੇ ਕਾਲਜ ਦੇ ਸਭ ਤੋਂ ਬਹਾਦਰ ਕਹਿਲਾਉਂਦੇ ਅਤੇ ਲੜਾਕੇ ਸਮਝੇ ਜਾਂਦੇ ਮੁੰਡੇ ਨੂੰ ਲੱਭ ਕੇ ਰੱਖੜੀ ਬੰਨ੍ਹੀ ਅਤੇ ਉਸ ਤੋਂ ਮਗਰੋਂ ਉਹ ਕਾਲਜ ਵਿਚ ਮਲਕਾ ਵਿਕਟੋਰੀਆ ਵਾਂਗ ਵਿਚਰੀ ਅਤੇ ਅਗਲੇ ਹੀ ਸਾਲ ਕਾਲਜ ਵਿਚ ਲੜਕੀਆਂ ਦੀ ਗਿਣਤੀ ਇਕ-ਤਿਹਾਈ ਹੋ ਗਈ ਸੀ।

ਚੰਗਾ ਚੱਜ-ਆਚਾਰ ਚੰਗੇ ਵਿਚਾਰ ਨੂੰ ਉਤਸ਼ਾਹ ਦਿੰਦਾ ਹੈ, ਜਦੋਂ ਕਿ ਭੈੜੇ ਵਿਹਾਰ ਨਾਲ ਅਸੀਂ ਝਗੜੇ ਅਤੇ ਸਮੱਸਿਆਵਾਂ ਉਪਜਾਉਂਦੇ ਹੀ ਨਹੀਂ, ਆਪ ਹੀ ਸਮੱਸਿਆ ਬਣ ਜਾਂਦੇ ਹਾਂ। ਮੁੱਢਲਾ ਚੱਜ-ਆਚਾਰ ਘਰ ਵਿਚ, ਮਾਂ ਤੋਂ ਸਿੱਖਿਆ ਜਾਂਦਾ ਹੈ। ਇਸਤਰੀ ਆਪਣੇ ਨੈਣ-ਨਕਸ਼ਾਂ ਕਰਕੇ ਹੀ ਨਹੀਂ, ਚੱਜ-ਆਚਾਰ ਕਾਰਨ ਵੀ ਪ੍ਰਭਾਵਿਤ ਕਰਦੀ ਹੈ ਅਤੇ ਉਹ ਪੁਰਸ਼ ਨੂੰ ਚੱਜ-ਆਚਾਰ ਸਿਖਾ ਕੇ ਸਿਆਣਾ ਬਣਾ ਦਿੰਦੀ ਹੈ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਜੇ ਘਰ ਵਿਚ ਧੀ ਨਾ ਹੋਵੇ ਤਾਂ ਪੁਰਸ਼ ਵਿਚ ਪਿਤਾ ਵਾਲੇ ਗੁਣ ਹੀ ਨਹੀਂ ਉਪਜਦੇ।

ਫੌਜੀਆਂ ਨੂੰ ਖ਼ਤਰਿਆਂ ਦੇ ਬਾਵਜੂਦ, ਚੁਸਤ ਅੱਜ-ਆਚਾਰ ਕਾਰਨ, ਫੌਜੀ ਜ਼ਿੰਦਗੀ ਚੰਗੀ ਲੱਗਦੀ ਹੈ। ਫੌਜ ਵਿੱਚ ਵੱਡੇ ਤੋਂ ਵੱਡਾ ਜਰਨੈਲ, ਛੋਟੇ ਤੋਂ ਛੋਟੇ ਅਫ਼ਸਰ ਦੀ ਪਤਨੀ ਨਾਲ ਵੀ, ਸਤਿਕਾਰ ਨਾਲ ਖਲੋ ਕੇ ਗੱਲ ਕਰਦਾ ਹੈ। ਜਦੋਂ ਕਿਸੇ ਕੰਮ ਨੂੰ ਚੰਗੇ ਢੰਗ ਨਾਲ ਹੁੰਦਾ ਵੇਖੀਏ ਅਤੇ ਕਿਸੇ ਗੱਲ ਨੂੰ ਸੋਹਣੇ ਸਲੀਕੇ ਨਾਲ ਕਹੀ ਜਾਂਦੀ ਸੁਣੀਏ ਤਾਂ ਉਸ ਢੰਗ ਅਤੇ ਸਲੀਕੇ ਨੂੰ ਅਪਣਾ ਲੈਣਾ ਚਾਹੀਦਾ ਹੈ।

ਆਪਣੀ ਜ਼ਿੰਦਗੀ ਉਵੇਂ ਜੀਓ ਜਿਵੇਂ ਤੁਸੀਂ ਚਾਹੁੰਦੇ ਹੋ, ਤੁਹਾਡੀ ਸੰਤਾਨ ਨੂੰ ਜਿਊਣੀ ਚਾਹੀਦੀ ਹੈ। ਲੋੜ ਹੈ ਕਿ ਅਸੀਂ ਸਾਰੇ ਆਪਣੇ ਆਪ ਨੂੰ ਚੰਗੇ ਚੱਜ-ਆਚਾਰ ਦੇ ਜ਼ੋਰ ਨਾਲ ਉੱਚਾ ਚੁੱਕੀਏ, ਜ਼ਿੰਦਗੀ ਨੂੰ ਸਿਖਾਉਣ ਦੇਈਏ ਅਤੇ ਜ਼ਿੰਦਗੀ ਤੋਂ ਸਿੱਖੀਏ। ਸਾਡੀ, ਕਿਸੇ ਨੇ ਚੰਗਾ ਚੱਜ-ਆਚਾਰ ਸਿਖਾਉਣ ਲਈ ਉਡੀਕ ਨਹੀਂ ਕਰਨੀ, ਇਹ ਹੰਭਲਾ ਸਾਨੂੰ ਆਪ ਹੀ ਮਾਰਨਾ ਪਵੇਗਾ, ਨਹੀਂ ਤਾਂ ਪੱਛੜ ਕੇ ਅਸੀਂ ਆਪਣੇ-ਆਪ ਨੂੰ ਹਾਕਾਂ ਮਾਰਦੇ ਰਹਾਂਗੇ।

***


## ਜੇਕਰ ਮੈਗਜ਼ੀਨ ਨਾ ਮਿਲੇ ਤਾਂ ...




ਸਾਰੇ ਪ੍ਰਚਾਰਕ ਵੀਰਾਂ ਨੂੰ ਬੇਨਤੀ ਹੈ ਕਿ 'ਗੁਰਮਤਿ ਵਿਰਸਾ' ਦੀ ਬੁਕਿੰਗ ਕਰਦਿਆਂ ਰਿਕਾਰਡ ਆਪਣੇ ਕੋਲ ਜ਼ਰੂਰ ਰੱਖੋ। 'ਗੁਰਮਤਿ ਵਿਰਸਾ' ਨਾ ਮਿਲਣ ਦੀ ਸੂਰਤ ਵਿਚ ਇਸ ਨੰਬਰ 79733-70542 'ਤੇ ਵੱਟਸਅਪ ਮੈਸਜ਼ ਕਰ ਸਕਦੇ ਹੋ ਇਸ ਤੋਂ ਇਲਾਵਾ ਚਿੱਟ ਨੰਬਰ ਜਾਂ ਰਸੀਦ ਨੰਬਰ ਦਾ ਵੇਰਵਾ ਦੱਸੋ ਤਾਂ ਜੋ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਬੁਕਿੰਗ ਸਮੇਂ ਟੈਲੀਫੋਨ ਨੰਬਰ ਸਾਫ ਸੁਥਰੇ, ਮੋਟੇ ਅੱਖਰਾਂ ਵਿਚ ਪਤਾ ਲਿਖੋ ਜੀ।

ਵੱਲੋਂ ਅਦਾਰਾ 'ਗੁਰਮਤਿ ਵਿਰਸਾ'




# ISRAEL-PALESTINE CONFLICT

Warrant officer
Charanjit Singh (Retd.)
# 9464748116



The Israel-Hamas conflict has persisted for almost a year. Initially, the Western world supported Israel, but now there is widespread shock at the continued violence against Palestinians (ਫਲਸਤੀਨੀ) and the loss of innocent lives.

To understand this conflict, it is essential to look at its background. Ironically, Judaism, Christianity, and Islam share prophets like Abraham, who is venerated (ਪੂਜੇ) by all three religions. Yet, Judaism and Christianity have been in conflict since the crucifixion of Jesus Christ, and Islam has been in conflict with both Judaism and Christianity since its inception.



After the crucifixion of Jesus Christ, Christians began to hate Jews across Europe. During the Crusades (1100-1300 AD), Christians travelling from Rome to Jerusalem massacred Jews (ਯਹੂਦੀ) along the entire route. Jews were also massacred (ਘੱਲੂਘਾਰਾ) in Russia. During World War II, Hitler shocked the world by exterminating around six million Jews in various concentration camps.

In response, the international community decided that a homeland should be established where Jews could live peacefully. The United Nations allocated Palestine for the resettlement of Jews, but Muslims were unhappy with this decision, as they wanted Jews to be resettled in Europe or elsewhere in the Western world.

England reassured Muslims that after World War II, a decision would be made according to their wishes. England, along with other major powers, had a secret treaty called "Sykes-Picot," which planned for England to take control of Palestine after World War I.

After World War II, Jews from around the world began moving to Palestine and established their nation, leading to a permanent conflict with Palestinians.

Before the Hamas attack on Israel in October 2023, there were three major conflicts with the Arab world. The first was in 1948 near the Suez Canal, the second was the 1967 Six-Day War, and the third was the 18-day Yom Kippur War. Israel took control of the Golan Heights from Syria and the West Bank from Jordan. There have been numerous attempts by the United States to broker a final settlement. Hopefully, an official area for Palestinians will be established, providing a permanent solution to this complex problem.

There are mainly three types of Jews:

- Ashkenazi Jews: Initially held elite status (au`cw ruqbw) due to their access to better education, having migrated from Western European countries.

- Sephardic Jews: Arrived from the former Soviet Union to the promised land and spoke Yiddish.

- Mizrahi Jews: Originated from the Arab world and have a strong command over Palestinian and Levantine dialects



(XruSlm ielwky dIAW aupBwSwvW). 18% of Israel's population is Muslim, who speak Arabic.

It seems that the formation of two states is the only solution to this problem. We hope a solution is found soon to prevent further loss of innocent lives. -0-


# INTERNATIONAL WOMEN EQUALITY DAY

As a feminist, it inspired me to write my views on international women equality day celebrated every year since 1971. This day reminds the adoption of 19th amendment in the united sates [US] constitution which prohibits the federal government & the states denying `right to vote`on the basis of sex. It was adopted by Indian government in 1973.

The day is celebrated to recognize the progress in women's status in the world & their struggles.

The question that arises among all of us being men or women is that :

- Ø Despite achieving right to vote in the




  constitutional terms, have the problems been lesser for woman?
- Ø Did the RAPE crisis or DOWRY reduce to any extent?
- Ø Are women now safe and behold a respectable envoirnment?
- Ø Are women free from any kind of harassment?

Sad but true, though women have achieved right to vote which was the foundation for the women's struggle for various aspect, but what about the crisis women faces in different fields in different ways. Such mishappenings represents that still a female is believed to be naive. Still we [the people] are not

**Prof. Gurmanpreet Kaur**
**79730 47608**



able to overcome the gender inequality in every terms &

This is only because of our believe system.It is deep rooted in our minds that women is creation of god to be taken for granted. We think of Women as a creation just for having kids, nursing the home & members of the family, hospitality, THAT'S IT. We don't want to see her in broad terms in any aspect. We want her to be grounded. We expect from her our own convenience but don't want to know her convenience and are not even ever bothered about it. I question you all that who in the world has given the rights to create a male - dominating society?

There is no such nation in this entire world which ensures women's safety, respectable enviornment for her, equality for both from education to employment or household activicties. This is the reason that, why we are today celebrating these days! Till now, whether it's a developing country or developed country her presence is not honoured. Let's not forget the fact that, a nation which has no respect for women, can never prosper.

Whenever we look back into the struggle period of women for her rights like WOMEN LIBERATION MOVEMENT, HE FOR SHE CAMPAIGN, SUFFRAGETTE MOVEMENT &the on going feminist movement, women has faced a lot of hatred & oppositions by the male society. Why? Isn't she a human? If he as a human have rights on this earth, then she as a human is also worthy of equal rights. When god never discriminated between anyone then who are we ?

With this I remember guru nanak sahib g saying's :

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥ (1349)**

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥ (473)**

Despite of having such a spiritual guru,sri guru granth sahib g who gave **unparallel importance to the women which no religion ever gave or can give or bothered about.**

Guru sahib g in most have used the term nwr which present both male and female is the umatched presentation of equality. Guru ji says:

**ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ ॥ (591)**

It means that the male is only the god, akalpurakh, rest every person in the world is feminine, irrespective of sex differences.

Second instance of equality we found from gurbani is that guru sahib g has always used term sohwgx for both male and female. If ever we had emphasized gurbani with intellect and wisdom & represented it among the world then today's world would define women in different terms. Gurbani is the celebration of motherhood. The only thing we lacked in is we never explored it. Today also we can create a difference by acknowledging people with the wisdom of gurbani, by taking our voice to UN, an organization, from where world listens. Understand & accept that women is one of the unique, beautiful & unmatched creation of god. Don't try to ground her. Let her explore & fly.

what I want young women to know is ; you are powerful & your voice matters.

-0-

# चौधरी भाई लंगाह जी–

अमृत पाल बंसल

# गुरू-घर के समर्पित सिख

**भाई लंगाह का परिवार उनकी मृत्यु के बाद भी सिख धर्म के प्रति समर्पित रहा। गांव झबाल में भाई लंगाह के नाम पर गुरूद्वारा साहिब सुशोभित है। आप के बच्चे और पोते गुरू साहिबान और खालसा पंथ से जुड़े रहे। आप की पोती माई भाग कौर जी की साखी, सिख इतिहास में अच्छी तरह जानी जाती है। जब मुगल सेना श्री गुरू गोबिंद सिंघ जी का पीछा कर रही थी, तब उन्होंने गांव वालों को गुरू जी के लिए लड़ने के लिए संगठित किया। वह बड़ी संख्या में सिखों को इक्ठा करने में सफल रही और मुक्तसर में सेना को रोक दिया, जहां गुरू जी ने एक छोटे टोभे के किनारे डेरा डाला था। सिखों ने मुगल सेना को पीछे हटने पर मजबूर कर दिया।**

चौधरी भाई लंगाह जी का नाम श्री गुरू अरजन साहिब जी के समय के प्रसिद्ध सिख सेवकों में लिया जाता है। आप का जन्म अब-उल-खैर के घर गांव झबाल (वर्तमान ज़िला तरनतारन, जो पट्टी के परगना के अंतर्गत आता था) में हुआ। भाई लंगाह पट्टी के परगना के तीन चौधरियों में से एक थे, जो लाहैर के गवर्नर की और से अपने अधिकार क्षेत्र के अंतर्गत आने वाले गांवों से मालिया इकट्ठा करने के लिए जिम्मेवार थे। आप के पिता मुस्लिम धर्मातरित ढिल्लों गोत्र के जाट थे और मुल्तानी मत के संबंध रखने वाले सखी सरवर थे। यह गांव कभी मुगल साम्राज्य का एक महत्त्वपूर्ण स्थान था। अब-उल-खैर के पांच पुत्र थे- जुसतरिया, बिन्ना, सुंदर, पैरो शाह और चौधरी भाई लंगाह। उस समय पट्टी को नौ लक्खी पट्टी कहा जाता था, क्योंकि इसका मालिया नौ लाख रूपये होता था। यह नौ लाख मालिया तीनों गांवों के चौधरी, नौशहरा ढाला के संधू, नौशहरा पन्नूआं के पन्नू और झबाल के ढिल्लों अदा किया करते थे। झबाल गांव के तीन लाख रूपये मालिये का भुगतान, चौधरी भाई लंगाह द्वारा किया जाता था। उस समय इन चौधरियों को गांव का मालिक माना जाता था। चौधरी अपनी मर्ज़ी से किसी को भी गांव में से बाहर निकाल सकता था या किसी भी अपराध के बदले दंड दे सकता था। अकेले भाई लंगाह के अधीन 84 गांव थे। भाई गुरदास जी ने अपनी वारों में प्रमाणित किया है कि ढिल्लों वंश के चौधरी भाई लंगाह पट्टी में रहते थे और गुरू साहिबान के समर्पित सिख थे। वह लिखते हैं:

पटी अंदरि चउधरी ढिलों लालु लंगाहु सुहंदा।। (वार 11, पउड़ी 22)

"पट्टी नगर में ढिल्लों जाति वाले भाई लाल तथा भाई लंगाह चौधरी शोभा पाते थे।"

कहा जाता है कि जब श्री गुरू अरजन साहिब जी तरनतारन में सरोवर तैयार करवा रहे थे, उस समय भाई लंगाह किसी गंभीर बीमारी से पीड़ित हो गए। उन पर किसी भी किस्म की दवा असर नहीं कर रही थी और ना ही इनके धर्म के संरक्षक संत सखी सरवर से कोई फायदा हुआ। आप की मुलाकात एक सिख से हुई, जिसने उन्हें सर्वशक्तिमान ईश्वर और श्री गुरू नानक साहिब जी से प्रार्थना करने की सलाह दी। आप श्री गुरू अरजन साहिब जी के दर्शन करने के लिए तरनतारन पहुँचे। आप गुरू साहिब जी के विचारों से बहुत प्रभावित हुए और जल्द ही स्वस्थ हो गए तथा गुरू जी के सिख बन गए। गुरू साहिब जी दिन भर तरनतारन में सरोवर की सेवा करवाते और शाम को .गांव में जाकर निवास करते। तरनतारन के इर्द-गिर्द का इलाका चौधरी भाई लंगाह का था।

पंचम पातशाह के सिख बनने के पश्चात आप उनकी तन, मन, धन से सेवा में जुट गए। आप रोजाना सुबह गुरू जी के दरबार में उपस्थित होते तथा सतिगुरू जी के दर्शन करने के पश्चात ही अन्न-जल ग्रहण करते थे। दिन भर सेवा करके शाम को गांव झबाल वापस लौट आते थे। लंबे समय तक, आप ऐसा ही करते रहे। एक बार गुरू जी ने अपने सिख की परीक्षा लेनी चाही। एक दिन आप जब गुरू जी के दर्शन करके झबाल वापस चले गए, तो श्री गुरू अरजन साहिब जी तरनतारन से श्री अमृतसर साहिब चले आए। जब आप अगले दिन गुरू जी के दर्शन को तरनतारन आए, तो उन्हें पता चला कि गुरू जी तो श्री अमृतसर साहिब चले गए हैं। आप उसी समय श्री अमृतसर साहिब की तरफ चल पड़े। जब आप श्री अमृतसर साहिब पहुँचे, तो आप को पता चला कि गुरू जी अब तरनतारन चले गए हैं। आप तुरंत वापस तरनतारन की तरफ चल पड़े। फिर गुरू-दरबार में हाजिर होकर तथा गुरू जी के दर्शन करने के पश्चात ही, आप ने अन्न-जल ग्रहण किया। गुरू जी अति प्रसन्न हुए, क्योंकि इतनी बड़ी आस्था और अटूट श्रद्धा कोई छोटी बात नहीं थी। गुरू जी ने भाई लंगाह को गले लगाया और कहा "भाई लंगाह! तुम परीक्षा में पास हो गए हो। तुमने जीवन को सफल बना लिया है। अब तुम्हें रोज़ाना लंबा मार्ग तय कर आने की जरूरत नहीं। जब भी फुर्सत मिले आ जाया करना।"

भाई लंगाह की भक्ति और निम्रता की गुरू साहिब जी ने

सराहना की और उन्हें अपने क्षेत्र का एक मसंद नियुक्त किया। आप ने गुरू-घर के पशुओं और घोड़ों के रख-रखाव और चराई के लिए, अपनी जमीन का एक बड़ा टुकड़ा दान में दिया। आपने पवित्र सरोवर की खुदाई और अमृतसर में हरिमंदिर साहिब के निर्माण के लिए प्रेम से अपने हाथों से सेवा की और रूपये भी दान किए।



जब गुरू अरजन साहिब जी को गिरफतार करके लाहौर ले जाया गया, तो भाई लंगाह जी उन पांच सिखों में से एक थे, जो गुरू जी के साथ सिखों को गुरू जी की स्थिति से अवगत करवाने के लिए गए थे। "तवारीख गुरू खालसा" के अनुसार "गुरू जी भाई जेठा, भाई पैड़ा, भाई बिधिया, भाई लंगाह, भाई पिराणा आदि सिखों को साथ लेकर लाहौर पहुँचे।" (पृष्ठ 435, भाग प्रथम) भाई लंगाह का गुरू जी के साथ जाना, उनकी जायदाद, जान, चौधरायत, सब कुछ को खतरे में डालने के समान था। इतने बड़े जोखिम के बावजूद आप गुरू जी के साथ गए। आप ने गुरू जी को शहीद करने वाले यातनापूर्ण दृश्यों को देखा और उनके पार्थिव अवशेषों के अंतिम संस्कार में मदद की।

श्री गुरू अरजन साहिब की शहादत के बाद भाई लंगाह श्री गुरू हरिगोबिंद साहिब जी के वफादार तथा निष्ठावान सिख रहे। आप तेग के धनी थे। अपने युद्ध कौशल के साथ-साथ अपनी धार्मिक आस्था और धर्मपरायणता के लिए जाने जाते भाई लंगाह को श्री गुरू हरिगोबिंद साहिब जी ने, नई प्रशिक्षित तथा गठित सेना के कमांडरों में से एक नियुक्त किया। 1629 में जब शाही फौज ने श्री अमृतसर साहिब पर आक्रमण किया, उस समय श्री गुरू हरिगोबिंद साहिब की पुत्री बीबी वीरो के विवाह का दिन था। सभी तैयारियां मुकम्मल हो चुकी थी। शाम को बारात ने अमृतसर साहिब पहुँचना था। गुरू जी ने हुक्म दिया कि शेष परिवार भाई लंगाह के गांव झबाल पहुँच जाए। वर पक्ष की तरफ से भी एक संदेशवाहक भेजा गया कि बारात श्री अमृतसर साहिब की जगह झबाल गांव में ले जाई जाए। गुरू जी दिन भर शाही सेना के विरूद्ध लड़ते रहे और युद्ध जीत कर शाम होते ही झबाल गांव पहुँच गए। अमृत वेला (प्रभात समय) में भाई लंगाह के घर पर बीबी वीरो का अनंद कारज संपन्न हुआ। सूर्योदय होते ही बारात विदा कर गुरू जी शेष परिवार सहित डरोली गांव चले गए। भाई लंगाह ने यह जिम्मेदारी स्वीकार करने में संकोच नहीं किया, यद्यपि मुगल सरकार उनके खिलाफ सख्त कारवाई कर सकती थी। गांव झबाल में वर्तमान समय में गुरूद्वारा बीबी वीरो जी सुशोभित है।

भाई लंगाह का परिवार उनकी मृत्यु के बाद भी सिख धर्म के प्रति समर्पित रहा। गांव झबाल में भाई लंगाह के नाम पर गुरूद्वारा साहिब सुशोभित है। आप के बच्चे और पोते गुरू साहिबान और खालसा पंथ से जुड़े रहे। आप की पोती माई भाग कौर जी की साखी, सिख इतिहास में अच्छी तरह जानी जाती है। जब मुगल सेना श्री गुरू गोबिंद सिंघ जी का पीछा कर रही थी, तब उन्होंने गांव वालों को गुरू जी के लिए लड़ने के लिए संगठित किया। वह बड़ी संख्या में सिखों को इक्ट्ठा करने में सफल रही और मुक्तसर में सेना को रोक दिया, जहां गुरू जी ने एक छोटे टोभे के किनारे डेरा डाला था। सिखों ने मुगल सेना को पीछे हटने पर मजबूर कर दिया। माई भागो जी निडर स्त्री थी, जिस ने ऐसे कारनामे किए, जो सिख इतिहास का श्रृंगार हैं। इसी परिवार के एक और प्रसिद्ध सदस्य सरदार बघेल सिंघ थे, जो करोडसिंघिया मिसल के मुखिया थे। उन्होंने दिल्ली पर अधिकार कर लिया था और श्री गुरू तेग बहादुर साहिब जी और श्री गुरू हरिक्रिशन जी से जुड़े स्थानों पर गुरूद्वारे बनवाए। सरदार खज़ान सिंघ भी इसी परिवार के सदस्य थे, जिन्होंने महाराजा रणजीत सिंघ के काल में पंथ की बहुत सेवा की। बीसवीं सदी के आरंभ के महान सिख इतिहासकार सरदार कर्म सिंघ हिस्टोरियन भी इसी परिवार से थे और वह गांव झबाल में पैदा हुए। वह पहले इतिहासकार हैं, जिन्होंने सिख इतिहास की बुनियाद वैज्ञानिक ढंग के साथ रखी। कहा जाता है कि जब औरंगजेब के कब्जे से भागकर दारा शिकोह, लाहौर आया, तो उसने श्री गुरू हरि राए साहिब जी को अपनी मदद के लिए बुलाया। उस समय गुरू जी अपने बाईस सौ घोड़ सवारों सहित उसकी मदद के लिए आए। भाई लंगाह का पोता चौधरी मुबारक भी अपने सवारों सहित गुरू जी के साथ था।

इस तरह भाई लंगाह की भक्ति और प्रतिबद्धता ने उनकी पीढ़ियों को सिख होने, सिख के रूप में जीने और सिख के रूप में मरने पर गर्व महसूस करने के लिए प्रेरित किया। भाई लंगाह की मृत्यु पंजाब के कपूरथला ज़िले में ब्यास नदी के तट पर ढिलवां में हुई। आएं हम सभी भाई लंगाह जी के जीवन से प्रेरना लेकर तन, मन, धन से मानवता की सेवा करें और एक सर्वशक्तिमान ईश्वर का नाम सिमरन करके, अपना अध्यात्मिक जीवन भी सफल करें।

-0-



## ਸੂਚਨਾ

ਪਾਠਕ ਜਨਾਂ ਦਾ ਕੋਈ ਗੁਰਮਤਿ ਸਬੰਧੀ ਸਵਾਲ ਹੈ ਤਾਂ ਜ਼ਰੂਰ ਲਿਖ ਭੇਜੋ ਜੀ ਅਤੇ ਇਸ ਨੰਬਰ 79733-70542 'ਤੇ ਵਟਸਐੱਪ ਕਰ ਸਕਦੇ ਹੋ।

ਸਿਹਤ ਸੰਭਾਲ


# ਡਰ ਇਕ ਮਾਨਸਿਕ ਰੋਗ



ਡਾ. ਅਮਨਦੀਪ ਸਿੰਘ # 98883-98775

**ਲੋੜ ਡਰ ਨੂੰ ਸਮਝਣ ਦੀ ਹੈ। ਡਰ ਇੱਕ ਅਜਿਹੀ ਬਿਮਾਰੀ ਹੈ ਜਿਸ ਦਾ ਇਲਾਜ ਹੋ ਸਕਦਾ ਹੈ। ਡਰ ਭਾਵੇਂ ਕਿਸੇ ਵੀ ਕਿਸਮ ਜਾਂ ਕਿੰਨੇ ਹੀ ਕਿਉਂ ਨਾ ਹੋਣ ਜੇ ਠੀਕ ਇਲਾਜ ਮਿਲ ਜਾਵੇ ਤਾਂ ਇਸ ਤੋਂ ਪੂਰੀ ਤਰ੍ਹਾਂ ਮੁਕਤ ਹੋਇਆ ਜਾ ਸਕਦਾ ਹੈ। ਹੋਮਿਓਪੈਥਿਕ ਸਾਇੰਸ ਵਿੱਚ ਇਸ ਤਰ੍ਹਾਂ ਦੇ ਮਾਨਸਿਕ ਰੋਗਾਂ ਦਾ ਇਲਾਜ ਸੰਭਵ ਹੈ। ਹੋਮਿਓਪੈਥੀ ਦੀ ਠੀਕ ਵਰਤੋਂ ਮਨੁੱਖ ਨੂੰ ਸਾਰੇ ਡਰਾਂ ਤੋਂ ਮੁਕਤ ਕਰਕੇ ਇੱਕ ਤੰਦਰੁਸਤ ਜੀਵਨ ਪ੍ਰਦਾਨ ਕਰਦੀ ਹੈ।**

ਡਰ ਇੱਕ ਤਰ੍ਹਾਂ ਦੀ ਤਕਲੀਫ਼ ਹੈ, ਜਿਸ ਦਾ ਸਰੀਰ ਉੱਪਰ ਅਸਿੱਧੇ ਤੌਰ 'ਤੇ ਅਸਰ ਹੁੰਦਾ ਹੈ। ਇਹ ਇੱਕ ਭਾਵਨਾਤਮਕ ਚਿੰਨ੍ਹ ਹੈ, ਜੋ ਹਰ ਮਨੁੱਖ ਤੇ ਹਰ ਵਰਗ ਨੂੰ ਕਿਸੇ ਵੀ ਉਮਰ ਵਿੱਚ ਹੁੰਦਾ ਹੈ। ਦੁਨੀਆਂ 'ਤੇ ਕੋਈ ਵੀ ਅਜਿਹਾ ਮਨੁੱਖ ਨਹੀਂ ਜੋ ਡਰ ਨਾਲ ਪ੍ਰਭਾਵਿਤ ਨਾ ਹੋਵੇ। ਡਰ ਮੌਜੂਦਾ ਸਥਿਤੀ ਅਤੇ ਭਵਿੱਖ ਦੋਹਾਂ ਲਈ ਹੋ ਸਕਦਾ ਹੈ। ਆਮ ਤੌਰ 'ਤੇ ਡਰ ਕੋਈ ਬਿਮਾਰੀ ਨਹੀਂ ਹੈ। ਇਹ ਕੁਦਰਤੀ ਤੌਰ 'ਤੇ ਵਾਪਰਨ ਵਾਲੀ ਭਾਵਨਾਤਮਕ ਚੀਜ਼ ਹੈ। ਪਰ ਡਰ ਉਦੋਂ ਇੱਕ ਬਿਮਾਰੀ ਦਾ ਰੂਪ ਲੈ ਲੈਂਦਾ ਹੈ ਜਦੋਂ ਇਹ ਹੱਦ ਤੋਂ ਜ਼ਿਆਦਾ ਵਧ ਜਾਵੇ ਤੇ ਮਨੁੱਖ ਆਮ ਹੋਣ ਵਾਲੀਆਂ ਘਟਨਾ ਤੋਂ ਬਿਨਾਂ ਵਜ੍ਹਾ ਡਰੀ ਜਾਵੇ। ਡਰ ਨੂੰ ਅਸੀਂ ਦੋ ਕਿਸਮਾਂ ਵਿੱਚ ਵੰਡ ਸਕਦੇ ਹਾਂ, ਇੱਕ ਉਹ ਡਰ ਜਿਨ੍ਹਾਂ ਬਾਰੇ ਮਨੁੱਖ ਨੂੰ ਕਾਰਨ ਦਾ ਪਤਾ ਹੋਵੇ, ਦੂਜਾ ਉਹ ਜਿਸ ਬਾਰੇ ਮਨੁੱਖ ਨੂੰ ਕਾਰਨ ਦਾ ਪਤਾ ਨਾ ਹੋਵੇ ਅਤੇ ਉਹ ਸਿਰਫ਼ ਅੰਦਾਜ਼ੇ ਲਗਾਉਂਦਾ ਹੈ। ਡਰ ਮਨੁੱਖ ਅਤੇ ਪਸ਼ੂਆਂ ਦੋਵਾਂ ਵਿੱਚ ਹੁੰਦਾ ਹੈ। ਡਰ ਮਨੁੱਖ ਨੂੰ ਬਹੁਤ ਜਲਦੀ ਪ੍ਰਭਾਵਿਤ ਵੀ ਕਰਦਾ ਹੈ, ਉਦਾਹਰਣ ਦੇ ਤੌਰ 'ਤੇ ਕਿਸੇ ਮਨੁੱਖ ਨੇ ਸੱਪ ਵੇਖ ਲਿਆ ਤਾਂ ਇਹ ਉਸ ਦੇ ਸ਼ਰੀਰ 'ਤੇ ਇੱਕਦਮ ਅਸਰ ਦਿਖਾਉਂਦਾ ਹੈ। ਮਨੁੱਖ ਨੂੰ ਜ਼ਿਆਦਾ ਪਸੀਨਾ ਆਉਣਾ, ਧੜਕਣ ਵਧਣਾ ਜਾਂ ਸਾਹ ਤੇਜ਼ ਹੋਣਾ ਡਰ ਦੇ ਹੀ ਸ਼ਰੀਰਕ ਚਿੰਨ੍ਹ ਹਨ। ਮਨੁੱਖ ਦਾ ਮਨ ਅਤੇ ਸ਼ਰੀਰ ਇੱਕੋ ਹੀ ਸਿੱਕੇ ਦੇ ਦੋ ਪਹਿਲੂ ਹਨ ਜੋ ਮਨ ਵਿੱਚ ਵਾਪਰਦਾ ਹੈ ਉਸ ਦਾ ਅਸਰ ਸ਼ਰੀਰ 'ਤੇ ਵੀ ਦਿਖਦਾ ਹੈ। ਕਈ ਵਾਰ ਬਚਪਨ ਵਿੱਚ ਡਰ ਵਾਲੀ ਘਟਨਾ ਵਾਪਰ ਜਾਂਦੀ ਹੈ ਜਿਸ ਦਾ ਅਸਰ ਮਨੁੱਖ ਦੇ ਮਨ ਤੋਂ ਸਾਰੀ ਜ਼ਿੰਦਗੀ ਨਹੀਂ ਜਾਂਦਾ ਅਤੇ ਉਸ ਦੇ ਅਚੇਤਨ ਮਨ ਵਿੱਚ ਇਹ ਡਰ ਬੈਠ ਜਾਂਦਾ ਹੈ। ਅਜਿਹਾ ਭਿਆਨਕ ਡਰ ਮਨੁੱਖ ਨੂੰ ਸਾਰੀ ਉਮਰ ਬਿਮਾਰ ਕਰਦਾ ਰਹਿੰਦਾ ਹੈ। ਡਰ ਦੀਆਂ ਕਿਸਮਾਂ ਮਨੁੱਖੀ ਜੀਵਨ ਦੇ ਦੌਰ ਮੁਤਾਬਿਕ ਅਲੱਗ ਅਲੱਗ ਹੋ ਸਕਦੀਆਂ ਹਨ। ਬੱਚਿਆਂ ਵਿੱਚ ਜ਼ਿਆਦਾ ਡਰ ਭੂਤਾਂ-ਪ੍ਰੇਤਾਂ ਅਤੇ ਟੀਕਾ ਲੱਗਣ ਦੇ ਡਰ ਪਾਏ ਜਾਂਦੇ ਹਨ। ਭੂਤ-ਪ੍ਰੇਤ ਵੀ ਇੱਕ ਮਾਨਸਿਕ ਅਵਸਥਾ ਹੀ ਹਨ, ਪ੍ਰਤੱਖ ਰੂਪ ਵਿੱਚ ਅਜਿਹਾ ਕੁਝ ਨਹੀਂ ਹੁੰਦਾ। ਪਰ ਇਨ੍ਹਾਂ ਨਾਲ ਸਬੰਧਿਤ ਡਰ ਬੱਚਿਆਂ ਦੀ ਸਿਹਤ 'ਤੇ ਬਹੁਤ ਪ੍ਰਭਾਵ ਪਾ ਦਿੰਦੇ ਹਨ, ਕਈ ਵਾਰ ਅਜਿਹੇ ਡਰ ਬੱਚੇ ਨੂੰ ਲੰਮੇ ਸਮੇਂ ਜਾਂ ਪੂਰੀ ਜ਼ਿੰਦਗੀ ਲਈ ਪ੍ਰਭਾਵਿਤ ਕਰ ਦਿੰਦੇ ਹਨ। ਕੁਝ ਬੱਚਿਆਂ ਵਿੱਚ ਭੂਤ-ਪ੍ਰੇਤ ਦੇ ਡਰ ਦਾ ਪ੍ਰਭਾਵ ਇੰਨਾ ਵਧ ਜਾਂਦਾ ਹੈ ਕਿ ਉਹ ਮਹਿਸੂਸ ਕਰਨ ਲੱਗ ਜਾਂਦੇ ਹਨ ਕਿ ਉਸ ਦੇ ਪਿੱਛੇ ਕੋਈ ਚੱਲ ਰਿਹਾ ਹੈ। ਇਹ ਇੱਕ ਤਰ੍ਹਾਂ ਦਾ ਮਾਨਸਿਕ ਰੋਗ ਹੈ, ਜੋ ਡਰ ਨਾਲ ਸਬੰਧਿਤ ਹੈ।



ਕੇਵਲ ਬੱਚੇ ਹੀ ਨਹੀਂ ਵੱਡੇ ਵੀ ਡਰ ਦਾ ਸ਼ਿਕਾਰ ਹੁੰਦੇ ਹਨ। ਵੱਡਿਆਂ ਵਿੱਚ ਹਨੇਰੇ ਦੇ ਡਰ ਤੋਂ ਇਲਾਵਾ ਬਿਮਾਰੀ ਦਾ ਡਰ, ਪੈਸੇ ਦਾ ਡਰ, ਗ਼ਰੀਬੀ ਦਾ ਡਰ ਜਾਂ ਕੁਝ ਮਾੜਾ ਵਾਪਰਨ ਦਾ ਡਰ ਆਦਿ ਜ਼ਿਆਦਾ ਪਾਏ ਜਾਂਦੇ ਹਨ। ਕਈ ਵਾਰ ਡਰ ਇੰਨਾ ਜ਼ਿਆਦਾ ਵਧ ਜਾਂਦਾ ਹੈ ਕਿ ਮਨੁੱਖ ਇਹ ਮਹਿਸੂਸ ਕਰਨ ਲੱਗ ਜਾਂਦਾ ਹੈ ਕਿ ਮੈਨੂੰ ਫਲਾਣੀ ਲਾ-ਇਲਾਜ ਬਿਮਾਰੀ ਹੋ ਗਈ ਹੈ, ਜਿਸ ਦਾ ਕੋਈ ਵੀ ਆਧਾਰ ਨਹੀਂ ਹੁੰਦਾ ਤੇ ਉਹ ਇਸ ਡਰ ਨਾਲ ਸਰੀਰਕ ਤੌਰ 'ਤੇ ਸਵਾਸਥ ਨਹੀਂ ਰਹਿੰਦਾ। ਕਈ ਮਨੁੱਖ ਗੰਦਗੀ ਤੋਂ ਬਹੁਤ ਡਰਦੇ ਹਨ। ਉਹ ਥੋੜ੍ਹੀ ਜਿਹੀ ਗੰਦਗੀ ਵੀ ਬਰਦਾਸ਼ਤ ਨਹੀਂ ਕਰਦੇ। ਮਨੁੱਖ ਨੂੰ ਆਪਣਾ ਮਨ ਆਪਣੇ ਆਲੇ-ਦੁਆਲੇ ਦੇ ਅਨੁਸਾਰ ਢਾਲਣਾ ਪੈਂਦਾ ਹੈ, ਕਈ ਮਨੁੱਖ ਇਸ ਤਰ੍ਹਾਂ ਨਹੀਂ ਕਰ ਪਾਉਂਦੇ ਅਤੇ ਉਹ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਅਜਿਹੇ ਮਨੁੱਖ ਖ਼ੁਦ ਤਾਂ ਪ੍ਰੇਸ਼ਾਨ ਹੁੰਦੇ ਹਨ ਨਾਲ ਹੀ ਦੂਜਿਆਂ ਨੂੰ ਵੀ ਕਰਦੇ ਹਨ। ਕਈ ਮਨੁੱਖਾਂ ਵਿੱਚ ਭਵਿੱਖ ਵਿੱਚ ਕੁਝ ਮਾੜਾ ਹੋਣ ਦਾ ਡਰ ਹੁੰਦਾ ਹੈ। ਆਉਣ ਵਾਲੇ ਸਮੇਂ ਬਾਰੇ ਯੋਜਨਾ ਮੁਤਾਬਿਕ ਚੱਲਣਾ ਇੱਕ ਚੰਗੀ ਗੱਲ ਹੈ ਪਰ ਉਨ੍ਹਾਂ ਗੱਲਾਂ ਦਾ ਡਰ, ਜੋ ਕਦੇ ਵਾਪਰਨੀਆਂ ਹੀ ਨਹੀਂ, ਇੱਕ ਮਾਨਸਿਕ ਰੋਗ ਹੈ। ਕੋਈ ਵੀ ਡਰ ਜੋ ਜ਼ਰੂਰਤ ਤੋਂ ਬਹੁਤ ਜ਼ਿਆਦਾ ਹੋਵੇ, ਸਰੀਰ 'ਤੇ ਬੁਰਾ ਪ੍ਰਭਾਵ ਪਾਉਂਦਾ ਹੈ। ਬਜ਼ੁਰਗਾਂ ਵਿੱਚ ਮੌਤ ਦਾ ਡਰ ਜ਼ਿਆਦਾ ਪਾਇਆ ਜਾਂਦਾ ਹੈ। ਉਹ ਇੱਕ ਛੋਟੀ ਜਿਹੀ ਬਿਮਾਰੀ ਨੂੰ ਬਹੁਤ ਵੱਡਾ ਮੰਨ ਲੈਂਦੇ ਹਨ ਤੇ ਮੌਤ ਦੇ ਡਰ ਨੂੰ ਆਪਣੇ ਆਪ 'ਤੇ ਭਾਰੂ ਕਰ ਲੈਂਦੇ ਹਨ।

ਲੋੜ ਡਰ ਨੂੰ ਸਮਝਣ ਦੀ ਹੈ। ਡਰ ਇੱਕ ਅਜਿਹੀ ਬਿਮਾਰੀ ਹੈ ਜਿਸ ਦਾ ਇਲਾਜ ਹੋ ਸਕਦਾ ਹੈ। ਡਰ ਭਾਵੇਂ ਕਿਸੇ ਵੀ ਕਿਸਮ ਜਾਂ ਕਿੰਨੇ ਹੀ ਕਿਉਂ ਨਾ ਹੋਣ ਜੇ ਠੀਕ ਇਲਾਜ ਮਿਲ ਜਾਵੇ ਤਾਂ ਇਸ ਤੋਂ ਪੂਰੀ ਤਰ੍ਹਾਂ ਮੁਕਤ ਹੋਇਆ ਜਾ ਸਕਦਾ ਹੈ। ਹੋਮਿਓਪੈਥਿਕ ਸਾਇੰਸ ਵਿੱਚ ਇਸ ਤਰ੍ਹਾਂ ਦੇ ਮਾਨਸਿਕ ਰੋਗਾਂ ਦਾ ਇਲਾਜ ਸੰਭਵ ਹੈ। ਹੋਮਿਓਪੈਥੀ ਦੀ ਠੀਕ ਵਰਤੋਂ ਮਨੁੱਖ ਨੂੰ ਸਾਰੇ ਡਰਾਂ ਤੋਂ ਮੁਕਤ ਕਰਕੇ ਇੱਕ ਤੰਦਰੁਸਤ ਜੀਵਨ ਪ੍ਰਦਾਨ ਕਰਦੀ ਹੈ।

-0-

# ਚੀਕੂ ਦੀ ਖੇਤੀ ਕਰਕੇ ਕਮਾਓ ਲੱਖਾਂ ਰੁਪਏ ਘਰ ਵਿਚ ਹੀ ਕਰੋ ਖੇਤੀ



ਇਸ ਨੂੰ ਕਈ ਕਿਸਮਾਂ ਦੀ ਮਿੱਟੀ ਵਿਚ ਉਗਾਇਆ ਜਾਂਦਾ ਹੈ ਪਰ ਚੰਗੇ ਨਿਕਾਸ ਵਾਲੀ ਸੰਘਣੀ ਜਲੌੜ, ਰੇਤਲੀ-ਦੋਮਟ ਅਤੇ ਕਾਲੀ ਮਿੱਟੀ ਚੀਕੂ ਦੀ ਖੇਤੀ ਦੇ ਲਈ ਸਭ ਤੋਂ ਵਧੀਆ ਹੈ

ਚੀਕੂ ਦਾ ਮੂਲ ਸਥਾਨ ਮੈਕਸਿਕੋ ਅਤੇ ਦੱਖਣੀ ਅਮਰੀਕਾ ਦੇ ਹੋਰ ਦੇਸ਼ ਹਨ। ਚੀਕੂ ਦੀ ਖੇਤੀ ਮੁੱਖ ਤੌਰ ’ਤੇ ਭਾਰਤ ਵਿਚ ਕੀਤੀ ਜਾਂਦੀ ਹੈ। ਇਸ ਨੂੰ ਮੁੱਖ ਤੌਰ ਤੇ ਲੇਟੇਕਸ(ਦੁੱਧ) ਉਤਪਾਦਨ ਲਈ ਪ੍ਰਯੋਗ ਕੀਤਾ ਜਾਂਦਾ ਹੈ, ਜਿਸ ਦੀ ਵਰਤੋਂ ਚਿਊਇੰਗ-ਗਮ ਤਿਆਰ ਕਰਨ ਲਈ ਕੀਤੀ ਜਾਂਦੀ ਹੈ। ਭਾਰਤ ਵਿਚ ਇਸ ਨੂੰ ਮੁੱਖ ਤੌਰ ਤੇ ਕਰਨਾਟਕਾ, ਤਾਮਿਲਨਾਡੂ, ਕੇਰਲਾ, ਆਂਧਰਾ ਪ੍ਰਦੇਸ਼, ਮਹਾਂਰਾਸ਼ਟਰ ਅਤੇ ਗੁਜਰਾਤ ਵਿਚ ਉਗਾਇਆ ਜਾਂਦਾ ਹੈ। ਚੀਕੂ ਦੀ ਖੇਤੀ 65 ਹਜ਼ਾਰ ਏਕੜ ਦੀ ਜ਼ਮੀਨ ਤੇ ਕੀਤੀ ਜਾਂਦੀ ਹੈ ਅਤੇ ਸਾਲਾਨਾ ਉਤਪਾਦਨ 5.4 ਲੱਖ ਮੀਟ੍ਰਿਕ ਟਨ ਹੁੰਦਾ ਹੈ। ਇਸ ਦਾ ਫਲ਼ ਛੋਟੇ ਆਕਾਰ ਦਾ ਹੁੰਦਾ ਹੈ ਜਿਸ ਵਿਚ 3-5 ਕਾਲੇ ਬੀਜ ਚਮਕਦਾਰ ਹੁੰਦੇ ਹਨ।

ਇਸ ਨੂੰ ਕਈ ਕਿਸਮਾਂ ਦੀ ਮਿੱਟੀ ਵਿਚ ਉਗਾਇਆ ਜਾਂਦਾ ਹੈ ਪਰ ਚੰਗੇ ਨਿਕਾਸ ਵਾਲੀ ਸੰਘਣੀ ਜਲੌੜ, ਰੇਤਲੀ-ਦੋਮਟ ਅਤੇ ਕਾਲੀ ਮਿੱਟੀ ਚੀਕੂ ਦੀ ਖੇਤੀ ਦੇ ਲਈ ਸਭ ਤੋਂ ਵਧੀਆ ਹੈ। ਚੀਕੂ ਦੀ ਖੇਤੀ ਲਈ ਮਿੱਟੀ ਦਾ ਪ੍ਰ 6.0-8.0 ਹੋਣਾ ਚਾਹੀਦਾ ਹੈ। ਇਸ ਨੂੰ ਖੋਖਲੀ-ਚੀਕਣੀ ਅਤੇ ਕੈਲਸ਼ੀਅਮ ਦੀ ਉੱਚੀ ਮਾਤਰਾ ਵਾਲੀ ਮਿੱਟੀ ਵਿਚ ਨਾ ਬੀਜੋ। ਚੀਕੂ ਦੀ ਖੇਤੀ ਲਈ ਚੰਗੀ ਤਰ੍ਹਾਂ ਤਿਆਰ ਜ਼ਮੀਨ ਦੀ ਲੋੜ ਹੁੰਦੀ ਹੈ। ਜ਼ਮੀਨ ਪੋਲੀ ਕਰਨ ਲਈ 2-3 ਵਾਰ ਵਾਹੀ ਕਰਕੇ ਜ਼ਮੀਨ ਨੂੰ ਸਮਤਲ ਕਰੋ।

**ਬਿਜਾਈ ਦਾ ਸਮਾਂ:** ਇਸਦੀ ਬਿਜਾਈ ਮੁੱਖ ਤੌਰ ਤੇ ਫਰਵਰੀ ਤੋਂ ਮਾਰਚ ਅਤੇ ਅਗਸਤ ਤੋਂ ਅਕਤੂਬਰ ਮਹੀਨੇ ਵਿੱਚ ਕੀਤੀ ਜਾਂਦੀ ਹੈ।

**ਫਾਸਲਾ:** ਬਿਜਾਈ ਦੇ ਲਈ 9 ਮੀਟਰ ਫਾਸਲਾ ਰੱਖੋ।

**ਬੀਜ ਦੀ ਡੂੰਘਾਈ:** 1 ਮੀਟਰ ਡੂੰਘੇ ਟੋਏ ਵਿੱਚ ਬਿਜਾਈ ਕੀਤੀ ਜਾਂਦੀ ਹੈ।

ਇਸ ਦੀ ਤੁੜਾਈ ਜੁਲਾਈ- ਸਤੰਬਰ ਮਹੀਨੇ ਵਿਚ ਕੀਤੀ ਜਾਂਦੀ ਹੈ। ਪਰ ਇੱਕ ਗੱਲ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਕੱਚੇ ਫਲਾਂ ਦੀ ਤੁੜਾਈ ਨਾ ਕਰੋ। ਤੁੜਾਈ ਮੁੱਖ ਤੌਰ ਤੇ ਫਲਾਂ ਦੇ ਹਲਕੇ ਸੰਤਰੀ ਰੰਗ ਜਾਂ ਆਲੂ ਵਰਗੇ ਰੰਗ ਦੇ ਹੋਣ ਤੇ ਅਤੇ ਫਲਾਂ ਵਿੱਚ ਘੱਟ ਚਿਪਚਿਪਾ ਦੁੱਧ ਵਰਗੇ ਰੰਗ ਵਾਲਾ ਪਦਾਰਥ ਹੋਣ ਤੇ ਕੀਤੀ ਜਾਂਦੀ ਹੈ ਅਤੇ ਇਹਨਾਂ ਨੂੰ ਦਰੱਖਤ ਤੋਂ ਤੋੜਨਾ ਸੌਖਾ ਹੁੰਦਾ ਹੈ। ਮੁੱਖ ਤੌਰ ਤੇ 5-10 ਸਾਲ ਦੇ ਰੁੱਖ 250-1000 ਫਲ ਦਿੰਦੇ ਹਨ।

ਤੁੜਾਈ ਤੋਂ ਬਾਅਦ, ਗ੍ਰੇਡਿੰਗ ਕੀਤੀ ਜਾਂਦੀ ਹੈ ਅਤੇ ਫਿਰ 7-8 ਦਿਨਾਂ ਦੇ ਲਈ 20º ਸੈ. ਤੇ ਸਟੋਰ ਕੀਤਾ ਜਾਂਦਾ ਹੈ। ਇਸ ਦੀ ਸਟੋਰ ਕਰਨ ਦੀ ਸਮਰੱਥਾ 21-25 ਦਿਨਾਂ ਤੱਕ ਵਧਾਉਣ ਦੇ ਲਈ ਸਟੋਰ ਦੇ ਵਾਤਾਵਰਨ ਵਿੱਚ ਇਥਾਈਲਿਨ ਨੂੰ ਕੱਢ ਕੇ 5-10 ਪ੍ਰਤੀਸ਼ਤ ਕਾਰਬਨ ਡਾਈਆਕਸਾਈਡ ਪਾਈ ਜਾਂਦੀ ਹੈ। ਸਟੋਰ ਕਰਨ ਤੋਂ ਬਾਅਦ ਫਲਾਂ ਨੂੰ ਗੱਤੇ ਦੇ ਬੱਕਸਿਆਂ ਵਿੱਚ ਪੈਕ ਕੀਤਾ ਜਾਂਦਾ ਹੈ ਅਤੇ ਲੰਬੀ ਦੂਰੀ ਵਾਲੇ ਸਥਾਨਾਂ ਤੇ ਭੇਜਿਆ ਜਾਂਦਾ ਹੈ।

-0-

# ਚਿੱਟੇ ਬੈਂਗਣਾਂ ਦੀ ਖੇਤੀ ਨਾਲ ਕਿਸਾਨ ਕਮਾ ਸਕਦੇ ਚੋਖਾ ਮੁਨਾਫਾ

ਸਾਰੇ ਕਿਸਾਨਾਂ ਨੂੰ ਬੈਂਗਣ ਦੀ ਖੇਤੀ ਬਾਰੇ ਤਾਂ ਪਤਾ ਹੀ ਹੋਵੇਗਾ। ਬੈਂਗਣ ਬਹੁਤ ਸਾਰੇ ਲੋਕਾਂ ਦੀ ਪਸੰਦੀਦਾ ਸਬਜ਼ੀ ਹੈ। ਇਸ ਦੀ ਵਰਤੋਂ ਕਈ ਤਰ੍ਹਾਂ ਦੀਆਂ ਸਬਜ਼ੀਆਂ ਬਣਾਉਣ ਵਿਚ ਕੀਤੀ ਜਾਂਦੀ ਹੈ। ਜਿਥੇ ਬੈਂਗਣ ਨੂੰ ਆਲੂਆਂ ਨਾਲ ਮਿਲਾ ਕੇ ਆਲੂ-ਬੈਂਗਣ ਦੀ ਸਬਜ਼ੀ ਬਣਾਈ ਜਾਂਦੀ ਹੈ, ਉਥੇ ਹੀ ਇਸ ਤੋਂ ਬਹੁਤ ਹੀ ਸਵਾਦਿਸ਼ਟ ਕਲੌਂਜੀ ਵੀ ਬਣਾਈ ਜਾਂਦੀ ਹੈ। ਕਈ ਲੋਕ ਬੈਂਗਣ ਦਾ ਚੋਖਾ ਵੀ ਬਹੁਤ ਪਸੰਦ ਕਰਦੇ ਹਨ।

ਚੋਖਾ ਵੀ ਬੈਂਗਣ ਤੋਂ ਬਣਾਇਆ ਜਾਂਦਾ ਹੈ। ਪਰ ਇਹ ਸਾਰੇ ਪਕਵਾਨ ਜਾਮਣੀ ਰੰਗ ਦੇ ਬੈਂਗਣਾਂ ਤੋਂ ਹੀ ਬਣਾਏ ਜਾਂਦੇ ਹਨ। ਪਰ ਇਸ ਤੋਂ ਇਲਾਵਾ ਇਕ ਹੋਰ ਰੰਗ ਦਾ ਬੈਂਗਣ ਵੀ ਹੈ। ਇਹ ਬੈਂਗਣ ਬਾਜ਼ਾਰ ਵਿਚ ਘੱਟ ਹੀ ਦੇਖਣ ਨੂੰ ਮਿਲਦਾ ਹੈ। ਅਸੀਂ ਗੱਲ ਕਰ ਰਹੇ ਹਾਂ ਚਿੱਟੇ ਬੈਂਗਣ ਦੀ ਜੋ ਕਿ ਆਂਡੇ ਵਰਗਾ ਦਿਖਾਈ ਦਿੰਦਾ ਹੈ। ਇਸ ਬੈਂਗਣ ਦੀ ਮੰਗ ਕਾਫ਼ੀ ਵਧ ਗਈ ਹੈ। ਇਸ ਦੀ ਮੰਗ ਭਾਰਤ ਵਿਚ ਹੀ ਨਹੀਂ ਸਗੋਂ ਵਿਦੇਸ਼ਾਂ ਵਿਚ ਵੀ ਵਧ ਰਹੀ ਹੈ।



ਕਿਸਾਨ ਇਸ ਦੀ ਖੇਤੀ ਕਰ ਕੇ ਚੰਗਾ ਪੈਸਾ ਕਮਾ ਸਕਦੇ ਹਨ। ਇਹ ਬਹੁਤ ਲਾਹੇਵੰਦ ਖੇਤੀ ਹੈ। ਅਸੀਂ ਤੁਹਾਨੂੰ ਚਿੱਟੇ ਬੈਂਗਣ ਦੀ ਕਾਸ਼ਤ ਬਾਰੇ ਜਾਣਕਾਰੀ ਦਿੰਦੇ ਹਾਂ। ਚਿੱਟੇ ਬੈਂਗਣ ਦੀ ਕਾਸ਼ਤ ਲਈ ਸੱਭ ਤੋਂ ਵਧੀਆ ਸਮਾਂ ਫ਼ਰਵਰੀ ਅਤੇ ਮਾਰਚ ਹੈ। ਇਸ ਦੀ ਬਿਜਾਈ ਫ਼ਰਵਰੀ ਦੇ ਅੰਤ ਤੋਂ ਮਾਰਚ ਦੇ ਸ਼ੁਰੂ ਤਕ ਕੀਤੀ ਜਾਂਦੀ ਹੈ। ਹਾਲਾਂਕਿ ਭਾਰਤ ਵਿਚ ਕਈ ਥਾਵਾਂ ’ਤੇ ਇਸ ਦੀ ਬਿਜਾਈ ਦਸੰਬਰ ਵਿਚ ਵੀ ਕੀਤੀ ਜਾਂਦੀ ਹੈ। ਇਹ ਬੈਂਗਣ ਜੂਨ-ਜੁਲਾਈ ਦੇ ਮਹੀਨੇ ਵਿਚ ਪੂਰੀ ਤਰ੍ਹਾਂ ਤਿਆਰ ਹੋ ਜਾਂਦੇ ਹਨ। ਉਨ੍ਹਾਂ ਨੂੰ ਬਜ਼ਾਰਾਂ ਵਿਚ ਵੇਚ ਕੇ, ਤੁਸੀਂ ਬਹੁਤ ਸਾਰਾ ਮੁਨਾਫ਼ਾ ਕਮਾ ਸਕਦੇ ਹੋ। ਇਸ ਲਈ ਜੇਕਰ ਤੁਸੀਂ ਵੀ ਸਬਜ਼ੀਆਂ ਵੇਚ ਕੇ ਪੈਸਾ ਕਮਾਉਣਾ ਚਾਹੁੰਦੇ ਹੋ ਤਾਂ ਚਿੱਟੇ ਬੈਂਗਣ ਦੀ ਖੇਤੀ ਕਰਨਾ ਤੁਹਾਡੇ ਲਈ ਬਹੁਤ ਫ਼ਾਇਦੇਮੰਦ ਹੈ।

ਚਿੱਟੇ ਬੈਂਗਣ ਦੀ ਬਿਜਾਈ ਲਈ ਸੱਭ ਤੋਂ ਪਹਿਲਾਂ ਇਕ ਬੈੱਡ ਤਿਆਰ ਕਰਨਾ ਚਾਹੀਦਾ ਹੈ। ਕਿਸਾਨ ਵੀਰੋ, ਡੇਢ ਮੀਟਰ ਲੰਮਾ ਅਤੇ ਤਕਰੀਬਨ ਤਿੰਨ ਮੀਟਰ ਚੌੜਾ ਬੈੱਡ ਬਣਾਉ। ਇਸ ਤੋਂ ਬਾਅਦ ਮਿੱਟੀ ਨੂੰ ਢਿੱਲੀ ਕਰ ਦਿਉ। ਇਸ ਤੋਂ ਬਾਅਦ ਹਰ ਬੈੱਡ ’ਤੇ 200 ਤੋਂ 250 ਗ੍ਰਾਮ ਡੀ.ਏ.ਪੀ. ਲਗਾਉਣ ਤੋਂ ਬਾਅਦ, ਕਿਸਾਨ ਭਰਾ ਇਸ ਵਿਚ ਚਿੱਟੇ ਬੈਂਗਣ ਦੇ ਬੀਜ ਦੀ ਇਕ ਲਾਈਨ ਬੀਜ ਸਕਦੇ ਹਨ।

ਕੁੱਝ ਦਿਨਾਂ ਬਾਅਦ ਇਸ ਵਿਚੋਂ ਪੌਦੇ ਨਿਕਲਣਗੇ। ਚਿੱਟੇ ਬੈਂਗਣ ਦੀ ਕਾਸ਼ਤ ਉੱਤਰ ਪ੍ਰਦੇਸ਼, ਬਿਹਾਰ, ਮੱਧ ਪ੍ਰਦੇਸ਼ ਵਰਗੇ ਕਈ ਰਾਜਾਂ ਵਿਚ ਵੀ ਕੀਤੀ ਜਾਂਦੀ ਹੈ। ਪਰ ਇਸ ਦੀ ਜ਼ਿਆਦਾਤਰ ਖੇਤੀ ਜੰਮੂ ਵਿਚ ਕੀਤੀ ਜਾਂਦੀ ਹੈ। ਦੇਸ਼ ਦੇ ਹੋਰ ਖੇਤਰਾਂ ਦੇ ਕਿਸਾਨ ਭਰਾ ਜ਼ਿਆਦਾਤਰ ਜੰਮੂ ਤੋਂ ਬੀਜ ਲੈ ਕੇ ਚਿੱਟੇ ਬੈਂਗਣ ਦੀ ਖੇਤੀ ਕਰਦੇ ਹਨ। ਜੰਮੂ ਤੋਂ ਇਲਾਵਾ ਹੋਰ ਰਾਜਾਂ ਵਿਚ ਇਸ ਦੀ ਬਹੁਤ ਘੱਟ ਮਾਤਰਾ ਵਿਚ ਖੇਤੀ ਕੀਤੀ ਜਾਂਦੀ ਹੈ। ਚਿੱਟੇ ਬੈਂਗਣ ਵਿਚ ਗੂੜ੍ਹੇ ਜਾਮਨੀ ਜਾਂ ਕਾਲੇ ਬੈਂਗਣ ਨਾਲੋਂ ਵਧੇਰੇ ਪੌਸ਼ਟਿਕ ਤੱਤ ਹੁੰਦੇ ਹਨ। ਇਹੀ ਕਾਰਨ ਹੈ ਕਿ ਬਾਜ਼ਾਰ ਵਿਚ ਇਸ ਦੀ ਮੰਗ ਬਹੁਤ ਜ਼ਿਆਦਾ ਹੈ। -0-

# ਗੁਰਮਤਿ ਸੰਜੋਗ

ਆਪ ਜੀ ਨੂੰ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਗੁਰਸਿੱਖ ਬੱਚੇ/ਬੱਚੀਆਂ ਦੇ ਵਿਆਹ / ਅਨੰਦ ਕਾਰਜਾਂ ਲਈ ਜੀ.ਜੀ.ਐਮ.ਸੀ. ਵਿਖੇ ਮਾਸਿਖ ਪੱਤਰ 'ਗੁਰਮਤਿ ਵਿਰਸਾ' ਰਾਹੀਂ ਉਪਰਾਲੇ ਕੀਤੇ ਜਾ ਰਹੇ ਹਨ। ਹੁਣ ਆਪ ਇਸ ਸੇਵਾ ਦਾ ਹੋਰ ਫਾਇਦਾ ਲੈਣ ਲਈ ਆਪਣੇ ਬੱਚਿਆਂ ਦੀ ਪੋਸਟ ਕਾਰਡ ਸਾਇਜ਼ ਫੋਟੋ ਸਮੇਤ ਬਾਇਓ ਡਾਟਾ ਸੋਮਵਾਰ ਤੋਂ ਸ਼ੁੱਕਰਵਾਰ 12 ਤੋਂ 2 ਵਜੇ ਦੁਪਹਿਰ ਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ ਵਿਖੇ ਮਿਲਣ ਦੀ ਕ੍ਰਿਪਾਲਤਾ ਕਰੋ ਜੀ। ਫਾਰਮ ਭਰਨ ਦੀ ਫੀਸ ਕੇਵਲ ਇਕ ਵਾਰ 500/- ਰੁਪਏ ਲਈ ਜਾਵੇਗੀ। ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।



**ਜਿਨ੍ਹਾਂ ਇਸ਼ਤਿਹਾਰਦਾਤਾਵਾਂ ਦੇ ਰਿਸ਼ਤੇ ਹੋ ਗਏ ਹਨ, ਕ੍ਰਿਪਾ ਕਰਕੇ ਫੋਨ ਨੰਬਰ 97819-90206 'ਤੇ ਸੰਪਰਕ ਕਰਕੇ ਜ਼ਰੂਰ ਦੱਸੋ ਜੀ, ਤਾਂ ਜੋ ਕਿਸੇ ਹੋਰ ਲੋੜਵੰਦ ਦਾ ਇਸ਼ਤਿਹਾਰ ਲਗਾਉਣ ਲਈ ਜਗ੍ਹਾ ਮਿਲ ਸਕੇ।**

## ਲਾੜੀ ਦੀ ਲੋੜ

**ਫਾਰਮ ਨੰ. 367:** ਲੁਧਿਆਣਾ ਵਾਸੀ, ਜਨਮ ਮਿਤੀ 10-08-1984, ਕੱਦ, 5'-8", 10+2 (Non Medical), Marketing Job in Jivo Canola Oil, ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 98723-30471, 83608-14845

**ਫਾਰਮ ਨੰ. 368:** ਲੁਧਿਆਣਾ ਵਾਸੀ, ਅਰੋੜਾ ਸਿੱਖ, ਜਨਮ ਮਿਤੀ 07-09-1992, ਕੱਦ, 5'-11", (Well Established Chartered Accountant ਲਈ ਬਰਾਬਰ ਦੀ ਯੋਗਤਾ ਵਾਲੀ ਸੁੰਦਰ ਅਤੇ ਸੁਘੜ (ਦਾਜ ਰਹਿਤ) ਲੜਕੀ ਦੀ ਲੋੜ ਹੈ। ਜਾਤੀ ਬੰਧਨ ਕੋਈ ਨਹੀਂ। ਸੰਪਰਕ: 98151-22379, 95010-19163

**ਫਾਰਮ ਨੰ. 369:** ਕੈਨੇਡਾ ਵਿਚ ਪੜ੍ਹਾਈ ਪੂਰੀ ਕਰ ਚੁੱਕੇ ਲੁਧਿਆਣਾ ਵਾਸੀ, ਗੁਰਸਿੱਖ ਅੰਮ੍ਰਿਤਧਾਰੀ, ਜਨਮ ਮਿਤੀ 4-7-1995, ਕੱਦ 5'-8" B.C.A, MBA, ਲਈ ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ: 98150-80530

**ਫਾਰਮ ਨੰ. 370:** ਲੁਧਿਆਣਾ ਵਾਸੀ, ਜਨਮ ਮਿਤੀ 10-10-92, ਕੱਦ 5'-4" ਮੈਟ੍ਰਿਕ ਪਾਸ, ਪ੍ਰਾਈਵੇਟ ਜੋਬ 18000/-, ਆਪਣਾ ਮਕਾਨ ਲਈ ਲੜਕੀ ਦੀ ਲੋੜ ਹੈ। ਸੰਪਰਕ: 9988331841, 98884-40967

**ਫਾਰਮ ਨੰ. 371:** ਲੁਧਿਆਣਾ ਵਾਸੀ, ਜਨਮ ਮਿਤੀ 06-12-91, ਕੱਦ 5'-10" M.Com, MBA, Bed., ਆਮਦਨ 50000/- ਮਹੀਨਾ, Teaching & Self Coaching Centre ਲਈ ਲੜਕੀ ਦੀ ਲੋੜ ਹੈ। ਸੰਪਰਕ: 98143-84999

**ਫਾਰਮ ਨੰ. 372:** ਲੁਧਿਆਣਾ ਵਾਸੀ, ਜਨਮ ਮਿਤੀ 13-7-94, ਕੱਦ 5'-8" B-Tech Elec. Engineering, Settled in Canada ਲਈ ਲੜਕੀ ਦੀ ਲੋੜ ਹੈ। ਸੰਪਰਕ: 94647-63356

**ਫਾਰਮ ਨੰ. 373:** ਲੁਧਿਆਣਾ ਵਾਸੀ, ਜਨਮ ਮਿਤੀ 11-10-90, ਕੱਦ 6', 10+2, ਪ੍ਰਾਈਵੇਟ ਨੌਕਰੀ, 6 ਲੱਖ ਸਾਲਾਨਾ, ਘਰੇਲੂ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ: 98767-99132

**ਫਾਰਮ ਨੰ. 375:** Ludhiana Area, DOB 23-03-94, Hight 6'-2" Doing MD (Medicine) 2nd Year Want a Doctor Girl Should Be Gursikh either MD (Clinical) or Doing MD. Contact: 98550-10569, 87288-00569

**ਫਾਰਮ ਨੰ. 376:** ਲੁਧਿਆਣਾ ਵਾਸੀ, ਜਨਮ ਮਿਤੀ 27-4-83, ਕੱਦ 5'-9", Diploma in Software/Hardware, Occupation Auditor ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ : 75890-64853

**ਫਾਰਮ ਨੰ. 377:** ਜਲੰਧਰ ਵਾਸੀ, ਗੁਰਸਿੱਖ ਪਰਿਵਾਰ ਦੇ ਦੋ ਪੁੱਤਰ ਵੱਡਾ ਕੈਨੇਡਾ PR, ਉਮਰ 29 ਸਾਲ, ਕੱਦ 5'-9", M.Sc., ਛੋਟਾ ਪੰਜਾਬ ਵਿਚ ਕਾਰੋਬਾਰੀ, ਉਮਰ 26 ਸਾਲ, ਕੱਦ 5'-6", B.Com ਲਈ ਯੋਗ ਲੜਕੀਆਂ ਦੀ ਲੋੜ ਹੈ। ਸੰਪਰਕ: 92168-12358

**ਫਾਰਮ ਨੰ. 378:** Gursikh Issueless Divorcee, Jan. 1984, 5'-8" MBA, B.Tech, Working Top Company Mumbai, Very Decent Package, Required Homely, Unmarried/ Issueless, Divorcee/Widow Without Children Preferred. Parents Ludhiana Based. Contact: 98721-83880

**ਫਾਰਮ ਨੰ. 379:** ਲੁਧਿਆਣਾ ਵਾਸੀ, ਜਨਮ ਮਿਤੀ 1-6-1986, ਕੱਦ 5'-11", MBA, MDH ਕੰਪਨੀ ਵਿਚ ਨੌਕਰੀ, ਸੈਲਰੀ 33,000/- ਆਪਣਾ ਘਰ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98141-82370

**ਫਾਰਮ ਨੰ. 380:** ਭਿੱਖੀਵਿੰਡ ਵਾਸੀ, ਜਨਮ ਮਿਤੀ 8-12-1995, ਕੱਦ 5'-11", MA-History, Job in ICICI Bank, ਸੈਲਰੀ 28,000/- 5 ਏਕੜ ਜ਼ਮੀਨ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 85679-70737

**ਫਾਰਮ ਨੰ. 381:** ਲੁਧਿਆਣਾ ਵਾਸੀ, ਜਨਮ ਮਿਤੀ 12-12-1993, ਕੱਦ 5'-6", +2, ਆਪਣੀ ਗੋਲਡ ਜਵੈਲਰੀ ਦੀ ਦੁਕਾਨ, ਸੰਪਰਕ: 81465-40125, 82890-80662

**ਫਾਰਮ ਨੰ. 383:** ਲੁਧਿਆਣਾ ਵਾਸੀ, ਜਨਮ ਮਿਤੀ 10-02-1991, ਕੱਦ 5'-8", B.Tech (Mech.) ਆਪਣਾ ਕਾਰੋਬਾਰ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 98146-47179

**ਫਾਰਮ ਨੰ. 384:** ਜਨਮ ਮਿਤੀ 27-10-1991, ਕੱਦ 5'-9", BBA, ਆਪਣਾ ਕਾਰੋਬਾਰ Running Hotel on Lease ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 70096-42659

**ਫਾਰਮ ਨੰ. 385:** ਅਮਰੀਕਾ ਨਾਗਰਿਕ, ਜਨਮ ਮਿਤੀ 01-05-1996, ਕੱਦ 5'-9", Qualification B-Pharmacy, ਲਈ ਯੋਗ ਲੜਕੀ ਦੀ ਲੋੜ ਹੈ ਨਰਸਿੰਗ ਕੀਤੀ ਲੜਕੀ ਨੂੰ ਪਹਿਲ। ਸੰਪਰਕ: 99887-78082, +1-848-235-8564

**ਫਾਰਮ ਨੰ. 386:** ਲੁਧਿਆਣਾ ਵਾਸੀ, ਜਨਮ ਮਿਤੀ 31-7-1993, ਕੱਦ 5'-7", Qualification 10+2, Private Job Electrical Material Marketing Salary 45,000/- ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 95017-44821

**ਫਾਰਮ ਨੰ. 387:** ਲੁਧਿਆਣਾ ਵਾਸੀ, ਜਨਮ ਮਿਤੀ 25-12-1990, ਕੱਦ 6'-0", Qualification B.Sc., own Medical Shop & many other properties, Good Income ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 99885-18270, 85286-59090

**ਫਾਰਮ ਨੰ. 388:** ਲੁਧਿਆਣਾ ਵਾਸੀ, ਜਨਮ ਮਿਤੀ 04-08-1995, ਕੱਦ 5'-10", Qualification +2, Private Job, Salary 18000/- ਅੰਮ੍ਰਿਤਧਾਰੀ ਲਈ ਅੰਮ੍ਰਿਤਧਾਰੀ, ਦੁਮਾਲਾ ਵਾਲੀ ਯੋਗ ਲੜਕੀ ਦੀ ਲੋੜ ਹੈ। ਸੰਪਰਕ: 93592-20005, 75084-21123

**ਫਾਰਮ ਨੰ. 389:** ਲੁਧਿਆਣਾ ਵਾਸੀ, ਜਨਮ ਮਿਤੀ 01-07-1991, ਕੱਦ 5'-6", Qualification B.A, Occupation Accountant ਲਈ ਗੁਰਸਿੱਖ, ਅੰਮ੍ਰਿਤਧਾਰੀ, ਲੜਕੀ ਦੀ ਲੋੜ ਹੈ। ਸੰਪਰਕ 99880-41300, 99154-41932

**ਫਾਰਮ ਨੰ. 390:** ਲੁਧਿਆਣਾ ਵਾਸੀ, ਜਨਮ ਮਿਤੀ 26-5-1993, ਕੱਦ 5'-7", Qualification Master in Big Analytics (Hons.) Occupation Data Analytics at Canada Post ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 95018-79056

**ਫਾਰਮ ਨੰ. 391:** ਲੁਧਿਆਣਾ ਵਾਸੀ, ਜਨਮ ਮਿਤੀ 4-7-1995, ਕੱਦ 5'-6", Qualification BA, Business Own Pipe Shop at Ludhiana ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 94643-54516, 98729-36952

-0-

## ਲਾੜੇ ਦੀ ਲੋੜ

**ਫਾਰਮ ਨੰ. 344:** ਲੁਧਿਆਣਾ ਵਾਸੀ, ਜਨਮ ਅਕਤੂਬਰ 1994, ਕੱਦ 5'-3", MBBS, Study (USEMLI) ਡਾਕਟਰ ਲੜਕੀ ਲਈ ਗੁਰਸਿੱਖ ਡਾਕਟਰ ਲੜਕੇ ਦੀ ਲੋੜ ਹੈ। ਸੰਪਰਕ: 97797-59542

**ਫਾਰਮ ਨੰ. 361:** ਜਲੰਧਰ ਵਾਸੀ, ਗੁਰਸਿੱਖ ਅੰਮ੍ਰਿਤਧਾਰੀ ਵਿਡੋ (Widow) ਲੜਕੀ, ਜਨਮ ਮਿਤੀ 5-11-1981, MCA ਲਈ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ: 98728-10427

**ਫਾਰਮ ਨੰ. 364:** ਲੁਧਿਆਣਾ ਵਾਸੀ, ਤਲਾਕਸ਼ੁਦਾ ਲੜਕੀ, ਜਨਮ ਮਿਤੀ 11-11-1988, B.A., E.T.T., N.T.T. Govt. Teacher ਲਈ ਲੜਕੇ ਦੀ ਲੋੜ ਹੈ। ਕੇਵਲ ਲੁਧਿਆਣਾ ਜ਼ਿਲ੍ਹੇ ਵਾਲੇ ਹੀ ਸੰਪਰਕ ਕਰਨ: 95018-94943, 98765-55925

**ਫਾਰਮ ਨੰ. 374:** ਪੀਲੀਭੀਤ ਵਾਸੀ, ਅੰਮ੍ਰਿਤਧਾਰੀ, ਜਨਮ ਮਿਤੀ 16-06-1997, M.A., B.ed. ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 94128-69007, 80062-35004

# ਜੁਲਾਈ ਮਹੀਨੇ ਦੀਆਂ ਸਰਗਰਮੀਆਂ

**ਮਾਝਾ**

**1. ਮਾਲੂਵਾਲ (98885-20250)-** ਕੇਂਦਰ ਦੇ ਪ੍ਰਚਾਰਕ ਭਾਈ ਨਿਰਮਲ ਸਿੰਘ ਵਲੋਂ 8 ਪਿੰਡਾਂ ਵਿੱਚ ਹਫਤਾਵਾਰੀ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ 'ਤੇ ਬੱਚਿਆਂ ਨਾਲ ਇਤਿਹਾਸ ਅਤੇ ਗੁਰਬਾਣੀ ਵੀਚਾਰ ਸਾਂਝੀ ਕੀਤੀ ਗਈ। ਗੁਰਬਾਣੀ ਸੰਥਿਆ ਤੋਂ ਇਲਾਵਾ ਦਸਤਾਰ ਮੁਕਾਬਲਿਆਂ ਵਿੱਚ ਹਾਜ਼ਰੀ ਭਰੀ ਗਈ।

**2. ਪਰਿੰਗੜੀ (ਤਰਨਤਾਰਨ) (79731-15345)-** ਕੇਂਦਰ ਦੇ ਪ੍ਰਚਾਰਕ ਭਾਈ ਮੰਗਲਜੀਤ ਸਿੰਘ ਜੀ ਵਲੋਂ ਸ਼ਨੀਵਾਰ, ਐਤਵਾਰ ਅਤੇ ਸੋਮਵਾਰ ਨੂੰ ਪਿੰਡ ਪਰਿੰਗੜੀ ਵਿਖੇ ਗੁਰਮਤਿ ਕਲਾਸ ਲਗਾਈ ਜਾਂਦੀ ਹੈ ਅਤੇ ਸ਼ਾਮ ਨੂੰ ਗੁਰਦੁਆਰੇ ਕਥਾ ਕੀਤੀ ਜਾਂਦੀ ਹੈ। ਮੰਗਲਵਾਰ ਅਤੇ ਬੁੱਧਵਾਰ ਨੂੰ ਪਿੰਡ ਸੁਹਾਵਾ ਵਿਖੇ ਗੁਰਮਤਿ ਦੀ ਕਲਾਸ ਲਗਾਈ ਜਾਂਦੀ ਹੈ। ਵੀਰਵਾਰ, ਸ਼ੁੱਕਰਵਾਰ ਨੂੰ ਪਿੰਡ ਕੋਟਦਾਤੇ ਵਿੱਚ ਕਲਾਸ ਲਗਾਈ ਜਾਂਦੀ ਹੈ ਅਤੇ ਸ਼ਾਮ ਨੂੰ ਕਥਾ ਵਿਚਾਰ ਕੀਤੀ ਜਾਂਦੀ ਹੈ। ਐਤਵਾਰ ਨੂੰ ਰੂੜੇ ਆਸਲ ਵਿਖੇ ਕਲਾਸ ਲਗਾਈ ਜਾਂਦੀ ਹੈ।

**ਮਾਲਵਾ:-**

**3. ਗੁੱਜਰਵਾਲ (94655-66666)-** ਕੇਂਦਰ ਦੇ ਪ੍ਰਚਾਰਕ ਭਾਈ ਅਮਰਪ੍ਰੀਤ ਸਿੰਘ ਗੁੱਜਰਵਾਲ ਵਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਾਰੰਗਵਾਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਿਲ੍ਹਾ ਰਾਇਪੁਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਾਖਾ (ਲੜਕੀਆਂ), ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡੇਹਲੋਂ, ਪ੍ਰੀਤ ਗੋਬਿੰਦ ਸਕੂਲ ਜੋਧਾਂ, ਅਜੀਤਸਰ ਸਕੂਲ ਮੋਹੀ, ਨਿਊ ਮਾਡਲ ਸਕੂਲ ਨੰਗਲ, ਜੀ.ਐਚ. ਜੀ. ਮੰਡੀ ਅਹਿਮਦਗੜ, ਆਦਰਸ਼ ਸਕੂਲ ਡੇਹਲੋਂ ਵਿੱਚ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। ਮਹਿਮਾ ਸਿੰਘ ਵਾਲਾ, ਗੁੱਜਰਵਾਲ ਅਤੇ ਫੱਲੇਵਾਲ ਵਿਖੇ ਕਥਾ ਦੀ ਹਾਜਰੀ ਭਰੀ ਗਈ। 30 ਬੱਚੇ ਸਹਿਜ ਪਾਠ ਕਰ ਰਹੇ ਹਨ ਅਤੇ 2 ਬੱਚਿਆਂ ਨੇ ਸਹਿਜ ਪਾਠ ਦੀ ਸਮਾਪਤੀ ਕੀਤੀ ਹੈ।

**4. ਲਤਾਲਾ (98556-27927)-** ਕੇਂਦਰ ਦੇ ਪ੍ਰਚਾਰਕ ਭਾਈ ਰੁਪਿੰਦਰ ਸਿੰਘ ਵੱਲੋਂ 2 ਜੁਲਾਈ ਨੂੰ ਲਾਇਬ੍ਰੇਰੀ ਪਿੰਡ ਕਾਲਖ ਵਿਖੇ ਸਵਾਲ-ਜਵਾਬ ਕਰਵਾਏ ਗਏ ਅਤੇ ਸਾਰੇ ਵਿਦਿਆਰਥੀਆਂ ਨੂੰ ਸਟੇਸ਼ਨਰੀ ਦਾ ਸਮਾਨ ਵੰਡਿਆ ਗਿਆ। ਮਿਡਲ ਸਕੂਲ ਰਾਜਗੜ੍ਹ ਤੇ ਮਿਡਲ ਸਕੂਲ ਭੈਣੀ ਰੋੜਾ ਵਿਖੇ ਗੁਰਮਤਿ ਕਲਾਸ ਤੋਂ ਬਾਅਦ ਵਜੀਫਾ ਲੈ ਰਹੇ ਵਿਦਿਆਰਥੀਆਂ ਦੇ ਮਾਪਿਆਂ ਨਾਲ ਕੁਝ ਸਮਾਂ ਵਿਚਾਰ ਸਾਂਝੇ ਕੀਤੇ। ਭਾਈ ਮਨੀ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਦੇ ਸਬੰਧ ਵਿੱਚ ਪਬਲਿਕ ਸਕੂਲ ਬੱਸੀਆਂ ਵਿਖੇ ਵਿਦਿਆਰਥੀਆਂ ਨਾਲ ਇਤਿਹਾਸਕ ਲੈਕਚਰ ਦੁਆਰਾ ਸਾਂਝ ਪਾਈ ਗਈ। ਮਿਸ਼ਨ ਹਰਿਆਲੀ ਤਹਿਤ ਸਕੂਲ ਦੇ ਵਿਦਿਆਰਥੀਆਂ ਨੂੰ 500 ਬੂਟੇ ਵੰਡੇ ਗਏ, ਰੁੱਖਾਂ ਦੀ ਸੰਭਾਲ ਤੇ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਪ੍ਰੇਰਿਆ। 6 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ, ਇੱਕ ਬੱਚੇ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ ਅਤੇ ਇੱਕ ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**5. ਚੁੱਪ ਕੀਤੀ (98777-94586)-** ਪ੍ਰਚਾਰਕ ਭਾਈ ਹਰਜੀਤ ਸਿੰਘ ਜੀ ਵਲੋਂ 5 ਪਿੰਡਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ। ਪਿੰਡ ਬੁਰਜ ਦੁਨਾਂ ਵਿਖੇ ਹੋਏ ਗੁਰਮਤਿ ਸਮਾਗਮ ਵਿੱਚ ਸੰਗਤ ਨਾਲ ਕਥਾ ਵਿਚਾਰਾਂ ਦੀ ਸਾਂਝ ਪਾਈ ਗਈ। 30 ਬੱਚੇ ਸਹਿਜ ਪਾਠ ਕਰ ਰਹੇ ਹਨ ਅਤੇ ਇੱਕ ਬੱਚੇ ਨੇ ਐਲੀਮੈਂਟਰੀ ਕੋਰਸ ਸ਼ੁਰੂ ਕੀਤਾ ਹੈ।



**6. ਬੁਗਰਾ (70097-82466)-** ਪ੍ਰਚਾਰਕ ਭਾਈ ਅੰਮ੍ਰਿਤਪਾਲ ਸਿੰਘ ਵਲੋਂ 21 ਜੁਲਾਈ ਨੂੰ ਮੀਰੀ ਪੀਰੀ ਦਿਵਸ 'ਤੇ ਇਤਿਹਾਸਕ ਵਿਚਾਰਾਂ ਦੀ ਸਾਂਝ ਪਾਈ ਗਈ। 23 ਜੁਲਾਈ ਨੂੰ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੇ ਜੀਵਨ 'ਤੇ ਵਿਚਾਰਾਂ ਦੀ ਸਾਂਝ ਪਾਈ ਗਈ। ਗੁਰਦੁਆਰਾ ਸਾਹਿਬ ਵਿਖੇ ਸੋਮਵਾਰ ਤੋਂ ਸਨੀਵਾਰ ਤੱਕ ਕੰਪਿਊਟਰ ਕਲਾਸ ਲਗਾਈ ਜਾਂਦੀ ਹੈ। ਬੁੱਧਵਾਰ ਤੇ ਐਤਵਾਰ ਨੂੰ ਕੀਰਤਨ ਦੀ ਕਲਾਸ ਲਗਾਈ ਜਾਂਦੀ ਹੈ। ਹਰ ਐਤਵਾਰ ਨੂੰ ਮਾਤਾਵਾਂ ਵਲੋਂ ਸੁਖਮਨੀ ਸਾਹਿਬ ਦੇ ਪਾਠ ਕੀਤੇ ਜਾਂਦੇ ਹਨ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ ਅਤੇ 2 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**7. ਕੁਲਾਰ (94654-93275)-** ਕੇਂਦਰ ਦੇ ਪ੍ਰਚਾਰਕ ਭਾਈ ਦਵਿੰਦਰ ਸਿੰਘ ਵਲੋਂ ਰੋਜ਼ਾਨਾ ਅੰਮ੍ਰਿਤ ਵੇਲੇ ਸ਼ਬਦ ਵਿਚਾਰ ਕੀਤੀ ਜਾਂਦੀ ਹੈ। ਹਰ ਰੋਜ਼ ਸਵੇਰੇ ਸੰਗਤ ਦੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ, ਜਿਸ ਵਿੱਚ 7 ਪ੍ਰਾਣੀ ਸੰਥਿਆ ਲੈ ਰਹੇ ਹਨ। ਵੱਖ-ਵੱਖ ਪਿੰਡਾਂ ਵਿੱਚ ਹੋਏ ਗੁਰਮਤਿ ਸਮਾਗਮਾਂ ਵਿੱਚ ਕਥਾ-ਵਿਚਾਰਾਂ ਕੀਤੀਆਂ ਗਈਆਂ।

**8. ਗਰੇਸ ਪਬਲਿਕ ਸਕੂਲ (98149-25551)-** ਪ੍ਰਚਾਰਕ ਬੀਬੀ ਪਰਮਜੀਤ ਕੌਰ ਵਲੋਂ ਬੱਚਿਆਂ ਨੂੰ ਸਕੂਲ ਵਿੱਚ ਨੈਤਿਕ ਕਦਰਾਂ-ਕੀਮਤਾਂ ਸਿਖਾਈਆਂ ਜਾਂਦੀਆਂ ਹਨ ਅਤੇ ਸਵੇਰ ਦੀ ਸਭਾ ਵਿੱਚ ਬੱਚੇ ਜਪੁਜੀ ਸਾਹਿਬ ਦਾ ਪਾਠ ਕਰਦੇ ਹਨ। ਬੱਚਿਆਂ ਨੂੰ ਗੁਰਮਤਿ ਵਿਦਿਆ ਦੇ ਨਾਲ ਨਾਲ ਗੁਰਮਤਿ ਮੁਕਾਬਲਿਆਂ ਲਈ ਵੀ ਤਿਆਰ ਕੀਤਾ ਜਾਂਦਾ ਹੈ। 9 ਜੁਲਾਈ ਨੂੰ ਸ਼ਹੀਦ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਪ੍ਰਤੀ ਭਾਸ਼ਣ ਦਿੱਤੇ ਗਏ ਤੇ ਸ਼ਹੀਦੀ ਭਾਈ ਤਾਰੂ ਸਿੰਘ ਜੀ ਪ੍ਰਤੀ ਬੱਚਿਆਂ ਕੋਲੋ ਕਵਿਤਾਵਾਂ ਬੁਲਵਾਈਆਂ ਗਈਆਂ। 8 ਅਗਸਤ ਨੂੰ ਮੋਰਚਾ ਗੁਰੂ ਕਾ ਬਾਗ ਦੇ ਸਬੰਧ ਵਿੱਚ ਅਸੈਂਬਲੀ ਵਿਚ ਲੈਕਚਰ ਦਿੱਤਾ ਗਿਆ। 48 ਬੱਚੇ ਸਹਿਜ ਪਾਠ ਕਰ ਰਹੇ ਹਨ, 12 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ 5 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**ਦੁਆਬਾ**

**9. ਚੱਕ ਕਲਾਂ (75088-51496)-** ਪ੍ਰਚਾਰਕ ਭਾਈ ਤਰਲੋਚਨ ਸਿੰਘ ਵਲੋਂ 4 ਪਿੰਡਾਂ ਵਿੱਚ ਅਤੇ ਸੈਟ ਜੋਨ ਅਕੈਡਮੀ ਸ਼ੰਕਰ ਵਿਖੇ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਮਤਿ ਦੀ ਸੇਧ ਦੇ ਰਹੇ ਹਨ। ਕੇਂਦਰ ਦੇ ਦੋ ਗੁਰਦੁਆਰਿਆਂ ਵਿਖੇ ਗੁਰਮਤਿ ਦੀਆਂ ਕਲਾਸਾਂ ਦੇ ਨਾਲ-ਨਾਲ ਕੀਰਤਨ ਤੇ ਗਤਕੇ ਦੀਆਂ ਕਲਾਸਾਂ ਵੀ ਲਗਾਈਆਂ ਜਾਂਦੀਆਂ ਹਨ। ਪਿੰਡ ਚੱਕ ਖੁਰਦ ਵਿਖੇ ਇਸ ਮਹੀਨੇ ਗੁਰਮਤਿ ਕਲਾਸ ਦੇ ਨਾਲ-ਨਾਲ ਮੰਗਲਵਾਰ ਨੂੰ ਕੀਰਤਨ ਕਲਾਸ ਦੀ ਆਰੰਭਤਾ ਵੀ ਕੀਤੀ ਗਈ। ਕੀਰਤਨ ਸਿੱਖਣ ਵਾਲੇ ਬੱਚੇ ਸੰਗਰਾਂਦ ਵਾਲੇ ਦਿਨ ਕੀਰਤਨ ਦੀ ਹਾਜ਼ਰੀ ਗੁਰਦੁਆਰਾ ਸਿੰਘ ਸਭਾ ਵਿਖੇ ਭਰਦੇ ਹਨ। 16 ਜੁਲਾਈ ਨੂੰ ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ਨੂੰ ਸਮਰਪਿਤ ਗੁਰਦੁਆਰਾ ਸਿੰਘ ਸਭਾ ਵਿਖੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ।

**10. ਚੱਕ ਸਿੰਘਾ (98553-99892)-** ਪ੍ਰਚਾਰਕ ਭਾਈ ਪ੍ਰਭਸ਼ਰਨਜੀਤ ਸਿੰਘ ਵਲੋਂ ਹਰ ਰੋਜ਼ ਸਵੇਰੇ ਗੁਰਦੁਆਰਾ ਅਕਾਲ ਬੁੰਗਾ ਸਾਹਿਬ

ਵਿਖੇ ਨਿਤਨੇਮ ਅਤੇ ਕਥਾ-ਵਿਚਾਰ ਕੀਤੀ ਜਾਂਦੀ ਹੈ। ਹਰ ਰੋਜ਼ ਸ਼ਾਮ ਨੂੰ ਬੱਚਿਆਂ ਦੀ ਗੁਰਬਾਣੀ ਸੰਥਿਆ ਕਲਾਸ ਅਤੇ ਫ੍ਰੀ ਟਿਊਸ਼ਨ ਕਲਾਸ ਲਗਾਈ ਜਾਂਦੀ ਹੈ। ਗੁਰਦੁਆਰਾ ਸਾਹਿਬ ਵਿਚ ਸੰਗਤ ਵਲੋਂ ਹਫਤਾਵਾਰੀ ਗੁਰਮਤਿ ਸਮਾਗਮ ਕੀਤਾ ਜਾਂਦਾ ਹੈ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**11. ਨਵਾਂ ਸ਼ਹਿਰ (87290-86035)-** ਕੇਂਦਰ ਦੇ ਪ੍ਰਚਾਰਕ ਭਾਈ ਸਿਮਰਪ੍ਰੀਤ ਸਿੰਘ ਵਲੋਂ ਹਰ ਰੋਜ਼ ਬੱਚਿਆਂ ਦੀ ਗੁਰਮਤਿ ਕਲਾਸ, ਫ੍ਰੀ ਟਿਊਸ਼ਨ ਕਲਾਸ ਅਤੇ ਫ੍ਰੀ ਕੰਪਿਊਟਰ ਦੀ ਕਲਾਸ ਲਗਾਈ ਜਾਂਦੀ ਹੈ। ਹਰ ਸੋਮਵਾਰ ਬਾਬਾ ਵਜੀਰ ਸਿੰਘ ਪਬਲਿਕ ਸਕੂਲ ਨਵਾਂਸ਼ਹਿਰ ਅਤੇ ਹਰ ਵੀਰਵਾਰ ਜੈ ਭਾਰਤ ਸਕੂਲ ਸਮੁੰਦੜਾ ਵਿਖੇ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਹਰ ਐਤਵਾਰ ਪਿੰਡ ਪਨਾਮ, ਮਜਾਰੀ, ਭੌਰਾ ਅਤੇ ਸਾਹਲੋਂ ਵਿਖੇ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਇੱਕ ਬੱਚੇ ਨੇ ਸਹਿਜ ਪਾਠ ਆਰੰਭ ਕੀਤਾ ਹੈ ਅਤੇ 2 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**12. ਅੱਪਰਾ- (85280-78722)-** ਪ੍ਰਚਾਰਕ ਭਾਈ ਨਰਿੰਦਰ ਸਿੰਘ ਵਲੋਂ ਹਰ ਹਫਤੇ 15 ਪਿੰਡਾਂ ਵਿੱਚ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਇਸ ਮਹੀਨੇ ਪਿੰਡ ਭਾਰਸਿੰਘਪੁਰ ਵਿਖੇ ਨਵੀਂ ਕਲਾਸ ਆਰੰਭ ਕੀਤੀ ਗਈ। ਗੁਰਦੁਆਰਾ ਕਲਗੀਧਰ ਸਾਹਿਬ ਪਿੰਡ ਅੱਪਰਾ ਵਿਖੇ ਹਰ ਐਤਵਾਰ ਨੂੰ ਲੜੀਵਾਰ ਕਥਾ-ਵਿਚਾਰ ਕੀਤੀ ਜਾਂਦੀ ਹੈ। 3 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ ਅਤੇ ਇੱਕ ਬੱਚੇ ਨੇ ਐਲੀਮੈਂਟਰੀ ਕੋਰਸ ਸ਼ੁਰੂ ਕੀਤਾ ਹੈ।

**ਪੰਜਾਬ ਤੋਂ ਬਾਹਰ ਦੇ ਕੇਂਦਰ-**

**13. ਜਮਸ਼ੇਦਪੁਰ (ਟਾਟਾ ਨਗਰ)-** ਪ੍ਰਚਾਰਕ ਭਾਈ ਹਰਵਿੰਦਰ ਸਿੰਘ ਜਮਸ਼ੇਦਪੁਰੀ ਵਲੋਂ ਸੰਗਤ ਦੀਆਂ ਗੁਰਮਤਿ ਕਲਾਸਾਂ ਲਗਾਕੇ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾ ਰਹੀ ਹੈ। ਗੁਰਦੁਆਰਾ ਸਾਹਿਬ ਜੈਮਕੋ ਅਜਾਦ ਬਸਤੀ ਵਿਖੇ ਭਾਈ ਸਾਹਿਬ ਵਲੋਂ ਸੰਗਤ ਨਾਲ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ।

**14. ਸਿੰਬਲ ਕੈਂਪ (ਜੰਮੂ) (90865-31984)-** ਪ੍ਰਚਾਰਕ ਭਾਈ ਪੁਸ਼ਪਿੰਦਰ ਸਿੰਘ ਵਲੋਂ ਸਵੇਰੇ 9 ਵਜੇ ਤੋਂ 11 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਪਿੰਡ ਫਿੰਦੜ ਆਰ. ਐਸ. ਪੁਰਾ ਵਿਖੇ, 11.30 ਵਜੇ ਤੋਂ 1 ਵਜੇ ਤੱਕ ਗੁਰਦੁਆਰਾ ਸਾਹਿਬ ਮਮਕਾ ਆਰ. ਐਸ. ਪੁਰਾ ਵਿਖੇ, 4.30 ਵਜੇ ਤੋਂ 6.15 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਸਿੰਘਪੁਰਾ ਮੁਰਾਲੀਆਂ ਵਿਖੇ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ।

**15. ਜਰਮਨ (00491631892161)-** ਪ੍ਰਚਾਰਕ ਭਾਈ ਸੰਦੀਪ ਸਿੰਘ ਖਾਲੜਾ ਵਲੋਂ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਸੰਗਤ ਦੀਆਂ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ।

**16. ਇੰਫਾਲ (ਮਨੀਪੁਰ)-** ਪ੍ਰਚਾਰਕ ਭਾਈ ਜਗਦੀਪ ਸਿੰਘ ਸੈਦਪੁਰ ਵਲੋਂ ਹਰ ਰੋਜ਼ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ ਅਤੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ।

**17. ਦੁਰਗ (ਛੱਤੀਸਗੜ੍ਹ) (98821-42424)-** ਪ੍ਰਚਾਰਕ ਭਾਈ ਕੰਵਲਪ੍ਰੀਤ ਸਿੰਘ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰਾਜਨੰਦਗਾਓ ਛੱਤੀਸਗੜ੍ਹ 'ਚ ਗੁਰਮਤਿ ਕਲਾਸਾਂ ਲਗਾਇਆ ਗਿਆ, ਜਿਸ ਵਿੱਚ ਬੱਚਿਆਂ ਨੂੰ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਗਈ। ਗੁਰਦੁਆਰਾ ਸਾਹਿਬ ਵਿਖੇ ਹੋਏ ਸਮਾਗਮ ਵਿੱਚ ਬੱਚਿਆਂ ਵਲੋਂ ਕੀਰਤਨ ਕੀਤਾ ਗਿਆ। ਬੱਚਿਆਂ ਨੂੰ ਦਸਤਾਰ ਦੀ ਸਿਖਲਾਈ ਅਤੇ ਗਤਕੇ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ। -0-



# ਖਾਣ-ਪੀਣ ਦੀਆਂ ਸਿਹਤਮੰਦ ਆਦਤਾਂ

**-ਡਾ. ਗੁਰਪ੍ਰੀਤ ਸਿੰਘ ਧੁੱਗਾ (ਐੱਮ.ਡੀ. ਅਮਰੀਕਾ)**

1. ਵੱਖ-ਵੱਖ ਕਿਸਮਾਂ ਦੇ ਭੋਜਨ ਖਾਓ, ਜਿਵੇਂ ਕਿ ਹਰੀਆਂ ਸਬਜ਼ੀਆਂ, ਫਲ, ਦੁੱਧ, ਦਹੀਂ, ਚਾਵਲ ਅਤੇ ਬਰਾਊਨ ਬ੍ਰੈੱਡ ਵਗੈਰਾ। ਜੇ ਤੁਸੀਂ ਮਾਸਾਹਾਰੀ ਹੋ ਤਾਂ ਆਂਡੇ ਅਤੇ ਮੀਟ ਖਾ ਸਕਦੇ ਹੋ।

2. ਮਿੱਠਾ ਘੱਟ ਲਓ। ਮਿੱਠੇ ਵਿਚ ਵਿਟਾਮਿਨ ਅਤੇ ਫ਼ਾਈਬਰ ਆਦਿ ਨਹੀਂ ਹੁੰਦੇ।

3. ਨਮਕ ਘੱਟ ਖਾਓ, ਕਿਉਂਕਿ ਨਮਕ ਨਾਲ ਬਲੱਡ ਪ੍ਰੈਸ਼ਰ ਵਧਦਾ ਹੈ ਅਤੇ ਸਰੀਰ ਵਿਚ ਪਾਣੀ ਜਮ੍ਹਾਂ ਹੁੰਦਾ ਹੈ।

4. ਜ਼ਿਆਦਾ ਪਾਣੀ ਪੀਓ।

5. ਘੱਟ ਚਰਬੀ ਵਾਲੇ ਖਾਣੇ ਖਾਓ, ਕਿਉਂਕਿ ਚਰਬੀ ਵਿਚ ਬਾਕੀ ਖਾਣਿਆਂ ਨਾਲੋਂ ਦੋ ਗੁਣਾ ਵੱਧ ਕੈਲਰੀਜ਼ ਹੁੰਦੀਆਂ ਹਨ ਅਤੇ ਇਸ ਨਾਲ ਭਾਰ ਵਧਦਾ ਹੈ।

6. ਸਿਹਤਮੰਦ ਭੋਜਨ ਦੇ ਨਾਲ ਕਸਰਤ ਵੀ ਕਰੋ।

7. ਸ਼ਰਾਬ ਨਾ ਪੀਓ, ਕਿਉਂਕਿ ਇਸ ਵਿਚ ਕੈਲਰੀਜ਼ ਜ਼ਿਆਦਾ ਅਤੇ ਹੋਰ ਸਿਹਤਮੰਦ ਤੱਤ ਘੱਟ ਹੁੰਦੇ ਹਨ।

8. ਖਾਣਾ ਘੱਟ ਮਿਕਦਾਰ ਵਿਚ ਅਤੇ ਦਿਨ ਵਿਚ ਕਈ ਵਾਰ ਖਾਣ ਨਾਲ, ਖਾਣਾ ਚੰਗੀ ਤਰ੍ਹਾਂ ਪਚ ਜਾਂਦਾ ਹੈ।

# ਪੂਰਨ ਭੋਜਨ ਹੈ ਦੁੱਧ

**-ਡਾ. ਰਾਮ ਸੇਵਕ ਵਰਮਾ**

ਮਨੁੱਖੀ ਸਰੀਰ ਲਈ ਦੁੱਧ ਇਕ ਇਸ ਤਰ੍ਹਾਂ ਦਾ ਮਹੱਤਵਪੂਰਨ ਭੋਜਨ ਪਦਾਰਥ ਹੈ ਜਿਸ ਵਿਚ ਸੰਤੁਲਿਤ ਭੋਜਨ ਵਾਲੇ ਸਾਰੇ ਗੁਣ ਪਾਏ ਜਾਂਦੇ ਹਨ। ਬੱਚੇ ਤੋਂ ਲੈ ਕੇ ਬਜ਼ੁਰਗ ਤੱਕ ਨੂੰ ਦੁੱਧ ਦੀ ਜ਼ਰੂਰਤ ਹੁੰਦੀ ਹੈ। ਉਂਝ ਤਾਂ ਦੁੱਧ ਪੂਰੀ ਧਰਤੀ 'ਤੇ ਵਸਣ ਵਾਲੇ ਮਨੁੱਖਾਂ ਦੀ ਜ਼ਰੂਰਤ ਹੈ ਪਰ ਭਾਰਤ ਵਿਚ ਇਸ ਦੀ ਮਹੱਤਤਾ ਕੁਝ ਜ਼ਿਆਦਾ ਹੀ ਹੈ ਕਿਉਂਕਿ ਇਥੇ ਦੀ ਜ਼ਿਆਦਾਤਰ ਆਬਾਦੀ ਸ਼ਾਕਾਹਾਰੀ ਹੁੰਦੀ ਹੈ।

ਦੁੱਧ ਮਨੁੱਖੀ ਸਰੀਰ ਨੂੰ ਅਪਾਰ ਸ਼ਕਤੀ ਅਤੇ ਗਰਮੀ ਪ੍ਰਦਾਨ ਕਰਦਾ ਹੈ ਅਤੇ ਪੂਰੇ ਪੌਸ਼ਟਿਕ ਤੱਤ ਇਸ ਵਿਚ ਮੌਜੂਦ ਰਹਿੰਦੇ ਹਨ। ਇਸ ਵਿਚ ਕੈਲਸ਼ੀਅਮ, ਪੋਟਾਸ਼ੀਅਮ ਅਤੇ ਫਾਸਫੋਰਸ ਦੇ ਲਵਣ ਮਿਲਦੇ ਹਨ ਜੋ ਹੱਡੀਆਂ ਨੂੰ ਸੁਡੌਲ ਕਰਨ ਵਿਚ ਕੰਮ ਆਉਂਦੇ ਹਨ। ਇਹ ਸਰੀਰ ਦੀ ਟੁੱਟ-ਭੱਜ ਦੀ ਪੂਰਤੀ ਕਰਦਾ ਹੈ ਅਤੇ ਸਰੀਰ ਦੀ ਰੋਗਾਂ ਤੋਂ ਸੁਰੱਖਿਆ ਕਰਦਾ ਹੈ। ਇਸ ਦੀ ਵਰਤੋਂ ਨਾਲ ਬੁੱਧੀ ਤੇਜ਼ ਹੁੰਦੀ ਹੈ ਅਤੇ ਸਰੀਰ ਵਿਚ ਫੁਰਤੀ ਕਾਇਮ ਰਹਿੰਦੀ ਹੈ।

ਦੁੱਧ ਬੱਚਿਆਂ ਦੇ ਸਰੀਰ ਦਾ ਛੇਤੀ ਵਾਧਾ ਕਰਦਾ ਹੈ ਅਤੇ ਰਿਸ਼ਟ-ਪੁਸ਼ਟ ਅਤੇ ਸਿਹਤਮੰਦ ਬਣਾਉਂਦਾ ਹੈ। ਇਹ ਇਕ ਇਸ ਤਰ੍ਹਾਂ ਦਾ ਤਰਲ ਅਤੇ ਛੇਤੀ ਹਜ਼ਮ ਹੋਣ ਵਾਲਾ ਭੋਜਨ ਹੈ, ਜਿਸ ਵਿਚ ਵਿਟਾਮਿਨ 'ਏ' ਤੇ 'ਡੀ' ਭਰਪੂਰ ਮਾਤਰਾ ਵਿਚ ਹੁੰਦਾ ਹੈ ਪਰ 'ਸੀ' ਦੀ ਮਾਤਰਾ ਘੱਟ ਹੁੰਦੀ ਹੈ। ਦੁੱਧ ਵਿਚ ਪਾਏ ਜਾਣ ਵਾਲੇ ਤੱਤਾਂ ਦਾ ਵੇਰਵਾ ਅੱਗੇ ਦਿਖਾਇਆ ਗਿਆ ਹੈ।

ਚਰਬੀ-3.8 ਫ਼ੀਸਦੀ, ਪ੍ਰੋਟੀਨ-3.5 ਫ਼ੀਸਦੀ, ਕਾਰਬੋਹਾਈਡ੍ਰੇਟ-4.8 ਫ਼ੀਸਦੀ, ਪਾਣੀ-87.25 ਫ਼ੀਸਦੀ, ਖਣਿਜ ਲੂਣ-0.65 ਫ਼ੀਸਦੀ ਤੇ ਕੈਲਸ਼ੀਅਮ, ਫਾਸਫੋਰਸ ਆਦਿ ਹਨ। ਠੀਕ ਇਸੇ ਤਰ੍ਹਾਂ ਵਿਟਾਮਿਨ 'ਏ' ਅਤੇ 'ਡੀ' ਜ਼ਿਆਦਾ ਮਾਤਰਾ ਵਿਚ ਪਰ 'ਸੀ' ਘੱਟ ਮਾਤਰਾ 'ਚ ਹੁੰਦਾ ਹੈ। -0-

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਜੰਮੂ ਦੇ ਗੁਰਦੁਆਰਾ ਗੁਰੂ ਸਿੰਘ ਸਭਾ ਫਿੰਦੜ ਆਰ.ਐਸ.ਪੁਰਾ ਵਿਖੇ ਲੱਗ ਰਹੀ ਬੱਚਿਆਂ ਦੀ ਧਾਰਮਿਕ ਕਲਾਸ



ਕੇਂਦਰ ਜੰਮੂ ਦੇ ਗੁਰਦੁਆਰਾ ਗੁਰੂ ਸਿੰਘ ਸਭਾ ਸਿੰਘਪੁਰਾ ਮੁਰਾਲੀਆਂ ਵਿਖੇ ਲੱਗ ਰਹੀ ਬੱਚਿਆਂ ਦੀ ਧਾਰਮਿਕ ਕਲਾਸ



ਕੇਂਦਰ ਜੰਮੂ ਦੇ ਗੁਰਦੁਆਰਾ ਸਾਹਿਬ ਮਮਕਾ ਵਿਖੇ ਲੱਗ ਰਹੀ ਬੱਚਿਆਂ ਦੀ ਧਾਰਮਿਕ ਕਲਾਸ



ਕੇਂਦਰ ਦੁਰਗ (ਛੱਤੀਸਗੜ੍ਹ) ਵਿਖੇ ਬੱਚੇ ਆਸਾ ਕੀ ਵਾਰ ਦਾ ਕੀਰਤਨ ਕਰਦੇ ਹੋਏ।



ਕੇਂਦਰ ਤਰਨਤਾਰਨ ਦੇ ਪਿੰਡ ਰੂੜੇਆਸਲ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਪਰਿੰਗੜੀ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਬੁਗਰਾ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਮਾਲੂਵਾਲ ਦੇ ਪਿੰਡ ਸੁਰਸਿੰਘ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ

RNI No.: PUNMUL/2019/78309 Postal Regd. No.: L-6/PB/LDC/805/2024-26 (31-12-2026) Postal Date: 5th of every month

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਤਰਨਤਾਰਨ ਦੇ ਪਿੰਡ ਸੁਹਾਵਾ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਅੱਪਰਾ ਵਲੋਂ ਪੰਜਾਬ ਅਕੈਡਮੀ (ਬੜਾ ਪਿੰਡ) ਵਿਖੇ ਗੁਰਮਤਿ ਕਲਾਸਾਂ ਦੀ ਆਰੰਭਤਾ ਕੀਤੀ ਗਈ।



ਕੇਂਦਰ ਚੱਕ ਕਲਾਂ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਚੱਕ ਕਲਾਂ ਦੇ ਪਿੰਡ ਹੇਰਾਂ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਚੱਕ ਕਲਾਂ ਦੇ ਪਿੰਡ ਭੰਡਾਲ ਹਿੰਮਤ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਸੈਂਟ ਜੋਨ ਅਕੈਡਮੀ ਪਿੰਡ ਸ਼ੰਕਰ (ਚੱਕ ਕਲਾਂ ਕੇਂਦਰ) ਵਿਖੇ ਲੱਗ ਰਹੀ ਗੁਰਮਤਿ ਕਲਾਸ



ਪਿੰਡ ਜੋਣੇਕੇ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਲਤਾਲਾ ਦੇ ਮਿਡਲ ਸਕੂਲ ਰਾਜਗੜ੍ਹ ਵਿਖੇ ਵਿਦਿਆਰਥੀਆਂ ਦੀ ਨੈਤਿਕ ਸਿੱਖਿਆ ਕਲਾਸ ਲਗਾਈ ਗਈ।